

ਉਸਤਤਿ ਕਰਿ ਕਰਿ ਜੀਵਾ



ਭਾਈ ਪਿੰਦਰਪਾਲ ਸਿੰਘ
'ਕਥਾ ਵਾਚਕ'
ਦੇ ਚੋਣਵੇਂ ਲੈਕਚਰ

੧ੴ ਸਤਿਗੁਰ ਪ੍ਰਸਾਦਿ ॥

ਉਸਤਤਿ ਕਰਿ ਕਰਿ ਜੀਵਣਾ

ਭਾਈ ਪਿੰਦਰਪਾਲ ਸਿੰਘ ਜੀ 'ਕਥਾਵਾਚਕ'

ਦੁਆਰਾ ਵੀਚਾਰ

ਸੰਪਾਦਕ-

ਭਾਈ ਪਰਮਜੀਤ ਸਿੰਘ ਖਾਲਸਾ

ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ (ਮਹਿਤਾ)

ਪ੍ਰਕਾਸ਼ਕ :-

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

ISBN . 81-7601-978-1

ਪਹਿਲੀ ਐਡੀਸ਼ਨ 2009

ਭੇਟਾ : 100-00

ਪ੍ਰਕਾਸ਼ਕ:-

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)
ਫੋਨ /ਫੈਕਸ : 91-183-2542346, 2547974, 2557973
E.Mail : csjssales@hotmail.com, csjsexports@vsnl.com
cjgroup77@yahoo.com
Web site: www.csjs.com

Printed in India

ਛਾਪਕ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਤਤਕਰਾ

☞ *ਗਿਆਨੀ ਜੀ ਦੀਆਂ ਛਪੀਆਂ ਹੋਰ ਪੁਸਤਕਾਂ :-*

1. ਦਰਸ਼ਨਾ ਦੀ ਜੁਗਤਿ
2. ਗੁਰਮੁਖਾ ਕੇ ਮੁਖ਼ ਉਜਲੇ
3. ਮਾਣਸੁ ਜਨਮੁ ਅਮੋਲੁ ਹੈ
4. ਬਾਬੀਹਾ ਅੰਮ੍ਰਿਤ ਵੇਲੈ ਬੋਲਿਆ
5. ਮਾਇਆ ਮੋਹੁ ਦੁਖੁ ਸਾਗਰੁ ਹੈ
6. ਸਤਿਗੁਰ ਕੀ ਸੇਵਾ ਊਤਮ ਹੈ
7. ਮਹਿਮਾ ਸਾਧੂ ਸੰਗ ਕੀ
8. ਗੁਰੁ ਪਰਮੇਸੁਰੁ ਪੂਜੀਐ
9. ਕੋਈ ਆਣਿ ਮਿਲਾਵੈ
10. ਬਿਨੁ ਸਬਦੈ ਮੁਕਤਿ ਨ ਹੋਈ
11. ਹਰਿ ਮੰਦਰੁ ਹਰਿ ਸਾਜਿਆ
12. ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ
13. ਜਿਥੇ ਬਾਬਾ ਪੈਰੁ ਧਰਿ
14. ਜਿਨ ਕਉ ਮਸਤਕਿ ਲਿਖਿਆ
15. ਨਦਰਿ ਕਰੇ ਸਚੁ ਪਾਈਐ
16. ਦੇਹੁ ਸਜਣ ਅਸੀਸੜੀਆ (ਕੀਰਤਨ ਸੋਹਿਲਾ)
17. ਗੁਨ ਗੋਬਿੰਦ ਗਾਇਓ ਨਹੀ
18 ਜੀਵਨ ਕਥਾ ਅਤੇ ਸ਼ਹਾਦਤ ਗੁਰੂ ਤੇਗ ਬਹਾਦਰ ਜੀ
19. ਗੁਰਮੁਖਿ ਲਾਹਾ ਲੈ ਗਏ

ਦੋ ਸ਼ਬਦ

ਭਾਈ ਪਿੰਦਰਪਾਲ ਸਿੰਘ ਜੀ ਇਕ ਉੱਚ ਕੋਟੀ ਦੇ ਵਿਦਵਾਨ ਅਤੇ ਕਥਾ ਵਾਚਕ ਹਨ। ਉਨ੍ਹਾਂ ਦੀ ਵਿਦਵਤਾ ਉਨ੍ਹਾਂ ਦੇ ਮੁਖ ਵਿਚ ਫੁੱਲਾਂ ਵਾਂਗ ਝੜਦੀ ਹੈ। ਜਦ ਉਹ ਬੋਲਦੇ ਹਨ ਤਾਂ ਉਨ੍ਹਾਂ ਦੀ ਬੋਲਣ ਗਤੀ ਕਦੀ ਵੀ ਧੀਮੀ ਨਹੀਂ ਹੁੰਦੀ। ਅਜਿਹੇ ਵਿਦਵਾਨ ਦੀ ਅਵਾਜ਼ ਨੂੰ ਸੁਣ ਕੇ ਕਲਮਬੰਦ ਕਰਨਾ ਕੋਈ ਮਾਮੂਲੀ ਕੰਮ ਨਹੀਂ ਸੀ। ਮੈਂ ਉਨ੍ਹਾਂ ਦੀਆਂ ਟੇਪਾਂ ਨੂੰ ਬਾਰ-ਬਾਰ ਸੁਣਿਆ ਹੈ ਅਤੇ ਤਸੱਲੀ ਹੋਣ ਉੱਪਰ ਹੀ ਕਲਮਬੰਦ ਕੀਤਾ ਹੈ। ਇਸ ਪੁਸਤਕ ਵਿਚ ਮੈਂ ਉਨ੍ਹਾਂ ਦੁਆਰਾ ਵੀਚਾਰ ਕੀਤਾ ਹੈ। ਉਨ੍ਹਾਂ ਦੀ ਪੁਸਤਕ ਦਾ ਨਾਮ ਹੈ *'ਉਸਤਤਿ ਕਰਿ ਕਰਿ ਜੀਵਾ'* ਵਿਦਵਾਨ ਲੇਖਕ ਨੇ ਇਹ ਸਮਝਾਇਆ ਹੈ। ਸਤਿਗੁਰੂ ਕਹਿੰਦੇ ਹਨ ਕਿ ਜਦੋਂ ਸ੍ਰਿਸ਼ਟੀ ਸਿਰਜੀ ਨਹੀਂ ਸੀ ਗਈ ਤੇ ਆਦਿ ਜੁਗਾਦਿ ਤੋਂ ਭਗਤ ਪੈਦਾ ਹੋਏ ਹਨ ਤੇ ਉਹ ਆਦਿ ਜੁਗਾਦਿ ਤੋਂ ਆਪਣੇ ਭਗਤਾਂ ਦਾ ਰਖਵਾਲਾ ਹੈ। ਸਾਹਿਬ ਕਹਿੰਦੇ ਹਨ ਕਿ ਮੈਂ ਆਪਣੇ ਬਾਬੁਲ ਦੀ ਉਸਤਤ ਕਰਦਾ ਹਾਂ। ਆਪਣੇ ਸਾਈਂ ਦੀ ਸਿਫ਼ਤ ਕਰਦਾ ਹਾਂ। ਇਸ ਪ੍ਰਕਾਰ ਹੀ ਉਨ੍ਹਾਂ ਦੇ ਹੋਰ ਲੇਖ ਜਿਨ੍ਹਾਂ ਨੂੰ ਮੈਂ ਕਲਮਬੰਦ ਕੀਤਾ ਹੈ, ਉਨ੍ਹਾਂ ਵਿਚ ਗੁਰਿ ਹਾਥੁ ਧਰਿਓ ਮੇਰੈ ਮਾਥਾ, ਮਨਮੁਖ ਤ੍ਰਿਸਨਾ ਭੁਖ ਨ ਜਾਇ, ਹਮ ਸਭਨਾ ਕੇ ਸਾਜਨ, ਸੋ ਜਨੁ ਹੋਵੈ ਪਰਵਾਣੁ, ਹਰਿ ਹਰਿ ਕਾਜੁ ਰਚਾਇਆ ਪੂਰੈ, ਸੰਤਾਂ ਸੰਗਿ ਉਧਾਰੁ, ਸਾਸਿ ਸਾਸਿ ਸੰਮਾਲਤਾ, ਆਪੇ ਗੁਰੁ ਚੇਲਾ ਹੈ ਆਪੇ, ਗੁਰ ਪਰਸਾਦੀ ਪਾਇਆ ਜਾਇ, ਬਿਨੁ ਗੁਰ ਬੂਝ ਨ ਪਾਉ ਆਦਿ ਹਨ।

ਮੈਂ ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਭਾਈ ਪਿੰਦਰਪਾਲ ਸਿੰਘ ਆਪਣੀ ਨਿਜੀ ਰਫਤਾਰ ਉੱਪਰ ਆਪਣਾ ਲੈਕਚਰ ਬੋਲਦੇ ਹਨ, ਇਸ ਲਈ ਉਨ੍ਹਾਂ ਦੀ ਆਵਾਜ਼ ਨੂੰ ਕਲਮਬੰਦ ਕਰਨ ਲਈ ਕਈ ਪ੍ਰਕਾਰ ਦੀਆਂ ਕਠਿਨਾਈਆਂ ਪੇਸ਼ ਆਉਂਦੀਆਂ ਹਨ। ਹੋ ਸਕਦਾ ਹੈ ਮੇਰੇ ਪਾਸੋਂ ਕਈ ਲਗਾਂ ਮਾਤਰਾਂ ਰਹਿ ਗਈਆਂ ਹੋਣ, ਅਜਿਹੀ ਮੇਰੀ ਕਮਜ਼ੋਰੀ ਨੂੰ ਪਾਠਕ ਜਨ ਆਪ ਸੁਧਾਰਨ ਦੀ ਕੋਸ਼ਿਸ਼ ਕਰਨ। ਮੇਰੇ ਇਸ ਖਰੜੇ ਨੂੰ ਵਿਦਵਾਨ ਕਥਾਕਾਰ ਭਾਈ ਪਿੰਦਰਪਾਲ ਸਿੰਘ ਜੀ ਨੇ ਆਪ ਵੀ ਪੜ੍ਹਿਆ ਹੈ। ਇਸ ਲਈ ਮੈਨੂੰ ਉਮੀਦ ਹੈ ਕਿ ਮੇਰੀਆਂ ਤੁਰੱਟੀਆਂ ਨੂੰ ਉਨ੍ਹਾਂ ਦੂਰ ਕਰ ਦਿੱਤਾ ਹੋਵੇਗਾ।

— ਭਾਈ ਪਰਮਜੀਤ ਸਿੰਘ ਖਾਲਸਾ

ਆਮੁਖ

ਭਾਈ ਪਰਮਜੀਤ ਸਿੰਘ ਖਾਲਸਾ ਨੇ ਮੇਰੇ ਕੁਝ ਲੈਕਚਰਾਂ ਨੂੰ ਟੇਪਾਂ ਤੋਂ ਕਲਮਬੰਦ ਕੀਤਾ ਹੈ, ਇਸ ਲਈ ਮੈਂ ਉਨ੍ਹਾਂ ਦਾ ਬਹੁਤ ਅਭਾਰੀ ਹਾਂ। ਇਕ ਟੇਪ ਤੋਂ ਲੈਕਚਰ ਜਿਉਂ ਦਾ ਤਿਉਂ ਲਿਖ ਲੈਣਾ ਕੋਈ ਸੌਖੀ ਗੱਲ ਨਹੀਂ ਹੈ, ਪਰ ਮੈਂ ਉਨ੍ਹਾਂ ਦੇ ਖਰੜੇ ਨੂੰ ਪੜ੍ਹ ਕੇ ਵੇਖਿਆ ਹੈ ਕਿ ਉਹ ਇਸ ਕਾਰਜ ਵਿਚ ਪੂਰੇ ਸਫਲ ਰਹੇ ਹਨ। ਇਸ ਵਿਚ ਸਭ ਤੋਂ ਵੱਡਾ ਤੱਥ ਇਹ ਹੈ ਕਿ ਭਾਈ ਪਰਮਜੀਤ ਸਿੰਘ ਖਾਲਸਾ ਆਪ ਵੀ ਗੁਰਬਾਣੀ ਦੇ ਰੰਗ ਵਿਚ ਰੰਗੇ ਹੋਏ ਹਨ। ਇਸ ਲਈ ਮੇਰੇ ਲੈਕਚਰਾਂ ਨੂੰ ਕਲਮਬੰਦ ਕਰਨ ਵਿਚ ਉਨ੍ਹਾਂ ਨੂੰ ਬਹੁਤੀ ਕਠਿਨਾਈ ਨਹੀਂ ਆਈ ਹੋਵੇਗੀ। ਮੈਂ ਉਨ੍ਹਾਂ ਦੇ ਖਰੜੇ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ ਤੇ ਉਸ ਵਿਚੋਂ ਬਹੁਤ ਘੱਟ ਗ਼ਲਤੀਆਂ ਮਿਲੀਆਂ ਹਨ। ਜਿਹੜਾ ਮਨੁੱਖ ਵੀ ਤਨੋਂ ਮਨੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜ ਜਾਂਦਾ ਹੈ, ਉਸ ਦੇ ਅੰਦਰ ਦੀ ਹਉਮੈ ਦੂਰ ਹੋ ਜਾਂਦੀ ਹੈ ਤੇ ਉਹ ਗੁਰਬਾਣੀ ਦੇ ਰੰਗ ਵਿਚ ਰੰਗਿਆ ਅਭੁੱਲ ਹੁੰਦਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਗੁਰਬਾਣੀ ਦੇ ਵਿਚ ਜਿੱਥੇ ਜਗਿਆਸੂ ਆਪਣੇ ਗੁਰੂ ਤੋਂ ਬਾਰ-ਬਾਰ ਕੁਰਬਾਨ ਜਾਂਦਾ ਹੈ, ਓਥੇ ਸਤਿਗੁਰੂ ਆਪਣੇ ਸਿੱਖ ਤੋਂ ਬਾਰ-ਬਾਰ ਬਲਿਹਾਰਨੇ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਹਜ਼ੂਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਕ ਅੰਮ੍ਰਿਤ ਬਚਨ ਹੈ ਕਿ ਆਮ ਤੌਰ ਤੇ ਅਸੀਂ ਰੂਹਾਨੀਅਤ ਦੇ ਮਾਰਗ ਤੇ ਚੱਲਣ ਵਾਲਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਮਤਿ ਵਿਚੋਂ ਚਾਰ-ਪੰਜ ਸ਼ਬਦਾਂ ਨਾਲ ਸੰਬੋਧਨ ਕਰਦੇ ਹਾਂ। ਕਿਸੇ ਲਈ ਇਹ ਸ਼ਬਦ ਵਰਤਦੇ ਹਾਂ ਕਿ ਇਹ ਮਹਾਨ ਸੰਤ ਹੈ। ਕਿਸੇ ਲਈ ਸ਼ਬਦ ਵਰਤਦੇ ਹਾਂ ਕਿ ਇਹ ਅਸਲ ਵਿਚ ਰੱਬ ਦਾ ਪਿਆਰਾ ਭਗਤ ਹੈ। ਕਿਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸ਼ਬਦ ਪੜ੍ਹਦੇ ਹਾਂ ਕਿ ਇਹ ਪੂਰਨ ਸਾਧ ਹੈ। ਕਿਸੇ ਲਈ ਪੜ੍ਹਦੇ ਹਾਂ ਕਿ ਇਹ ਤਾਂ ਗੁਰਮੁਖ ਹੈ। ਪੰਜਵਾਂ ਸ਼ਬਦ ਅਸੀਂ ਪੜ੍ਹਦੇ ਹਾਂ ਕਿ ਇਹ ਇਕ ਮਹਾਨ ਗੁਰੂ ਦਾ ਸਿੱਖ ਹੈ। ਭਾਈ ਪਰਮਜੀਤ ਸਿੰਘ ਖਾਲਸਾ ਜੀ ਜਿਨ੍ਹਾਂ ਨੇ ਏਨੀ ਲਗਨ ਅਤੇ ਪਿਆਰ ਨਾਲ ਮੇਰੇ ਲੈਕਚਰਾਂ ਨੂੰ ਕਲਮਬੰਦ ਕੀਤਾ ਹੈ, ਉਨ੍ਹਾਂ ਵਾਸਤੇ ਵੀ ਮੇਰਾ ਇਕੋ ਇਕ ਸ਼ਬਦ ਹੈ ਕਿ ਭਾਈ ਪਰਮਜੀਤ ਸਿੰਘ ਜੀ ਖਾਲਸਾ ਇਕ ਮਹਾਨ ਗੁਰੂ ਦਾ ਸਿੱਖ ਹੈ।

— ਭਾਈ ਪਿੰਦਰਪਾਲ ਸਿੰਘ

ਉਸਤਤਿ ਕਰਿ ਕਰਿ ਜੀਵਾ

ਸੂਹੀ ਮਹਲਾ ੫ ॥

ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ ॥
ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ ॥
ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ ॥
ਜਿਸੁ ਸਿਮਰਤ ਦੁਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ ॥
ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ ॥
ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ ॥ ੧ ॥
ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ ॥
ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ ॥
ਤੇਰੀ ਟੇਕ ਤੁਝੈ ਤੇ ਪਾਈ ਸਾਚੇ ਸਿਰਜਣਹਾਰਾ ॥
ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੂ ਹਮਾਰਾ ॥
ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਾਰੀ ॥
ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ ॥ ੨ ॥
ਸੰਮ੍ਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ ॥
ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ ॥
ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ ॥
ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ ॥
ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ ॥
ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ ॥ ੩ ॥
ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥
ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥
ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥

ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ॥
ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ॥ ੪॥ ੨॥

(ਅੰਗ ੭੭੭)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਅੱਜ ਦਾ ਹੁਕਮਨਾਮਾ ਧੰਨ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਪਵਿੱਤਰ ਰਸਨਾ ਤੋਂ ਉਚਾਰਨ ਕੀਤਾ ਹੋਇਆ ਹੈ। ਅੱਜ ਦੇ ਇਸ ਮੁਬਾਰਕ ਬਚਨ ਨੂੰ ਪ੍ਰਾਰੰਭ ਕਰਦਿਆਂ ਉਸ ਪ੍ਰਮਾਤਮਾ ਤੋਂ ਪਹਿਲਾਂ ਕੁਰਬਾਨ ਜਾ ਰਹੇ ਹਨ ਤੇ ਫਿਰ ਬਚਨ ਕੀਤਾ –

ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ॥

ਹੇ ਸੋਹਣੇ ਰਾਮ ਜੀ ! ਸਰਵ-ਵਿਆਪਕ ਪ੍ਰਮਾਤਮਾ ! ਮੈਂ ਆਪ ਜੀ ਤੋਂ ਕੁਰਬਾਨ ਜਾਂਦਾ ਹਾਂ। ਪ੍ਰਮਾਤਮਾ ਦੇ ਚਰਣ ਕਮਲ ਫੁੱਲ ਦੀ ਤਰ੍ਹਾਂ ਹਨ। ਪ੍ਰਭੂ ਦੇ ਚਰਣ ਕਮਲਾਂ ਦਾ ਸਹਾਰਾ ਸਮਰੱਥ ਸਤਿਗੁਰੂ ਨੇ ਤਰੁੱਠ ਕੇ ਮੈਨੂੰ ਬਖ਼ਸ਼ ਦਿੱਤਾ ਹੈ

ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ॥

ਜਿਸ ਪ੍ਰਮਾਤਮਾ ਦੇ ਚਰਨ ਕਮਲਾਂ ਦਾ ਓਟ ਆਸਰਾ ਸਮਰੱਥ ਗੁਰੂ ਜੀ ਨੇ ਤਰੁੱਠ ਕੇ ਬਖ਼ਸ਼ ਦਿੱਤਾ, ਉਸ ਪ੍ਰਮਾਤਮਾ ਦੇ ਘਰ ਵਿਚ ਕੀ ਕੁਝ ਹੈ ? ਹਜ਼ੂਰ ਨੇ ਬਚਨ ਕੀਤਾ, ਨਾਮ ਅੰਮ੍ਰਿਤ ਦੇ ਭੰਡਾਰੇ ਭਰੇ ਪਏ ਹਨ ਤੇ ਕੋਈ ਵਸਤੂ ਅਜਿਹੀ ਨਹੀਂ ਕਿ ਜਿਹੜੀ ਅਸੀਂ ਕਹੀਏ ਕਿ ਪ੍ਰਮਾਤਮਾ ਦੇ ਘਰ ਵਿਚ ਹੈ ਨਹੀਂ। ਹਰ ਚੀਜ਼ ਉਸ ਸਮਰੱਥ ਪ੍ਰਮਾਤਮਾ ਦੇ ਘਰ ਵਿਚ ਮੌਜੂਦ ਹੈ। ਪਹਿਲਾ ਸ਼ਬਦ ਹੈ ਚਰਨ ਕਮਲ। ਜੇ ਅੱਖਰੀ ਅਰਥ ਆਪਾਂ ਕਰਾਂਗੇ ਤਾਂ ਅੱਖਰੀ ਅਰਥ ਇਹੀ ਹੈ ਕਿ ਜਿਸ ਦੇ ਚਰਨ ਕਮਲ ਵਰਗੇ ਹਨ। ਕਮਲ ਉਹ ਫੁੱਲ ਹੈ, ਜੋ ਚਿੱਕੜ ਵਿਚ ਪੈਦਾ ਹੁੰਦਾ ਹੈ, ਪਰ ਚਿੱਕੜ ਤੋਂ ਨਿਰਲੇਪ ਹੈ। ਰਹਿੰਦਾ ਜ਼ਮੀਨ 'ਤੇ ਹੈ, ਪਰ ਸਾਂਝ ਆਪਣੀ ਆਕਾਸ਼ ਵਿਚ ਚਮਕਦੇ ਹੋਏ ਸੂਰਜ ਨਾਲ ਬਣਾਉਂਦਾ ਹੈ। ਪ੍ਰਮਾਤਮਾ ਦੇ ਜੋ ਚਰਨ ਹਨ, ਉਹ ਕਮਲ ਫੁੱਲ ਦੀ ਤਰ੍ਹਾਂ ਸੁਗੰਧੀ ਦੇਣ ਵਾਲੇ ਹਨ। ਖੇੜਾ ਦੇਣ ਵਾਲੇ ਹਨ। ਹੁਣ ਸਵਾਲ ਉੱਠਦਾ ਹੈ ਕਿ ਜਿਥੇ ਸ਼ਬਦ ਚਰਨ ਆਉਂਦਾ ਹੈ ਤਾਂ ਮਨ ਵਿਚ ਆਏਗਾ ਕਿ ਕੀ ਇਹੋ ਜਿਹੇ ਚਰਨ, ਜਿਹੋ ਜਿਹੇ ਆਪਾਂ ਆਪਣੇ ਪੈਰ ਲੈ ਕੇ ਤੁਰਦੇ ਹਾਂ ? ਹਜ਼ੂਰ ਨੇ ਬਾਣੀ ਵਿਚ ਚਰਨ ਕਮਲਾਂ ਦੀ ਵਿਆਖਿਆ ਵੀ ਕੀਤੀ ਹੈ। ਇਕ ਬਚਨ ਆਉਂਦਾ ਹੈ –

ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥

(ਅੰਗ ੬੮੦)

ਗੁਰੂ ਦਾ ਸ਼ਬਦ, ਪ੍ਰਮਾਤਮਾ ਦਾ ਨਾਮ ਉਸ ਦੇ ਚਰਨ ਕਮਲ ਹਨ ਤੇ ਸਮਰੱਥ ਸਤਿਗੁਰੂ ਤਰੁੱਠ ਪਏ। ਉਹਨਾਂ ਨੇ ਕ੍ਰਿਪਾ ਕਰਕੇ ਪ੍ਰਮਾਤਮਾ ਦੇ ਚਰਨ ਕਮਲਾਂ ਦੀ ਟੇਕ ਦੇ ਦਿੱਤੀ। ਹਰ ਬੰਦਾ ਕਿਸੇ ਨਾ ਕਿਸੇ ਦੇ ਸਹਾਰੇ 'ਤੇ ਜੀਉਂਦਾ ਹੈ। ਜੇ ਆਪਾਂ ਇਨਸਾਨ ਨੂੰ ਨੇੜੇ ਹੋ ਕੇ ਦੇਖੀਏ ਤਾਂ ਉਹ ਭਾਵੇਂ ਜ਼ਬਾਨ ਤੋਂ ਕਹੇ ਕਿ ਮੈਂ ਕਿਸੇ ਦੇ ਸਹਾਰੇ ਨਹੀਂ ਹਾਂ, ਪਰ ਉਸ ਦਾ ਅੰਦਰ ਦਾ ਮਨ ਫਿਰ ਵੀ ਕਿਸੇ ਨਾ ਕਿਸੇ ਦੇ ਸਹਾਰੇ ਨੂੰ ਕਬੂਲੀ ਫਿਰਦਾ ਹੈ। ਭਾਵ ਉਸ ਦੀ ਮਦਦ ਨਹੀਂ ਲੈ ਰਿਹਾ, ਪਰ ਮਨ ਵਿਚ ਖ਼ਿਆਲ ਜ਼ਰੂਰ ਹੈ ਕਿ ਜੇ ਕਿਤੇ ਮੁਸੀਬਤ ਆ ਪਈ ਤਾਂ ਆਖ਼ਿਰ ਮੇਰੇ ਕੋਲ ਇੰਨਾ ਵੱਡਾ ਬੰਦਾ ਹੈ, ਕੱਲ ਨੂੰ ਮੈਂ ਇਸ ਕੋਲੋਂ ਮਦਦ ਲੈ ਸਕਦਾ ਹਾਂ। ਭਾਵੇਂ ਮਦਦ ਨਾ ਲਈਏ, ਪਰ ਮਦਦ ਲੈਣ ਦੇ ਸੁਪਨੇ ਲੈਣੇ ਵੀ ਉਸ ਦੀ ਟੇਕ ਲੈਣੀ ਹੈ।

ਦੇਖੋ, ਟੇਕ ਅਸੀਂ ਕਿੱਥੋਂ ਸ਼ੁਰੂ ਕਰਦੇ ਹਾਂ ? ਇਨਸਾਨ ਦਾ ਜਨਮ ਹੁੰਦਾ ਹੈ ਤੇ ਇਹ ਬੇਸਹਾਰਾ ਹੈ। ਉਸ ਵੇਲੇ ਇਹ ਆਪਣੇ ਮਾਂ-ਬਾਪ ਦੀ ਟੇਕ ਦੇ ਸਹਾਰੇ ਜੀਉਂਦਾ ਹੈ, ਕਿਉਂਕਿ ਮਾਂ ਤੋਂ ਬਿਨਾਂ ਇਸ ਨੂੰ ਆਪਣੇ ਸਰੀਰ ਦੀ ਸੁੱਧ-ਬੁੱਧ ਨਹੀਂ। ਇਸ ਨੂੰ ਕੋਈ ਪਤਾ ਨਹੀਂ ਮੱਲ-ਮੂਤਰ ਦਾ। ਇਸ ਨੂੰ ਕੋਈ ਪਤਾ ਨਹੀਂ ਠੰਡੇ-ਤੱਤੇ ਦਾ। ਉਸ ਵੇਲੇ ਮਾਂ ਇਸ ਬੱਚੇ ਦੀ ਟੇਕ ਬਣਦੀ ਹੈ। ਇਸ ਨੂੰ ਖਵਾਉਂਦੀ-ਪਿਲਾਉਂਦੀ ਹੈ। ਉਸ ਤੋਂ ਬਾਅਦ ਜਦੋਂ ਮਨੁੱਖ ਥੋੜ੍ਹੀ ਜਿਹੀ ਤਰੱਕੀ ਕਰਦਾ ਹੈ ਤਾਂ ਫਿਰ ਸੰਸਾਰ ਦੇ ਮਿੱਤਰਾਂ-ਸੱਜਣਾਂ ਦੀ ਟੇਕ 'ਤੇ ਜੀਉਂਦਾ ਹੈ। ਇਹੀ ਕਾਰਨ ਹੈ ਕਿ ਬੰਦਾ ਜਦੋਂ ਸਰੀਰਕ ਤੌਰ 'ਤੇ ਵਿਕਾਸ ਕਰਦਾ ਹੈ ਤਾਂ ਆਪਣੇ ਦਾਇਰੇ ਨੂੰ ਖੁੱਲ੍ਹਾ ਕਰਦਾ ਹੈ। ਯਤਨ ਕਰਦਾ ਹੈ ਕਿ ਮੈਂ ਵੱਧ ਤੋਂ ਵੱਧ ਲੋਕਾਂ ਨੂੰ ਮਿਲਾਂ, ਆਪਣੀ ਜਾਣਕਾਰੀ ਦੇਵਾਂ ਤੇ ਉਸ ਦਾ ਮਤਲਬ ਹੀ ਇਹ ਹੁੰਦਾ ਹੈ ਕਿ ਹੋ ਸਕਦਾ ਹੈ, ਇਸ ਭੀੜ ਵਿਚ ਕਿਸੇ ਤਾਕਤਵਰ ਬੰਦੇ ਦਾ ਵੀ ਮੇਰੇ ਨਾਲ ਸੰਬੰਧ ਬਣ ਜਾਏ ਤੇ ਕੱਲ ਨੂੰ ਲੋੜ ਪਵੇ ਤਾਂ ਮੈਂ ਉਸ ਦਾ ਸਹਾਰਾ ਲੈ ਸਕਾਂ।

ਸਿਆਸੀ ਬੰਦੇ ਨੂੰ, ਰਾਜਸੀ ਬੰਦੇ ਨੂੰ ਭੀੜ ਖੋਜਣੀ ਪੈਂਦੀ ਹੈ ਤੇ ਤੁਸੀਂ ਕਦੀ ਵੀ ਦੇਖਿਉ, ਜਿਥੇ ਭੀੜ ਇਕੱਠੀ ਹੋਵੇਗੀ, ਰਾਜਨੀਤਿਕ ਬੰਦਾ ਉਸ ਭੀੜ ਨੂੰ ਪ੍ਰਭਾਵਿਤ ਕਰਨ ਦਾ ਪੂਰਾ ਯਤਨ ਕਰੇਗਾ, ਕਿਉਂਕਿ ਉਸ ਦੇ ਲਈ ਭੀੜ ਇਕ ਬੜੀ ਵੱਡੀ ਤਾਕਤ ਹੈ। ਕਿਸੇ ਦੀ ਮੌਤ ਹੋ ਜਾਏ, ਹੋ ਸਕਦਾ ਹੈ ਉਸ ਦੀ ਹਮਦਰਦੀ ਮਰਨ ਵਾਲੇ ਨਾਲ ਤੇ ਜਿਹੜਾ ਪਿੱਛੇ ਪਰਿਵਾਰ ਹੈ, ਉਸ ਦੇ ਨਾਲ ਇੰਨੀ ਨਾ ਹੋਵੇ, ਪਰ ਉਸ ਦੇ ਅੰਦਰ ਇਕੋ ਹੀ ਖ਼ਿਆਲ ਹੁੰਦਾ ਹੈ ਕਿ ਅੱਜ ਇੰਨਾ ਵੱਡਾ ਇਕੱਠ ਮਿਲ ਗਿਆ ਹੈ। ਕਿਤੇ ਦੋ ਮਿੰਟ ਬੋਲਣ ਦੇ ਮਿਲ ਜਾਣ ਤਾਂ ਲੋਕਾਂ ਨਾਲ ਮੇਰੀ ਸਾਂਝ ਬਣ ਜਾਏ। ਉਸ ਨੂੰ ਦੁੱਖ ਵਿਚ ਭੀੜ ਮਿਲ ਜਾਏ, ਉਸ ਨੂੰ ਸੁੱਖ ਵਿਚ ਭੀੜ ਮਿਲ ਜਾਏ, ਉਸ ਨੂੰ ਕਿਤੇ ਖ਼ੁਸ਼ੀ ਵਿਚ ਭੀੜ ਮਿਲ ਜਾਏ, ਉਸ ਨੂੰ ਕਿਤੇ ਗ਼ਮੀ ਵਿਚ ਭੀੜ ਮਿਲ ਜਾਏ, ਰਾਜਨੀਤਿਕ ਬੰਦਾ ਭੀੜ ਦੀ ਖੋਜ ਵਿਚ ਹੁੰਦਾ ਹੈ। ਉਹ ਬੰਦੇ ਇਕੱਠੇ ਕਰਨ ਦੀ ਵਾਹ ਲਾਉਂਦਾ ਹੈ, ਪਰ ਧਰਮ ਕਮਾਉਣ ਵਾਲੇ ਨੂੰ ਭੀੜ ਦੀ ਲੋੜ ਨਹੀਂ, ਉਸ ਨੂੰ ਭੀੜ ਖ਼ੁਦ ਖੋਜਦੀ ਹੈ। ਬੰਦਾ ਜਦੋਂ ਥੋੜ੍ਹਾ ਜਿਹਾ ਵਿਕਾਸ ਕਰਦਾ ਹੈ ਤਾਂ ਮਿੱਤਰਾਂ-ਦੋਸਤਾਂ

ਦੀ ਟੇਕ 'ਤੇ ਜੀਊਂਦਾ ਹੈ ਤੇ ਜਦੋਂ ਬੁਢੇਪਾ ਆ ਜਾਂਦਾ ਹੈ ਤਾਂ ਉਹ ਪੁੱਤਰਾਂ-ਪੋਤਿਆਂ ਦਾ ਮੁਥਾਜ ਬਣ ਜਾਂਦਾ ਹੈ। ਬਚਪਨ ਵਿਚ ਕੋਈ ਮੰਜੇ ਤੋਂ ਉਠਾਉਂਦਾ ਹੈ ਤਾਂ ਬੱਚੇ ਨੇ ਉੱਠਣਾ ਹੈ ਤੇ ਜਦੋਂ ਬੁਢੇਪੇ ਵਿਚ ਬੇਬਸ ਹੋ ਜਾਏ, ਕਿਸੇ ਪੁੱਤ-ਪੋਤੇ ਦੇ ਮਨ ਵਿਚ ਤਰਸ ਆ ਜਾਏ ਤਾਂ ਮੰਜੀ ਤੋਂ ਉਠਾ ਕੇ ਲੈ ਜਾਏ, ਕਿਉਂਕਿ ਉਹ ਮੁਥਾਜ ਹੈ। ਹਜ਼ੂਰ ਕਹਿੰਦੇ ਹਨ ਕਿ ਲੋਕ ਕੇਸੇ ਨਾ ਕਿਸੇ ਦੇ ਸਹਾਰੇ 'ਤੇ ਜੀਊਂਦੇ ਹਨ।

ਗੁਰੂ ਰਾਮਦਾਸ ਜੀ ਨੇ ਆਪਣੀ ਰਸਨਾ ਤੋਂ ਇਕ ਅਮੋਲਕ ਬਚਨ ਵਿਚ ਜਿਨ੍ਹਾਂ ਦੀ ਆਪਾਂ ਟੇਕ ਲਈ ਬੈਠੇ ਹਾਂ, ਉਹਨਾਂ ਦੀ ਟੇਕ ਤੋਂ ਵੀ ਸਾਡਾ ਖਹਿੜਾ ਛੁਡਾ ਕੇ ਕੇਵਲ ਪ੍ਰਮਾਤਮਾ ਦੇ ਚਰਨ ਕਮਲਾਂ ਦੀ ਟੇਕ ਨਾਲ ਜੋੜਿਆ। ਸਤਿਗੁਰੂ ਕਹਿੰਦੇ ਹਨ ਕਿ ਕਦੀ ਸਮਾਜ ਵਿਚ ਵਿਚਰ ਕੇ ਦੇਖੋ, ਲੋਕ ਗੱਲਾਂ ਕਰਦੇ ਹਨ ਕਿ ਜਿਸ ਬੰਦੇ ਦਾ ਸਹਾਰਾ ਵੱਧ ਹੋਵੇ, ਅਕਸਰ ਇਨਸਾਨ ਗੱਲਾਂ-ਗੱਲਾਂ ਵਿਚ ਉਸ ਦੀ ਗੱਲ ਜ਼ਰੂਰ ਕਰ ਜਾਂਦਾ ਹੈ। ਹਜ਼ੂਰ ਕਹਿੰਦੇ ਹਨ ਕਿ ਕਿਸੇ ਨੇ ਆਪਣੀ ਕੁੱਖ ਤੋਂ ਪੈਦਾ ਹੋਏ ਪੁੱਤਰ ਦੀ ਤਰੱਕੀ, ਉਸ ਦੇ ਧਨ ਨੂੰ, ਉਸ ਦੇ ਪਸਾਰੇ ਨੂੰ ਦੇਖ ਕੇ ਸਹਾਰਾ ਲੈ ਲਿਆ ਕਿ ਆਖ਼ਿਰ ਮੇਰੇ ਪੁੱਤਰ ਦੀ ਇੰਨੀ ਚੱਲਦੀ ਹੈ। ਇਕ ਮਾਂ-ਬਾਪ ਆਪਣੇ ਪੁੱਤਰ ਦੀ ਟੇਕ 'ਤੇ ਜੀਊਂਦੇ ਹਨ। ਜਿਹੜੀ ਟੇਕ ਪ੍ਰਮਾਤਮਾ ਦੀ ਲੈਣੀ ਸੀ, ਉਹ ਦਿੱਤੀ ਹੋਈ ਦਾਤ ਦੀ ਲੈ ਲਈ, ਪਰ ਇਸ ਦਾ ਭਾਵ ਇਹ ਨਹੀਂ ਕਿ ਅਸੀਂ ਸੰਸਾਰ ਵਿਚ ਵਿਚਰਦਿਆਂ ਇਹਨਾਂ ਰਿਸ਼ਤਿਆਂ ਤੋਂ ਨਫ਼ਰਤ ਕਰਨੀ ਹੈ। ਨਫ਼ਰਤ ਨਹੀਂ, ਬਸ ਇਕ ਗੱਲ ਸਮਝੀਏ ਕਿ ਪੂਰਬਲੇ ਸੰਯੋਗ ਕਰਕੇ ਮਿਲੇ ਹਨ, ਪਰ ਟੇਕ ਤਾਂ ਕੇਵਲ ਪ੍ਰਮਾਤਮਾ ਦੀ ਹੀ ਅਸੀਂ ਲੈਣੀ ਹੈ।

ਪਿਤਾ ਧੀ ਨੂੰ ਪਾਲਦਾ ਹੈ, ਪ੍ਰਵਰਿਸ਼ ਕਰਦਾ ਹੈ ਤੇ ਜਦੋਂ ਚੰਗਾ ਵਰ ਲੱਭ ਜਾਏ ਤਾਂ ਉਹ ਆਪਣੇ ਦਾਮਾਦ ਦੀ, ਆਪਣੇ ਕੁੜਮਾਂ ਦੀ ਤਾਕਤ ਨੂੰ ਦੇਖ ਕੇ ਫੁਲਿਆ ਨਹੀਂ ਸਮਾਉਂਦਾ। ਇਹ ਸਾਡੇ ਸਮਾਜ ਦਾ ਚਿਹਰਾ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਉਹ ਆਪਣੇ ਦਾਮਾਦ ਦੀ ਤਾਕਤ ਦੀ ਗੱਲ ਕਰੇਗਾ। ਆਪਣੇ ਕੁੜਮਾਂ ਦੀ ਸ਼ਕਤੀ ਦੀ ਗੱਲ ਕਰੇਗਾ। ਉਸ ਤੋਂ ਅੱਗੇ ਜਿਸ ਕਿਸੇ ਪਾਰਟੀ ਨਾਲ ਉਸ ਦਾ ਸਬੰਧ ਬਣ ਜਾਏ, ਉਸ ਨਾਲ ਉਸ ਦਾ ਰਿਸ਼ਤਾ ਕਾਇਮ ਹੋ ਜਾਏ, ਫਿਰ ਉਹ ਸੋਚਦਾ ਹੈ ਕਿ ਇਸ ਪਿੰਡ ਦਾ ਚੌਧਰੀ ਉਸ ਦੇ ਨਾਲ ਸਾਡੀ ਸਿੱਧੀ ਗੱਲ ਹੈ। ਪਿਆਰਿਆ ! ਇਕ ਬੇਨਤੀ ਕਰਾਂ, ਤੂੰ ਸੰਸਾਰ ਵਿਚ ਵਿਚਰ, ਤੇਰੀ ਸਿੱਧੀ ਗੱਲ ਹਰ ਤਾਕਤ ਵਾਲੇ ਨਾਲ ਹੋਵੇ, ਪਰ ਇਕ ਗੱਲ ਭੁੱਲੀਂ ਨਾ ਕਿ ਅਸਲ ਵਿਚ ਜਿੰਨੀ ਦੇਰ ਤੱਕ ਪ੍ਰਮਾਤਮਾ ਨਾਲ ਸਿੱਧੀ ਗੱਲ ਨਹੀਂ, ਉੱਨੀ ਦੇਰ ਤੱਕ ਦੁਨੀਆਂ ਦੇ ਤਾਕਤ ਵਾਲੇ ਤੇਰਾ ਕੁਝ ਨਹੀਂ ਸਵਾਰ ਸਕਦੇ। ਹਜ਼ੂਰ ਨੇ ਬਾਣੀ ਵਿਚ ਕ੍ਰਿਪਾ ਕੀਤੀ ਤੇ ਕਹਿਣ ਲੱਗੇ, ਪ੍ਰਮਾਤਮਾ ! ਮੈਂ ਪੁੱਤਰਾਂ ਦੀ ਪ੍ਰਵਰਿਸ਼ ਕਰਦਾ ਹਾਂ, ਪਰ ਪੁੱਤਰਾਂ ਦੀ ਟੇਕ ਨਹੀਂ ਲਵਾਂਗਾ। ਮੈਂ ਸੰਸਾਰ ਵਿਚ ਵਿਚਰਾਂਗਾ, ਪਰ ਮਾਲਕਾ ! ਮੈਂ ਟੇਕ ਤੇਰੇ ਚਰਨਾਂ ਦੀ ਲਵਾਂਗਾ। ਇਥੇ ਹਜ਼ੂਰ ਨੇ ਉਸ ਟੇਕ ਦੇ ਸਬੰਧ 'ਚ ਆਪਣੀ ਰਸਨਾ ਤੋਂ ਇਹ ਬਚਨ ਕਿਹਾ -

~~~~~~~~~~~~~~~~~~~~~~~~~~~~~~
~~~~~~~~~~~~~~~~~~~~~~~~~~~~~~

ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥
ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥
ਹਮਾਰਾ ਧੜਾ ਹਰਿ ਰਹਿਆ ਸਮਾਈ॥ ੧ ॥
ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸੰਖ ਅਨੇਕ॥ ੧ ॥ ਰਹਾਉ॥

(ਅੰਗ ੩੬੬)

ਮੇਰਾ ਪ੍ਰਮਾਤਮਾ ਤੋਂ ਬਿਨਾਂ ਕੋਈ ਧੜਾ, ਕੋਈ ਸਹਾਰਾ, ਕੋਈ ਟੇਕ ਨਹੀਂ। ਮੈਂ ਦਿਨ ਰਾਤ ਉਸ ਦੇ ਗੀਤ ਗਾਉਂਦਾ ਹਾਂ, ਜਿਸ ਪ੍ਰਮਾਤਮਾ ਨੇ ਮੈਨੂੰ ਆਪਣੇ ਚਰਨਾਂ ਦੀ ਟੇਕ ਦਿੱਤੀ ਹੈ। ਪਿਆਰਿਉ ! ਦੁਨੀਆਂ ਦੀ ਟੇਕ ਓਨੀ ਦੇਰ ਤੱਕ ਨਹੀਂ ਜਾਂਦੀ, ਜਿੰਨੀ ਦੇਰ ਤੱਕ ਠੋਕਰ ਨਾ ਵੱਜੇ। ਜਿੰਨੀ ਦੇਰ ਤੱਕ ਲੋਕ ਸਾਨੂੰ ਸ਼ਾਬਾਸ਼ ਦਿੰਦੇ ਹਨ, ਸਾਡਾ ਸਾਥ ਦਿੰਦੇ ਹਨ ਤੇ ਅਸੀਂ ਸੋਚਦੇ ਹਾਂ ਕਿ ਇੰਨੀ ਵੱਡੀ ਤਾਕਤ ਮੇਰੇ ਸੱਜੇ ਖੱਬੇ ਹੈ, ਪਰ ਇਕ ਦਿਨ ਉਹੀ ਲੋਕ ਸਾਨੂੰ ਠੋਕਰ ਮਾਰਦੇ ਹਨ। ਉਦੋਂ ਫਿਰ ਬੰਦਾ ਕਹਿੰਦਾ ਹੈ, ਵਾਹ ਪ੍ਰਮਾਤਮਾ ! ਜਿਨ੍ਹਾਂ 'ਤੇ ਭਰੋਸਾ ਕਰਕੇ ਮੈਂ ਬੈਠਾ ਹਾਂ, ਉਹਨਾਂ ਵਿਚੋਂ ਕੋਈ ਮੇਰਾ ਨਹੀਂ। ਦੁਨੀਆਂ ਦੀ ਠੋਕਰ ਹੀ ਸਿਖਾਉਂਦੀ ਹੈ ਕਿ ਪ੍ਰਮਾਤਮਾ ਤੋਂ ਵੱਡੀ ਟੇਕ ਹੋਰ ਕਿਸੇ ਦੀ ਨਹੀਂ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਸਤਿਗੁਰੂ ਨੇ ਇਕ ਅਮੋਲਕ ਬਚਨ ਕਿਹਾ। ਕਹਿਣ ਲੱਗੇ –

ਗੋਸਾਈ ਮਿਹੰਡਾ ਇਠੜਾ॥

ਕਹਿੰਦੇ ਨੇ ਮੇਰਾ ਸਾਂਈ ਬੜਾ ਪਿਆਰਾ ਹੈ। ਮਹਾਰਾਜ ਕਿੰਨਾ-ਕੁ ਪਿਆਰਾ ਹੈ ? ਕਹਿਣ ਲੱਗੇ –

ਅੰਮ ਅਬੇ ਥਾਵਹੁ ਮਿਠੜਾ॥

(ਅੰਗ ੭੩)

ਅੰਮ ਦਾ ਅਰਥ ਹੈ ਅੰਮਾ ਤੇ ਅਬੇ ਦਾ ਅਰਥ ਹੈ ਬਾਪੂ। ਕਹਿਣ ਲੱਗੇ, ਮੇਰਾ ਸਾਈਂ ਇੰਨਾ ਪਿਆਰਾ ਹੈ ਕਿ ਜਿਥੇ ਮੇਰੇ ਮਾਂ-ਬਾਪ ਵੀ ਖਲੋ ਨਹੀਂ ਸਕੇ, ਉਥੇ ਮੇਰੇ ਸਾਈਂ ਨੇ ਖਲੋ ਕੇ, ਰਹਿਮਤ ਕਰਕੇ ਮਦਦ ਕੀਤੀ ਹੈ। ਸੰਸਾਰ ਦੇ ਅੰਦਰ ਕਿਸੇ ਦੀ ਵੀ ਟੇਕ ਲਵਾਂਗੇ ਪਿਆਰਿਉ ! ਉਸ ਦਿਨ ਟੇਕ ਜੀਊਂਦੇ ਜੀਅ ਛੱਡ ਜਾਏਗੀ, ਪਰ ਪ੍ਰਮਾਤਮਾ ਦੇ ਚਰਨ ਕਮਲਾਂ ਦੀ ਟੇਕ ਸਰੀਰ ਛੱਡ ਜਾਏਗਾ, ਪਰ ਚਰਨ ਕਮਲ ਨਹੀਂ ਛੱਡਣਗੇ। ਦੁਨੀਆਂ ਦੇ ਬੰਦੇ, ਤਨ ਦੇ ਹੁੰਦਿਆਂ ਜਿਨ੍ਹਾਂ ਦੀ ਟੇਕ ਲਈ ਹੈ, ਉਹ ਛੱਡ ਗਏ ਹਨ, ਪਰ ਗੁਰਸਿੱਖੋ !

ਜਿਸ ਦਿਨ ਆਪਣਾ ਤਨ ਛੱਡ ਜਾਏਗਾ, ਪ੍ਰਮਾਤਮਾ ਦੇ ਚਰਨ ਕਮਲ ਫਿਰ ਵੀ ਸਾਡਾ ਸਾਥ ਨਹੀਂ ਛੱਡਣਗੇ। ਇਹੀ ਕਾਰਨ ਹੈ ਕਿ ਜਦੋਂ ਇਨਸਾਨ ਸੰਸਾਰ ਤੋਂ ਕੂਚ ਕਰਦਾ ਹੈ ਤਾਂ ਅਸੀਂ ਉਸਦੇ ਚਲਾਣੇ ਤੋਂ ਬਾਅਦ ਅਰਦਾਸ ਕਰਦੇ ਹਾਂ ਤੇ ਅਰਦਾਸ ਦੇ ਸ਼ਬਦ ਇਹ ਹੁੰਦੇ ਹਨ ਕਿ ਹੇ ਪਰਮ ਪਿਤਾ ਪ੍ਰਮਾਤਮਾ ਸਤਿਗੁਰੂ ਜੀ ! ਇਸ ਵਿਛੜੀ ਹੋਈ ਆਤਮਾ ਨੂੰ ਆਪਣੇ ਚਰਨ ਕਮਲਾਂ ਵਿਚ ਥਾਂ ਦੇਣਾ। ਇਸ ਦਾ ਮਤਲਬ ਹੈ ਕਿ ਜਿਸ ਜਿਸਮ ਨੂੰ ਸਾਰੀ ਜ਼ਿੰਦਗੀ ਬੰਦੇ ਨੇ ਪਾਲਿਆ ਪੋਸਿਆ, ਸੁੱਖ ਦਿੱਤੇ, ਉਹ ਤਨ ਤਾਂ ਸਾਥ ਛੱਡ ਗਿਆ, ਪਰ ਚਰਨ ਕਮਲਾਂ ਨੇ ਫਿਰ ਵੀ ਸਾਥ ਨਾ ਛੱਡਿਆ। ਅਖ਼ੀਰ 'ਤੇ ਤਨ ਛੱਡਣ ਤੋਂ ਬਾਅਦ ਵੀ ਚਰਨ ਕਮਲਾਂ ਦੀ ਟੇਕ ਹੀ ਲਈ ਜਾਂਦੀ ਹੈ। ਜਿਸ ਨੂੰ ਚਰਨ ਕਮਲਾਂ ਦਾ, ਪ੍ਰਮਾਤਮਾ ਦਾ ਸਹਾਰਾ ਮਿਲ ਜਾਏ, ਫਿਰ ਉਸ ਦੇ ਘਰ ਵਿਚ ਕਿਸੇ ਚੀਜ਼ ਦੀ ਕਮੀ ਨਹੀਂ। ਅਸੀਂ ਗੁਰੂ ਜੀ ਦੇ ਅਮੋਲਕ ਬਚਨ ਪੜ੍ਹਦੇ ਹਾਂ –

ਸਾਚੇ ਸਾਹਿਬਾ ਕਿਆ ਨਾਹੀ ਘਰ ਤੇਰੈ॥
ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥

(ਅਨੰਦ ਸਾਹਿਬ)

ਤੁਹਾਡੇ ਘਰ ਵਿਚ ਸਭ ਕੁਝ ਹੈ। ਜਿਸ ਉੱਪਰ ਤੁਸੀਂ ਤਰੁੱਠ ਪਵੋ, ਉਸਨੂੰ ਇਹ ਵਸਤੂ ਦੇ ਦਿੰਦੇ ਹੋ। ਸਤਿਗੁਰੂ ਤਰੁੱਠ ਪਏ, ਉਹਨਾਂ ਨੇ ਹਰੀ ਦੇ ਚਰਨ ਕਮਲਾਂ ਦੀ ਟੇਕ ਦੇ ਦਿੱਤੀ। ਉਸ ਪ੍ਰਮਾਤਮਾ ਦੇ ਘਰ ਵਿਚ ਅੰਮ੍ਰਿਤ ਦੇ ਭੰਡਾਰੇ ਭਰੇ ਪਏ ਹਨ। ਕਿਸੇ ਚੀਜ਼ ਦੀ ਉਸ ਮਾਲਕ ਦੇ ਘਰ ਅੰਦਰ ਕਮੀ ਨਹੀਂ।

ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ॥

ਬਾਬੁਲ ਦਾ ਅਰਥ ਖ਼ਾਸ ਕਰਕੇ ਮਾਈਆਂ ਬਹੁਤ ਛੇਤੀ ਸਮਝਣਗੀਆਂ। ਕਹਿੰਦੇ ਹਨ ਕਿ ਮੇਰੇ ਬਾਬੁਲ ਕੋਲ ਸਾਰੀਆਂ ਤਾਕਤਾਂ ਹਨ। ਉਹ ਸਭ ਕੁਝ ਕਰਨ ਵਾਲਾ ਤੇ ਕਰਾਉਣ ਵਾਲਾ ਵੀ ਹੈ। ਮਾਪੇ ਪਿਆਰ ਨਾਲ ਪਾਲਦੇ ਹਨ ਤੇ ਜਦੋਂ ਸਹੁਰੇ ਘਰ ਵਿਚ ਜਾਂਦੀਆਂ ਹਨ ਤੇ ਉਥੇ ਤੰਗੀ ਆਵੇ ਤਾਂ ਫਿਰ ਬਾਬੁਲ ਚੇਤੇ ਆਉਂਦਾ ਹੈ। ਕਈ ਵਾਰੀ ਪਿਤਾ ਦੀ ਤਾਕਤ ਦੇਖ ਕੇ ਮਾਣ ਨਾਲ ਕਹਿੰਦੀਆਂ ਹਨ ਕਿ ਮੇਰੇ ਬਾਬੁਲ ਦੇ ਘਰ ਵਿਚ ਸਭ ਕੁਝ ਹੈ। ਮੈਨੂੰ ਤੁਹਾਡੇ ਕੱਪੜੇ ਤੇ ਟਕਿਆਂ ਦੀ ਲੋੜ ਨਹੀਂ। ਕਿਹੜਾ ਬਾਬੁਲ ? ਪਰੀਪੂਰਨ ਪ੍ਰਮਾਤਮਾ –

ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ॥
ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ ਮਨਿ ਬਾਂਛੈ ਸੋ ਲੈਸੀ॥

(ਅੰਗ ੧੨੬੬)

ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥

(ਅੰਗ ੭੮)

ਮੇਰੇ ਪਿਤਾ ਜੀ ! ਲੋਕ ਧੀਆਂ ਦੇ ਦਾਜ ਬਣਾਉਂਦੇ ਹਨ, ਪਰ ਮੇਰਾ ਬਾਬੁਲ ਤਾਂ ਇੰਨਾ ਸਮਰੱਥ ਹੈ ਕਿ ਜਦੋਂ ਚਮੜੀ ਦਾ ਕੱਪੜਾ ਵੀ ਸਾਥ ਛੱਡ ਦੇਵੇ ਤਾਂ ਨਾਮ ਦੇ ਕੱਪੜੇ ਪਾ ਕੇ ਮੇਰੀ ਆਤਮਾ ਨੂੰ ਢੱਕ ਦਿੰਦਾ ਹੈ। ਸਤਿਗੁਰੂ ਕਹਿ ਰਹੇ ਹਨ ਕਿ ਮੇਰਾ ਬਾਬੁਲ ਪਿਤਾ ਪ੍ਰਮਾਤਮਾ ਸਮਰੱਥ ਹੈ। ਸਭ ਕੁਝ ਕਰਨ ਤੇ ਕਰਾਉਣ ਦੀ ਤਾਕਤ ਰੱਖਦਾ ਹੈ।

ਜਿਸੁ ਸਿਮਰਤ ਦੂਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ॥

ਦੁਨੀਆਂ ਦਾ ਬਾਬੁਲ, ਧੀ ਸਹੁਰੇ ਘਰ ਬੈਠੀ ਹੈ, ਪਿਤਾ ਕੋਲ ਆਵੇਗਾ ਤਾਂ ਦੁੱਖ ਕੱਟਿਆ ਜਾਵੇਗਾ, ਪਰ ਇਥੇ ਫ਼ਰਕ ਪੈ ਜਾਂਦਾ ਹੈ, ਪ੍ਰਮਾਤਮਾ ਬਾਬੁਲ ਤੇ ਦੁਨੀਆਂ ਦੇ ਬਾਬੁਲ ਦਾ। ਧੀ 'ਤੇ ਦੁੱਖ ਆਉਂਦਾ ਹੈ, ਪੁੱਤਰ 'ਤੇ ਦੁੱਖ ਆਉਂਦਾ ਹੈ ਤਾਂ ਬਾਬੁਲ ਨੂੰ ਚੇਤੇ ਕਰਦਾ ਹੈ। ਬਾਬੁਲ ਨੂੰ ਚੇਤੇ ਕੀਤਿਆਂ ਦੁੱਖ ਨਹੀਂ ਕੱਟੇ ਜਾਂਦੇ, ਜਿੰਨੀ ਦੇਰ ਤੱਕ ਬਾਬੁਲ ਖ਼ੁਦ ਨਾ ਆਵੇ। ਪਰ ਕਹਿੰਦੇ ਹਨ ਕਿ ਮੇਰਾ ਬਾਬੁਲ ਇਸ ਕਰਕੇ ਮੈਂ ਵੱਡਾ ਕਿਹਾ ਹੈ ਕਿ ਉਸ ਨੂੰ ਚੇਤੇ ਕਰਾਂ ਤਾਂ ਆਪਣੇ ਆਪ ਹੀ ਦੁੱਖ ਕੱਟੇ ਜਾਂਦੇ ਹਨ। ਹਜ਼ੂਰ ਕਹਿ ਰਹੇ ਹਨ ਕਿ ਸਾਰੇ ਦੁੱਖ ਕੱਟੇ ਜਾਂਦੇ ਹਨ, ਉਸ ਵਰਗੀ ਹੋਰ ਕਿਸੇ ਕੋਲ ਸਮਰੱਥਾ ਨਹੀਂ।

ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ॥

ਸਤਿਗੁਰੂ ਕਹਿੰਦੇ ਹਨ ਕਿ ਜਦੋਂ ਸ੍ਰਿਸ਼ਟੀ ਸਿਰਜੀ ਨਹੀਂ ਸੀ ਗਈ ਤੇ ਜੁਗਾਦਿ ਦਾ ਅਰਥ ਹੈ- ਜੁਗਾਂ ਦਾ ਮੁੱਢ। ਆਦਿ ਜੁਗਾਦਿ ਤੋਂ ਭਗਤ ਪੈਦਾ ਹੋਏ ਹਨ ਤੇ ਉਹ ਆਦਿ ਜੁਗਾਦਿ ਤੋਂ ਆਪਣੇ ਭਗਤਾਂ ਦਾ ਰਖਵਾਲਾ ਹੈ। ਸਾਹਿਬ ਕਹਿੰਦੇ ਹਨ ਕਿ ਮੈਂ ਆਪਣੇ ਬਾਬੁਲ ਦੀ ਉਸਤਤ ਕਰਦਾ ਹਾਂ। ਆਪਣੇ ਸਾਈਂ ਦੀ ਸਿਫ਼ਤ ਕਰਦਾ ਹਾਂ।

ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ॥

(ਅੰਗ ੪੬੯)

ਜਿਸ ਨੇ ਸਿਫ਼ਤ ਕੀਤੀ, ਉਹ ਪਾਰ ਹੋ ਗਿਆ। ਜਿਹੜਾ ਭਗਤਾਂ ਦਾ ਰਾਖਾ ਹੈ ਜੁਗਾਂ ਤੋਂ, ਮੈਂ ਉਸਦੀ ਉਸਤਤਿ ਕਰ ਰਿਹਾ ਹਾਂ।

ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ॥ ੧ ॥

ਮਹਾ ਦਾ ਅੱਖਰੀ ਅਰਥ ਹੁੰਦਾ ਹੈ ਉੱਚਾ, ਮਹਾਨ। ਕਹਿੰਦੇ ਹਨ, ਦੁਨੀਆਂ ਦੇ ਰੱਸ ਤਾਂ ਬੜੇ ਚੱਖੇ, ਸਾਰੇ ਰੱਸ ਫਿੱਕੇ ਪੈ ਗਏ, ਪਰ ਜਿਸ ਦਿਨ ਪ੍ਰਮਾਤਮਾ ਦੇ ਨਾਮ ਨੂੰ ਜਪਣ ਲੱਗੇ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਕਹਿਣ ਲੱਗੇ, ਇੰਨਾ ਸੁਆਦ ਆਇਆ ਕਿ ਵਾਹਿਗੁਰੂ ਕਹਿ ਕੇ ਰੋਟੀ ਮੂੰਹ ਵਿਚ ਪਾਈ ਤੇ ਇੰਝ ਲੱਗਾ ਜਿਵੇਂ ਖੰਡ ਵੀ ਫਿੱਕੀ ਲੱਗਣ ਲੱਗ ਪਈ, ਕਿਉਂਕਿ ਇਸ ਦਾ ਨਾਮ ਹੀ ਇੰਨਾ ਮਿੱਠਾ ਹੈ ਕਿ ਦੁਨੀਆਂ ਦੇ ਸਾਰੇ ਰੱਸ ਫਿੱਕੇ ਪੈ ਗਏ। ਕਹਿੰਦੇ ਹਨ ਕਿ ਜਿਹੜੇ ਦੁਨੀਆਂ ਦੇ ਰੱਸ ਹਨ, ਜਿਨ੍ਹਾਂ ਨੂੰ ਰੱਸ ਸਮਝੀ ਬੈਠਾ ਸਾਂ, ਨਿਰੱਸ ਹੋ ਗਏ। ਮਹਾਂ ਰੱਸ ਜਿਸ ਵਰਗਾ ਹੋਰ ਕੋਈ ਰੱਸ ਨਹੀਂ।

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥

(ਅੰਗ ੧੩੭੯)

ਹਜ਼ੂਰ ਕਹਿ ਰਹੇ ਹਨ ਕਿ ਉਹ ਮਹਾਂ-ਰੱਸ ਜਿਸ ਵਿਚ ਆਨੰਦ ਹੈ, ਉਸਤਤ ਕਰ-ਕਰ ਉਸ ਦੀ ਮੈਂ ਜੀਅ ਰਿਹਾ ਹਾਂ।

ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ॥

ਕਹਿੰਦੇ ਹਨ ਉਸ ਪਰੀਪੂਰਨ ਪ੍ਰਮਾਤਮਾ ਨੇ ਆਪ ਤਰਸ ਖਾਧਾ। ਅਸੀਂ ਭਾਵੇਂ ਸਿਮਰਨ ਕਰੀਏ, ਬਾਣੀ ਪੜ੍ਹੀਏ, ਪਰ ਮਿਲਾਪ ਉਸ ਦੀ ਕ੍ਰਿਪਾ ਨਾਲ ਹੀ ਹੋਵੇਗਾ। ਸਿਮਰਨ ਬਹੁਤ ਵੱਡੀ ਦਾਤ ਹੈ। ਜਦੋਂ ਵਿਛੋੜਾ ਪਿਆ ਹੁੰਦਾ ਹੈ ਤਾਂ ਸਿਮਰਨ ਇਸ ਕਰਕੇ ਕਰਨਾ ਹੈ ਕਿ ਮਿਲਾਪ ਹੋ ਜਾਏ। ਹਜ਼ੂਰ ਕਹਿੰਦੇ ਹਨ ਕਿ ਜਦੋਂ ਤਰੁੱਠ ਪਿਆ ਤਾਂ ਉਸ ਨੇ ਆਪ ਹੀ ਮਿਲਾਪ ਕਰਾ ਦਿੱਤਾ, ਕਿਉਂਕਿ ਉਹ ਵੱਡਾ ਹੈ, ਉਸ ਨੇ ਆਪਣੇ ਵੱਲ ਖਿੱਚਿਆ, ਸਿਮਰਨ ਦੀ ਧੂ ਪਾਈ ਤੇ ਫਿਰ ਕਦੀ ਵਿਛੋੜਾ ਨਹੀਂ ਪੈਂਦਾ।

ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ॥

ਸੋਹਣੇ ਪ੍ਰਭੂ ਜੀ ! ਮੈਂ ਆਪ ਤੋਂ ਬਲਿਹਾਰ ਜਾਵਾਂ। ਜਿਨ੍ਹਾਂ ਨੂੰ ਤੁਹਾਡੀ ਟੇਕ ਮਿਲ ਗਈ, ਉਹ ਸਦੀਵ ਕਾਲ ਲਈ ਜੀਉਂਦੇ ਹਨ।

ਤੇਰੀ ਟੇਕ ਤੁਝੈ ਤੇ ਪਾਈ ਸਾਚੇ ਸਿਰਜਣਹਾਰ॥

ਸਿਰਜਣ ਵਾਲੇ ਸੱਚੇ ਪ੍ਰਮਾਤਮਾ ਜੀ ! ਤੇਰੀ ਟੇਕ ਅਸੀਂ ਤੁਹਾਡੇ ਤੋਂ ਹੀ ਪ੍ਰਾਪਤ ਕੀਤੀ ਹੈ। ਤੁਸੀਂ ਆਪ ਤਰੁੱਠ ਕੇ ਆਪਣਾ ਸਹਾਰਾ ਦਿੱਤਾ ਹੈ।

ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੂ ਹਮਾਰਾ॥

ਧੰਨ ਗੁਰੂ ਪੰਚਮ ਪਾਤਿਸ਼ਾਹ ਕਹਿ ਰਹੇ ਹਨ ਕਿ ਸਾਡਾ ਪ੍ਰਭੂ ਖਸਮ ਅਜਿਹਾ ਹੈ, ਜਿਸ ਤੋਂ ਖ਼ਾਲੀ ਕੋਈ ਨਹੀਂ। ਪ੍ਰਮਾਤਮਾ ਦੀ ਹੋਂਦ ਤੋਂ ਅਜਿਹਾ ਕੋਈ ਨਹੀਂ, ਜਿਹੜਾ ਖ਼ਾਲੀ ਹੋਵੇ। ਸਾਰਿਆਂ ਵਿਚ ਪਰੀਪੂਰਨ ਪ੍ਰਮਾਤਮਾ ਮੌਜੂਦ ਹੈ। ਹਰ ਥਾਂ 'ਤੇ ਆਪਣੀ ਹਸਤੀ ਨੂੰ ਕਾਇਮ ਕਰੀ ਬੈਠਾ ਹੈ।

ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਾਰੀ॥

ਪ੍ਰਭੂ ਦੇ ਪਿਆਰੇ ਸੰਤ ਜਨਾਂ ਨੇ ਮੰਗਲ ਗਾਏ, ਖ਼ੁਸ਼ੀ ਦੇ ਗੀਤ ਗਾਏ, ਕੀਰਤਨ ਕੀਤਾ, ਉਸ ਦੀਆਂ ਸਿਫ਼ਤਾਂ ਕੀਤੀਆਂ ਤੇ ਦਿਨ ਰਾਤ ਉਸ ਦੀ ਆਸ 'ਤੇ ਟਿੱਕਦੇ ਹਨ।

ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ॥ ੨॥

ਧੰਨ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਸਦਾ ਲਈ ਕੁਰਬਾਨ ਜਾਵਾਂ ਮਾਲਕ ਤੋਂ।

~~~~~~~~~~~~~~~~~~~~~~~~~~~~~

(16) ਉਸਤਤਿ ਕਰਿ ਕਰਿ ਜੀਵਾ
~~~~~~~~~~~~~~~~~~~~~~~~~~~~~

ਮੈਨੂੰ ਉਹ ਸਮਰੱਥ ਸਤਿਗੁਰੂ ਮਿਲਿਆ ਹੈ, ਜਿਸ ਦੇ ਦਰਸ਼ਨ ਨਿਹਫਲ ਹਨ।

ਸੰਮ੍ਰਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ॥

ਪ੍ਰਭੂ ਜੀ ! ਆਪ ਜੀ ਤੋਂ ਕੁਰਬਾਨ ਜਾਵਾਂ। ਉਸ ਵਾਹਿਗੁਰੂ ਨੇ ਮੈਨੂੰ ਸੰਭਾਲ ਲਿਆ ਤੇ ਉਸ ਨੇ ਕ੍ਰਿਪਾ ਕਰਕੇ ਮਾਨ ਬਖ਼ਸ਼ਿਆ ਹੈ।

ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ॥

ਪ੍ਰਮਾਤਮਾ ਦੀ ਕ੍ਰਿਪਾ ਨਾਲ ਦਇਆ, ਗੁਣਾਂ ਨਾਲ ਭਰਪੂਰ ਸਤਿਗੁਰੂ ਮਿਲ ਗਿਆ।

ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ॥

ਉਸ ਗੁਣਾਂ ਨਾਲ ਭਰਪੂਰ ਪ੍ਰਮਾਤਮਾ ਦੇ, ਗੋਬਿੰਦ ਦੇ ਹਰ ਰੋਜ਼ ਸੁਆਸ ਸੁਆਸ ਗੁਣ ਗਾਉ।

ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ॥

ਕਹਿੰਦੇ ਹਨ ਸ਼ੁਭ ਦਿਨ ਆਇਆ, ਪ੍ਰਮਾਤਮਾ ਨੇ ਆਪਣੇ ਗਲ਼ੇ ਨਾਲ ਲਾ ਲਿਆ ਤੇ ਉਸ ਪਾਰਬ੍ਰਹਮ ਅੰਤਰਜਾਮੀ ਪ੍ਰਮਾਤਮਾ ਦਾ ਮਿਲਾਪ ਹੋ ਗਿਆ।

ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ॥

ਹਿਰਦੇ ਵਿਚ ਸਤ, ਸੰਤੋਖ ਪ੍ਰਵੇਸ਼ ਕਰ ਗਿਆ। ਉਹ ਵਾਜੇ ਵੱਜਣ ਲੱਗੇ, ਜਿਹੜੇ ਵਜਾਏ ਨਹੀਂ ਜਾਂਦੇ, ਖ਼ੁਦ ਵੱਜਦੇ ਹਨ। ਅਨਹਦ ਸ਼ਬਦ ਦੀ ਝੁਣਕਾਰ ਹੋਈ, ਜਦੋਂ ਅਸੀਂ ਵਾਹਿਗੁਰੂ ਸ਼ਬਦ ਬੋਲਦੇ ਹਾਂ, ਇਹ ਆਹਦ ਹੈ। ਤਾੜੀ ਕੋਈ ਮਾਰਦਾ ਹੈ ਤੇ ਦੋ ਦੇ ਟਕਰਾਉਣ ਨਾਲ ਜਿਹੜੀ ਆਵਾਜ਼ ਪੈਦਾ ਹੋਈ, ਉਹ ਆਹਦ ਹੈ। ਜੋ ਵੀ ਅਸੀਂ ਵਜਾਉਂਦੇ ਹਾਂ, ਉਸ ਦੇ ਵਿਚੋਂ ਹਰ ਨਾਦ ਟਕਰਾ ਕੇ ਪੈਦਾ ਹੋ ਰਿਹਾ ਹੈ, ਪਰ ਪਿਆਰਿਉ ! ਸ਼ਬਦ ਦੇ ਆਹਦ ਨਾਦ ਨੂੰ ਜਪਦਿਆਂ ਜਪਦਿਆਂ, ਸ਼ਬਦ ਨੂੰ ਕਮਾਉਂਦਿਆਂ ਇਕ ਦਿਨ ਉਥੇ ਆਹਦ ਕਿਹਾ, ਜਿੱਥੇ ਟਕਰਾਅ ਨਹੀਂ, ਕੇਵਲ ਇਕ ਹੀ ਇਕ ਹੈ, ਉਸ ਦਾ ਉਹ ਰੱਸ ਹੈ ਕਿ ਅੰਤਰ-ਆਤਮੇ ਜਪੀਦਾ ਨਹੀਂ, ਉਹ ਖ਼ੁਦ ਜਪਿਆ ਜਾ ਰਿਹਾ ਹੈ। ਝੁਣਕਾਰ ਦਾ ਭਾਵ ਲੂ-ਕੰਢਾ ਖੜਾ ਹੋ ਜਾਣਾ। ਇਕ ਵਾਰੀ ਵਾਹਿਗੁਰੂ ਕਹਿਣਾ ਤੇ ਪੂਰੇ ਦਾ ਪੂਰਾ ਜਿਸਮ ਨਾਲ-ਨਾਲ ਕੰਬ ਜਾਣਾ। ਜਿਸ ਬੰਦੇ ਨੇ ਨਹੀਂ ਜਾਣਿਆ, ਉਹ ਕਹੇਗਾ ਝੂਠ ਹੈ। ਪੱਖੇ ਚੱਲਦੇ ਪਏ ਹਨ। ਜਿਸ ਬੰਦੇ ਨੂੰ ਕਦੀ ਕਰੰਟ ਨਹੀਂ ਲੱਗਾ, ਕਿਸੇ ਨੂੰ ਕਰੰਟ ਲੱਗੇ ਤਾਂ ਉਸ ਦਾ ਸਰੀਰ ਕੰਬੇਗਾ, ਨਾੜ-ਨਾੜ ਵਿਚ ਬਿਜਲੀ ਦੌੜ ਜਾਏਗੀ ਤੇ ਜਿਸ ਨੂੰ ਲੱਗਾ ਨਹੀਂ, ਉਹ ਕਹੇਗਾ ਐਵੇਂ ਝੂਠ ਬੋਲਦਾ ਪਿਆ ਹੈ। ਹੱਸੀ ਜਾਂਦਾ ਪਿਆ ਹੈ, ਤਾਰ ਹੱਥ ਵਿਚ ਫੜ ਕੇ। ਜਿਸ ਨੂੰ ਲੱਗਦਾ ਹੈ ਕੇਵਲ ਉਹੀ ਹੀ ਜਾਣਦਾ ਹੈ। ਝੁਣਕਾਰ ਵੀ ਕੇਵਲ ਉਹ ਹੀ ਜਾਣੇਗਾ, ਜਿਸ ਨੂੰ ਅੰਦਰ ਦਾ ਕਰੰਟ ਲੱਗਾ ਹੈ।

ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ॥ ੩॥

ਉਸ ਸ਼ਬਦ ਨੂੰ ਸੁਣ ਕੇ ਸਾਰੇ ਭੈਅ ਦੂਰ ਹੋ ਗਏ, ਸਾਰੇ ਅੰਦਰ ਦੇ ਡਰ ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ, ਉਸ ਕਰਣਹਾਰ ਪ੍ਰਮਾਤਮਾ ਨੇ ਮਿਟਾਅ ਦਿੱਤੇ ਹਨ।

ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ॥

ਅੰਦਰ ਤੱਤ-ਗਿਆਨ ਪੈਦਾ ਹੋਇਆ। ਹਜ਼ੂਰ ਕਹਿ ਰਹੇ ਹਨ ਕਿ ਉਸ ਪ੍ਰਮਾਤਮਾ ਦੀ ਦਇਆ ਨਾਲ ਯਥਾਰਥ ਗਿਆਨ ਦੀ ਪ੍ਰਾਪਤੀ ਹੋਈ ਹੈ।

ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ॥

ਬ੍ਰਹਮੈ ਦਾ ਅਰਥ ਕਰਾਂਗੇ ਪ੍ਰਮਾਤਮਾ ਤੇ ਬ੍ਰਹਮੁ ਦਾ ਅਰਥ ਕਰਾਂਗੇ ਜੀਵ-ਆਤਮਾ। ਬ੍ਰਹਮੈ ਦਾ ਅਰਥ ਕਰਾਂਗੇ ਸਾਗਰ ਤੇ ਬ੍ਰਹਮੁ ਦਾ ਅਰਥ ਕਰਾਂਗੇ ਬੂੰਦ। ਬ੍ਰਹਮੈ ਦਾ ਅਰਥ ਹੈ ਅੱਗ ਦਾ ਭਾਂਬੜ ਤੇ ਬ੍ਰਹਮੁ ਦਾ ਅਰਥ ਹੈ ਚੰਗਿਆੜੀ। ਕਹਿਣ ਲੱਗੇ, ਆਤਮਾ ਪਰਮ ਆਤਮਾ ਵਿਚ ਵਲੀਨ ਹੋ ਗਈ ਤੇ ਜਿਹੜੀ ਮਿਲ ਗਈ, ਉਸ ਨੂੰ ਕੋਈ ਭਿੰਨ ਨਹੀਂ ਕਰ ਸਕਦਾ। ਕਹਿੰਦੇ ਹਨ, ਇਹ ਆਤਮਾ ਪਰਮ ਆਤਮਾ ਦੀ ਅੰਸ਼ ਹੈ। ਇਹ ਉਸ ਪ੍ਰਮਾਤਮਾ ਵਿਚ ਅਭੇਦ ਹੋ ਗਈ। ਅਭੇਦ ਹੋਇਆਂ ਨੂੰ ਕਿਸ ਨੇ ਵੱਖ ਕਰਨਾ ਹੈ। ਪਤਾ ਹੀ ਨਹੀਂ ਜਿੰਦ ਰਹਿੰਦੀ ਹੈ ਕਿ ਪ੍ਰਮਾਤਮਾ ਰਹਿੰਦਾ ਹੈ। ਹਜ਼ੂਰ ਕਹਿ ਰਹੇ ਹਨ ਕਿ ਇਸ ਅਵਸਥਾ ਨੂੰ ਕੋਈ ਭਿੰਨ ਨਹੀਂ ਕਰ ਸਕਦਾ।

ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ॥

ਹੁਣ ਬਿਸਮਾਦ ਨਹੀਂ, ਹੁਣ ਸੁਣਦੇ ਵੀ ਹਾਂ, ਬਿਸਮਾਦ ਨਹੀਂ। ਦੇਖਣਾ ਵੀ ਚੰਮ ਤੱਕ ਸੀਮਤ ਹੈ ਤੇ ਸੁਣਨਾ ਵੀ ਚੰਮ ਤੱਕ ਸੀਮਤ ਹੈ। ਕਹਿੰਦੇ ਹਨ ਕਿ ਜਦੋਂ ਉਸਨੇ ਮੇਹਰ ਕੀਤੀ ਤਾਂ ਦੇਖਣਾ ਬਿਸਮਾਦ ਹੋ ਗਿਆ। ਕਹਿਣ ਲੱਗੇ ਕਿ ਉਸ ਪ੍ਰਮਾਤਮਾ ਤੋਂ ਬਿਨਾਂ ਹੋਰ ਕੁਝ ਦਿੱਸਦਾ ਨਹੀਂ। ਸੁਣਨਾ ਵੀ ਬਿਸਮਾਦ ਹੋ ਗਿਆ। ਪਹਿਲਾਂ ਕੀਰਤਨ ਸੁਣਦਿਆਂ ਵੀ ਅੰਦਰ ਵਿਕਾਰ ਰੌਲਾ ਪਾਉਂਦੇ ਸਨ, ਪਰ ਹੁਣ ਦੁਨੀਆਂ ਦੇ ਵਿਕਾਰ ਰੌਲਾ ਪਾਉਂਦੇ ਹਨ। ਅੰਦਰ ਕੀਰਤਨ ਚਲੀ ਜਾਂਦਾ ਹੈ। ਹਜ਼ੂਰ ਕਹਿ ਰਹੇ ਹਨ ਦੇਖਣਾ, ਸੁਣਨਾ ਤੇ ਨਦਰਿ ਬਿਸਮਾਦ ਹੀ ਆ ਰਿਹਾ ਹੈ।

ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ॥

ਪਾਣੀ ਵਿਚ, ਧਰਤੀ ਵਿਚ, ਆਕਾਸ਼ ਵਿਚ, ਹਰ ਇਕ ਘਟ-ਘਟ ਦੇ ਵਿਚ ਮੇਰਾ ਸੁਆਮੀ ਆਪ ਸਮਾਇਆ ਹੈ।

ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ॥

ਜਿਥੇ ਇਹ ਅੰਦਰ ਪੈਦਾ ਹੋਇਆ, ਪ੍ਰਮਾਤਮਾ ਤੋਂ ਪੈਦਾ ਹੋਇਆ, ਉਸ ਦੇ ਵਿਚ

ਸਮਾਅ ਗਿਆ। ਕਹਿਣ ਲੱਗੇ, ਸਮਾਉਣ ਵਾਲੀ ਅਵਸਥਾ ਦੀ ਕੋਈ ਕੀਮਤ ਨਹੀਂ ਪਾ ਸਕਦਾ, ਉਸ ਨੂੰ ਜਾਣ ਨਹੀਂ ਸਕਦਾ।

ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ॥ ੪ ॥ ੨ ॥

ਅਖ਼ੀਰ 'ਤੇ ਜਿਸ ਦੇ ਕੌਤਕ ਕਦੀ ਕਿਸੇ ਨੇ ਲਖੇ ਨਹੀਂ, ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਅਸੀਂ ਉਸ ਪ੍ਰਮਾਤਮਾ ਨੂੰ ਧਿਆਉਂਦੇ ਹਾਂ। ਸਤਿਗੁਰੂ ਮੇਹਰ ਕਰਨ, ਅਸੀਂ ਇਸ ਬਾਬੁਲ ਦਾ ਭਰੋਸਾ ਕਰੀਏ, ਉਸ 'ਤੇ ਯਕੀਨ ਕਰੀਏ। ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

★★★

ਗੁਰਿ ਹਾਥੁ ਧਰਿਓ ਮੇਰੈ ਮਾਥਾ

ਜੈਤਸਰੀ ਮਹਲਾ ੪ ਘਰੁ ੧ ਚਉਪਦੇ

ੴ ਸਤਿਗੁਰ ਪ੍ਰਸਾਦਿ ॥

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥ ੧ ॥
ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥
ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥
ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥ ੨ ॥
ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ ॥
ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ ॥ ੩ ॥
ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥
ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥ ੪ ॥ ੧ ॥

(ਅੰਗ ੬੯੬)

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਪਰਮ ਸਨਮਾਨ ਯੋਗ ਸਮਰੱਥ ਸਤਿਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਅੱਜ ਦਾ ਹੁਕਮਨਾਮਾ ਗੁਰੂ ਰਾਮਦਾਸ ਜੀ ਦੀ ਰਸਨਾ ਤੋਂ ਉਚਾਰਨ ਕੀਤਾ ਹੋਇਆ ਹੈ। ਜੈਤਸਰੀ ਰਾਗ ਵਿਚ ਇਸ ਰਾਗ ਦੀ ਆਰੰਭਤਾ ਦਾ ਇਹ ਪਹਿਲਾ ਸ਼ਬਦ ਹੈ। ਇਸ ਵਿਚ ਹਜ਼ੂਰ ਨੇ ਸਭ ਤੋਂ ਪਹਿਲਾਂ ਆਪਣਾ ਜੋ ਮਨੁੱਖੀ ਜੀਵਨ ਹੈ, ਉਸਦੇ ਬਾਰੇ ਚਾਨਣਾ ਪਾਇਆ ਹੈ ਕਿ ਸਮਰੱਥ ਗੁਰੂ ਨੇ ਸਿਰ 'ਤੇ ਹੱਥ ਰੱਖਿਆ ਹੈ ਤੇ ਅੰਦਰ ਨਾਮ ਦਾ ਕੀਮਤੀ ਰਤਨ ਵੱਸ ਗਿਆ ਹੈ। ਫਿਰ ਰਹਾਉ ਦੇ ਬਚਨ ਹਨ ਕਿ ਮਨਾ ! ਤੂੰ ਕਿਸੇ ਵੀ ਪਦਾਰਥ ਦੀ, ਲੋਕ-ਪ੍ਰਲੋਕ ਦੀ, ਪ੍ਰਮਾਰਥ ਅਤੇ ਆਰਥਕ ਪਦਾਰਥ ਦੀ ਜੇ ਇੱਛਾ ਰੱਖਦਾ ਹੈਂ ਤਾਂ ਪ੍ਰਮਾਤਮਾ ਦੇ ਨਾਮ ਨੂੰ ਜਪ।

ਨਾਮ ਵਿਚ ਸਾਰੀਆਂ ਬਖ਼ਸ਼ਿਸ਼ਾਂ ਹਨ। ਆਪ-ਹੁਦਰਾਪਣ ਕਰਨ ਵਾਲੇ ਲੋਕ ਸਮਰੱਥ ਸਤਿਗੁਰੂ ਦੀ ਚਰਨ-ਸ਼ਰਨ ਵਿਚ ਜੇ ਨਹੀਂ ਜਾਂਦੇ ਤਾਂ ਇੰਨਾ ਕੀਮਤੀ ਜੀਵਨ ਉਹਨਾਂ ਨੇ ਵਿਅਰਥ ਗੁਆ ਲਿਆ ਹੈ। ਅੰਤ ਵਿਚ ਅਰਦਾਸ ਕੀਤੀ ਕਿ ਹੇ ਪ੍ਰਭੂ ! ਸਾਨੂੰ ਆਪਣੇ ਜੀਵਨ ਦਾ ਇਕ ਕਦਮ ਵੀ ਨਜ਼ਰ ਨਹੀਂ ਆ ਰਿਹਾ, ਅਸੀਂ ਗਿਆਨ ਦੀਆਂ ਅੱਖਾਂ ਤੋਂ ਹੀਣੇ ਹਾਂ, ਤੁਸੀਂ ਕ੍ਰਿਪਾ ਕਰਕੇ ਸਾਨੂੰ ਆਪਣਾ ਪੱਲਾ ਫੜਾ ਦਿਉ।

ਜੈਤਸਰੀ ਮਹਲਾ ੪ ਘਰੁ ੧ ਚਉਪਦੇ ੧ੴ ਸਤਿਗੁਰ ਪ੍ਰਸਾਦਿ॥

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ॥

ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਜੀ ਦੀ ਮੁਬਾਰਕ ਰਸਨਾ ਤੋਂ ਇਹ ਅੰਮ੍ਰਿਤ ਬਚਨ ਉਚਾਰਨ ਕੀਤਾ ਹੋਇਆ ਹੈ। ਆਰੰਭਕ ਜੈਤਸਰੀ ਰਾਗ ਹੈ। ਘਰ ਪਹਿਲੇ ਵਿਚ ਗਾਉਣ ਦੀ ਤਾਕੀਦ ਹੈ ਤੇ ਇਸ ਸ਼ਬਦ ਦੇ ਚਾਰ ਪਦੇ ਹਨ। ਇਹਨਾਂ ਵਿਚ ਇਕ ਪਦਾ ਰਹਾਉ ਦਾ ਹੈ। ਸਤਿਗੁਰੂ ਆਰੰਭ ਵਿਚ ਬਖ਼ਸ਼ਿਸ਼ ਕਰ ਰਹੇ ਹਨ -

ੴ ਸਤਿਗੁਰ ਪ੍ਰਸਾਦਿ॥

ਉਹ ਪਰੀਪੂਰਨ ਪ੍ਰਮਾਤਮਾ ਇਕ ਹੈ, ਅਦੁੱਤੀ ਹੈ। ਉਸ ਵਰਗਾ ਕੋਈ ਦੂਜਾ ਨਹੀਂ। ਉਸ ਇਕ ਓਅੰਕਾਰ ਵਿਚ ਅਭੇਦਤਾ, ਉਸ ਇਕ ਓਅੰਕਾਰ ਤੱਕ ਪਹੁੰਚਣਾ ਸਤਿਗੁਰੂ ਦੀ ਕ੍ਰਿਪਾ ਹੀ ਪਹੁੰਚਾਏਗੀ। ਇਹ ਮੰਗਲ ਜੋ ੴ ਸਤਿਗੁਰ ਪ੍ਰਸਾਦਿ ਦੇ ਰੂਪ ਵਿਚ ਆਇਆ ਹੈ, ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ 524 ਵਾਰ ਦਰਜ ਕੀਤਾ ਗਿਆ ਹੈ। ਰਾਗਾਂ ਦੀ ਆਰੰਭਤਾ ਤੋਂ ਪਹਿਲਾਂ, ਭਗਤ ਬਾਣੀ ਦੀ ਆਰੰਭਤਾ ਤੋਂ ਪਹਿਲਾਂ ਇਹੀ ਮੰਗਲ ਰਚਿਆ ਹੈ। ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਅੰਮ੍ਰਿਤ ਸ਼ਬਦ ਹੀ ਇਹ ਹੈ। ਮਹਾਂਪੁਰਖ ਲੋਕ ਇਹ ਕਹਿੰਦੇ ਹਨ ਕਿ ੴ ਇਸ ਦੀ ਵਿਆਖਿਆ ਹਜ਼ੂਰ ਨੇ ਮੂਲ ਮੰਤਰ ਵਿਚ ਕੀਤੀ ਹੈ। ਉਹ ਇਕ ਕਿਹੋ ਜਿਹਾ ਹੈ ? ਮੂਲ ਮੰਤਰ ਦੀ ਵਿਆਖਿਆ ਜਪੁ ਜੀ ਸਾਹਿਬ ਦੀ ਅੰਮ੍ਰਿਤ ਗੁਰਬਾਣੀ ਕਰਦੀ ਹੈ ਤੇ ਜਪੁ ਜੀ ਸਾਹਿਬ ਦੀ ਵਿਆਖਿਆ ਸੰਪੂਰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕਰਦੀ ਹੈ। ਪ੍ਰਮਾਤਮਾ ਇਕ ਹੈ। ਇਥੇ ਇਕ ਸੰਖਿਆ-ਵਾਚਕ ਨਹੀਂ। ਇਕ ਹੈ ਤੇ ਇਕ ਤੋਂ ਦੂਜਾ ਆਵੇ। ਨਹੀਂ, ਕੇਵਲ ਇਕ ਪਰੀਪੂਰਨ ਪ੍ਰਮਾਤਮਾ ਉਸ ਨੇ ਕਰੋੜਾਂ ਬ੍ਰਹਿਮੰਡ ਸਿਰਜੇ ਹਨ, ਪਰ ਕਰੋੜਾਂ ਬ੍ਰਹਿਮੰਡਾਂ ਨੂੰ ਸੰਭਾਲਣ ਵਾਲੇ ਕਰੋੜਾਂ ਪ੍ਰਮਾਤਮਾ ਨਹੀਂ, ਕਰੋੜਾਂ ਨੂੰ ਸੰਭਾਲਣ ਵਾਲਾ ਕੇਵਲ ਇਕ ਹੈ। ਅਸੀਂ ਸ਼ਬਦ ਪੜ੍ਹਦੇ ਹਾਂ -

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥

(ਅੰਗ ੬੧੨)

ਸਤਿਗੁਰ ਪ੍ਰਸਾਦਿ, ਉਸ ਸਮਰੱਥ ਸਤਿਗੁਰੂ ਦੀ ਕ੍ਰਿਪਾ ਨਾਲ ਉਸਦੀ ਪ੍ਰਾਪਤੀ ਹੈ। ਸਤਿਗੁਰੂ ਰਾਮਦਾਸ ਜੀ ਦੇ ਆਪਣੇ ਜੀਵਨ ਦਾ ਉਹ ਤਜਰਬਾ ਹੈ, ਜੋ ਹਜ਼ੂਰ ਆਪਣੇ 'ਤੇ ਢੁਕਾ ਕੇ ਬਚਨ ਕਹਿ ਰਹੇ ਹਨ ਕਿ ਮੇਰੇ ਹਿਰਦੇ ਵਿਚ ਨਾਮ ਦਾ ਕੀਮਤੀ ਰਤਨ ਵੱਸ ਗਿਆ,

ਪਰ ਕਦੋਂ ? ਜਦੋਂ ਸਮਰੱਥ ਗੁਰੂ ਨੇ ਆਪਣਾ ਹੱਥ ਮੇਰੇ ਮੱਥੇ ਉੱਤੇ ਰੱਖ ਦਿੱਤਾ।

ਧੰਨ ਗੁਰੂ ਰਾਮਦਾਸ ਜੀ, ਜਿਨ੍ਹਾਂ ਲਈ ਬਾਲਪਨ ਵਿਚ ਸ਼ਬਦ ਵਰਤਦੇ ਹਨ ਭਾਈ ਜੇਠਾ ਜੀ, ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਦੇ ਦਰਸ਼ਨ ਹੋਏ। ਹੁਣ ਉਸ ਦੀਦਾਰ ਵਿਚ ਕਿੰਨੀ ਵੱਡੀ ਤਬਦੀਲੀ ਸੀ। ਭੱਟ ਬਚਨ ਕਰਦੇ ਹਨ ਕਿ ਜਦੋਂ ਧੰਨ ਗੁਰੂ ਅਮਰਦਾਸ ਜੀ ਦੇ ਪਵਿੱਤਰ ਮੁਖ ਨੂੰ ਦੇਖਿਆ ਤਾਂ ਹਜ਼ੂਰ ਦੇ ਅੰਦਰ ਨੂੰ ਇੰਨਾ ਵੱਡਾ ਸੁੱਖ ਮਿਲਿਆ, ਜਿਹੜਾ ਸੁੱਖ ਦੁਨੀਆਂ ਦੇ ਕਿਸੇ ਵੀ ਪਦਾਰਥ ਵਿਚੋਂ ਪ੍ਰਾਪਤ ਨਹੀਂ ਹੋ ਸਕਦਾ। ਉਸ ਤੋਂ ਬਾਅਦ ਕਹਿੰਦੇ ਹਨ ਕਿ ਜਿਹੜੀ ਅੰਦਰ ਦੀ ਇਕ ਤੜਪ ਸੀ ਕਿ ਨਾਮ ਅੰਮ੍ਰਿਤ ਮਿਲ ਜਾਏ, ਆਤਮਕ ਜੀਵਨ ਨੂੰ ਜੀਵਤ ਰੱਖਣ ਲਈ ਰੂਹਾਨੀਅਤ ਦੀ ਦਾਤ ਮਿਲ ਜਾਏ, ਉਸ ਵਿਧਾਤਾ ਨੇ ਖ਼ੁਦ ਬਿੱਦ ਬਣਾ ਦਿੱਤੀ ਕਿ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਦਿਆਂ ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਨੇ ਨਾਮ ਅੰਮ੍ਰਿਤ ਦਾ ਰੱਸ ਚੱਖ ਲਿਆ।

ਤੀਜਾ ਬਚਨ ਮਨ ਪੂਰਨ ਤੌਰ 'ਤੇ ਟਿੱਕ ਗਿਆ ਤੇ ਨਾਲ ਕਿਹਾ ਏਨਾ ਟਿੱਕਿਆ ਕਿ ਹਾਲਾਂ ਗੁਰੂ ਪੱਦਵੀ 'ਤੇ ਬਿਰਾਜਮਾਨ ਨਹੀਂ ਤੇ ਰੰਚਕ ਮਾਤਰ ਵੀ ਕਦੀ ਮਨ ਦੇ ਅੰਦਰ ਕੋਈ ਵਾਸ਼ਨਾ ਨਹੀਂ, ਸੰਪੂਰਨ ਤੌਰ 'ਤੇ ਟਿੱਕ ਗਿਆ। ਉਸ ਤੋਂ ਬਾਅਦ ਕੀ ਹੋਇਆ ? ਕਹਿੰਦੇ ਹਨ ਕਿ ਜਿਹੜੇ ਕਈ ਸਾਲਾਂ ਦੇ ਦੁੱਖ ਸਨ, ਉਹ ਸਤਿਗੁਰੂ ਜੀ ਦੇ ਦਰਸ਼ਨਾਂ ਨੇ ਸਾਰੇ ਦੂਰ ਕਰ ਦਿੱਤੇ। ਅਮੋਲਕ ਬਚਨ ਹਨ –

ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ॥
ਹੁਤੀ ਜੁ ਪਿਆਸ ਪਿਊਸ ਪਿਵੰਨ ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ॥
ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ॥

ਮਨ ਟਿੱਕ ਗਿਆ। ਅਗਲਾ ਬਚਨ ਕੀਤਾ–

ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਯਨ ਤੀਰਿ ਬਿਪਾਸ ਬਨਾਯਉ॥
ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ॥

(ਅੰਗ ੧੪੦੦)

ਸਤਿਗੁਰੂ ਦਾ ਪਵਿੱਤਰ ਮੁਖ ਦੇਖਿਆ ਤਾਂ ਅੰਦਰੋਂ ਸੁੱਖ ਮਿਲਿਆ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਇਕ ਗਲੇ ਮਿਲਨ ਦੀ ਗੱਲ, ਦੂਜਾ ਸੀਸ 'ਤੇ ਹੱਥ ਰੱਖਣ ਦੀ ਗੱਲ ਤੇ ਤੀਜਾ ਗੁਰੂ ਜੀ ਦੇ ਚਰਨਾਂ ਵਿਚ ਮਸਤਕ ਝੁਕਾਉਣ ਦੀ ਗੱਲ ਬਹੁਤ ਵਾਰੀ ਆਈ ਹੈ। ਸਮਰੱਥ ਗੁਰੂ ਆਪਣਾ ਬਖ਼ਸ਼ਿਸ਼ ਰੂਪ ਹੱਥ ਕਿਸੇ ਦੇ ਸੀਸ 'ਤੇ ਰੱਖਦੇ ਹਨ। ਇੰਨੀ ਵੱਡੀ ਬਖ਼ਸ਼ਿਸ਼ ਹੈ, ਜਿਸਦੇ ਸੀਸ 'ਤੇ ਗੁਰੂ ਜੀ ਨੇ ਹੱਥ ਰੱਖ ਦਿੱਤਾ, ਗੁਰੂ ਜੀ ਦਾ ਹੱਥ ਉਹਨਾਂ ਦੀ ਬਖ਼ਸ਼ਿਸ਼ ਸ਼ਬਦ ਰੂਪ ਵਿਚ ਹੋਵੇ, ਉਪਦੇਸ਼ ਰੂਪ ਵਿਚ ਹੋਵੇ, ਕਿਸੇ ਤਰੀਕੇ ਨਾਲ ਜਦੋਂ ਉਹਨਾਂ ਦੀ ਬਖ਼ਸ਼ਿਸ਼ ਵਰਤਦੀ ਹੈ ਤਾਂ ਅੰਦਰ ਜਿੰਨੇ ਵੀ ਗੁਨਾਹ ਹਨ, ਗੁਰੂ ਜੀ ਸਿਰ 'ਤੇ ਹੱਥ ਰੱਖ

ਕੇ ਗੁਨਾਹਾਂ ਨੂੰ ਖਿੱਚ ਲੈਂਦੇ ਹਨ ਤੇ ਅੰਦਰ ਸ਼ੁੱਧ ਕਰਕੇ ਨਾਮ ਦਾ ਹੀਰਾ ਟਿਕਾਅ ਦਿੰਦੇ ਹਨ। ਅਸੀਂ ਹਜ਼ੂਰ ਦੇ ਬਚਨ ਆਸਾ ਦੀ ਵਾਰ ਵਿਚ ਪੜ੍ਹਦੇ ਹਾਂ –

ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ॥

(ਆਸਾ ਦੀ ਵਾਰ)

ਕਹਿੰਦੇ ਹਨ, ਗੁਰੂ ਜੀ ਨੇ ਮਸਤਕ 'ਤੇ ਹੱਥ ਰੱਖਿਆ ਤੇ ਅੰਦਰ ਦੀਆਂ ਬੁਰਿਆਈਆਂ ਹੀ ਕੱਢ ਦਿੱਤੀਆਂ। ਸਤਿਗੁਰੂ ਨੇ ਫ਼ੁਰਮਾਇਆ–

ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ॥
ਕ੍ਰਿਪਾ ਕਟਾਖੵ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ॥ ੧॥

(ਅੰਗ ੬੮੧)

ਸੇਵਕ ਦੇ, ਦਾਸ ਦੇ ਦੁੱਖ ਨੂੰ ਦੂਰ ਕਰ ਦਿੱਤਾ। ਇਕ ਵਾਰੀ ਦਾਸ ਨੇ ਅਰਜ਼ ਕੀਤੀ ਸੀ ਕਿ ਆਪਾਂ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੇ ਹਾਂ ਤੇ ਗੁਰੂ ਜੀ ਦੀ ਪ੍ਰਕਰਮਾ ਵਿਚ ਝੁੱਕਦੇ ਹਾਂ। ਇਕ ਸਾਡਾ ਬਾਹਰਮੁਖੀ ਤਨ ਝੁੱਕਦਾ ਹੈ ਤੇ ਮਸਤਕ ਜ਼ਮੀਨ 'ਤੇ ਲੱਗਦਾ ਹੈ। ਲਾਉਣ ਵੀ ਚਾਹੀਦਾ ਹੈ, ਇਹ ਕਰਮ–ਕਾਂਡ ਜਾਂ ਪਾਖੰਡ ਨਹੀਂ। ਕਈਆਂ ਦਾ ਸੁਭਾਅ ਹੈ ਕਿ ਮੱਥਾ ਟੇਕਦੇ ਹਨ ਤੇ ਆਪਣੇ ਅੰਗੂਠੇ ਨੂੰ ਮੱਥੇ ਦੇ ਥੱਲੇ ਰੱਖ ਲੈਂਦੇ ਹਨ। ਮੱਥੇ ਨੂੰ ਮੁਕੰਮਲ ਤੌਰ 'ਤੇ ਜ਼ਮੀਨ 'ਤੇ ਲੱਗਣ ਹੀ ਨਹੀਂ ਦਿੰਦੇ। ਭਾਈ ! ਜੋ ਆਪਾਂ ਗੁਰੂ ਦੇ ਸਾਹਮਣੇ ਇਸ ਤਰ੍ਹਾਂ ਅੰਗੂਠਾ ਦਿਖਾਉਂਦੇ ਪਏ ਹਾਂ ਤਾਂ ਕ੍ਰਿਪਾ ਕਿਵੇਂ ਵਰਤੇਗੀ ? ਆਪਣੇ ਮਸਤਕ ਨੂੰ ਥੱਲੇ ਲੱਗਣ ਦੇ, ਮੇਰਾ ਸਮਰੱਥ ਗੁਰੂ ਸੀਸ 'ਤੇ ਹੱਥ ਰੱਖੇ ਤੇ ਤੇਰੇ ਅੰਦਰ ਦੀਆਂ ਬੁਰਿਆਈਆਂ ਘੱਟ ਜਾਣ। ਜਦੋਂ ਮੱਥਾ ਟੇਕਦੇ ਹਾਂ, ਉਦੋਂ ਮੁਖ ਸਤਿਗੁਰੂ ਜੀ ਵੱਲ ਹੁੰਦਾ ਹੈ ਤੇ ਜਦੋਂ ਅਸੀਂ ਵਾਪਿਸ ਜਾਂਦੇ ਹਾਂ ਤੇ ਆਪਾਂ ਦੇਖਦੇ ਹਾਂ ਕਿ ਆਪਣੀ ਪਿੱਠ ਕਈ ਵਾਰੀ ਉਨ੍ਹਾਂ ਵੱਲ ਹੁੰਦੀ ਹੈ। ਜੇ ਕੋਈ ਕਹੇ ਕਿ ਇਹ ਕਿਹੜੀ ਮਰਿਆਦਾ ਵਿਚ ਸ਼ਬਦ ਲਿਖੇ ਹਨ ? ਦੇਖੋ, ਉਹ ਮਰਿਆਦਾ ਸਾਨੂੰ ਦਿੱਤੀ ਹੈ ਕਿ ਘੱਟੋ–ਘੱਟ ਆਪਣੇ ਜੀਵਨ ਉੱਤੇ ਇਹ ਕਾਇਦਾ–ਕਾਨੂੰਨ ਲਾਗੂ ਕਰ, ਪਰ ਉਸ ਦੇ ਵਿਚ ਇਕ ਬਚਨ ਕਿਹਾ ਕਿ ਇਕ ਪੰਥਕ ਹੈ, ਦੂਜਾ ਸ਼ਖ਼ਸੀ ਹੈ। ਪੰਥਕ ਤੌਰ 'ਤੇ ਆਪਾਂ ਜਮਾਤੀ ਤੌਰ 'ਤੇ ਉਸ ਗੱਲ ਨੂੰ ਪ੍ਰਵਾਨ ਕਰਨਾ ਹੈ, ਪਰ ਆਪਣੀ ਸ਼ਖ਼ਸੀਅਤ ਨੂੰ ਘੜਨ ਲਈ ਮੰਨ ਲਿਆ ਜਾਏ ਕਿ ਕੋਈ ਪ੍ਰੇਮ ਭਾਵਨਾ ਨਾਲ ਜਿਸ ਢੰਗ ਨਾਲ ਵੀ ਗੁਰੂ ਨੂੰ ਰੀਝਾਉਂਦਾ ਪਿਆ ਹੈ ਤਾਂ ਮੇਰਾ ਖ਼ਿਆਲ ਹੈ ਕਿ ਸਾਨੂੰ ਉਸਦੇ ਨਿੱਜੀ ਜੀਵਨ 'ਤੇ ਤਰਕ ਨਹੀਂ ਕਰਨਾ ਚਾਹੀਦਾ। ਉਹਨਾਂ ਨੇ ਇਕ ਬਚਨ ਕਿਹਾ ਹੈ ਕਿ ਜਦੋਂ ਅਸੀਂ ਸਤਿਗੁਰੂ ਜੀ ਨੂੰ ਮੱਥਾ ਟੇਕਦੇ ਹਾਂ ਤੇ ਫਿਰ ਵਾਪਿਸ ਜਾਂਦੇ ਹਾਂ ਤਾਂ ਬਸ ਦੋ ਗੱਲਾਂ ਆਪਣੇ ਅੰਦਰ ਦ੍ਰਿੜ੍ਹ ਕਰੀਏ ਕਿ ਆਇਆਂ ਹੋਇਆਂ ਨੇ ਮੱਥਾ ਟੇਕਿਆ ਤੇ ਸਮਰੱਥ ਸਤਿਗੁਰੂ ਜੀ ਨੇ ਸਿਰ ਦੇ ਉੱਤੇ ਹੱਥ ਰੱਖਿਆ ਹੈ ਤੇ ਜਦੋਂ ਤੁਰਨ ਲੱਗਾ ਹੈਂ ਤਾਂ ਸਤਿਗੁਰੂ ਨੇ ਤੇਰੇ ਕੰਧ ਦੇ ਉੱਪਰ ਥਾਪੜਾ ਦਿੱਤਾ ਹੈ। ਸਤਿਗੁਰੂ ਜੀ ਨੇ ਇਸ ਕੀਮਤੀ ਹੀਰੇ ਨੂੰ ਅੰਦਰ ਟਿਕਾਇਆ ਹੈ। ਗੁਰੂ ਰਾਮਦਾਸ ਜੀ ਪਹਿਲੇ ਬਚਨ ਵਿਚ

ਕ੍ਰਿਪਾ ਕਰ ਰਹੇ ਹਨ ਕਿ ਸੀਸ ਉੱਪਰ ਹੱਥ ਰੱਖਿਆ ਤੇ ਅੰਦਰ ਨਾਮ ਦਾ ਕੀਮਤੀ ਹੀਰਾ ਅਮੋਲਕ ਪਦਾਰਥ ਵੱਸਿਆ ਹੈ।

ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ॥੧॥

ਸਮਰੱਥ ਸਤਿਗੁਰੂ ਜੀ ਨੇ ਜਦੋਂ ਨਾਮ ਦੀ ਕੀਮਤੀ ਦਾਤ ਬਖ਼ਸ਼ਿਸ਼ ਕੀਤੀ ਤਾਂ ਜਨਮਾਂ-ਜਨਮਾਤਰਾਂ ਦੇ ਜਿਹੜੇ ਕੀਤੇ ਹੋਏ ਪਾਪ ਸਨ, ਕੀਤੇ ਹੋਏ ਗੁਨਾਹ ਸਨ, ਔਗੁਣ ਸਨ, ਉਹ ਗੁਰੂ ਜੀ ਨੇ ਕ੍ਰਿਪਾ ਕਰਕੇ ਕੱਟ ਦਿੱਤੇ ਤੇ ਜਿਹੜਾ ਸੀਸ ਉੱਪਰ ਕਈ ਜਨਮਾਂ ਦਾ ਕਰਜ਼ ਸੀ, ਸਮਰੱਥ ਸਤਿਗੁਰੂ ਜੀ ਨੇ ਨਾਮ ਦਾ ਹੀਰਾ ਦੇ ਕੇ ਉਹ ਕਰਜ਼ਾ ਲਾਹ ਦਿੱਤਾ। ਇਹੀ ਤਾਂ ਸਤਿਗੁਰੂ ਜੀ ਦੇ ਘਰ ਦੀ ਬਖ਼ਸ਼ਿਸ਼ ਹੈ। ਪਾਪ ਜਨਮਾਂ-ਜਨਮਾਂਤਰਾਂ ਦੇ ਹਨ, ਸਾਰੇ ਉਤਰ ਗਏ। ਜਿਥੇ ਸਿੱਖ ਉੱਦਮ ਕਰਦਾ ਹੈ, ਅੰਦਰ ਦਾ ਕਰਜ਼ ਵੀ ਲਹਿੰਦਾ ਹੈ ਤੇ ਜਦੋਂ ਕੋਈ ਨਾਮ ਜੱਪਣ ਵਾਲੇ ਪਾਸੇ ਤੁਰੇਗਾ ਤੇ ਨਾਲ ਕਿਰਤ ਕਰੇਗਾ ਤਾਂ ਸਮਰੱਥ ਗੁਰੂ ਬਾਹਰ ਦਾ ਕਰਜ਼ ਵੀ ਲਾਹੁੰਦੇ ਹਨ। ਇਸਦਾ ਅੰਦਰ ਕਈ ਜਨਮਾਂ ਦਾ ਘਰ ਤੋਂ ਵਿਛੜਿਆ ਹੋਇਆ ਹੈ ਤੇ ਇਹ ਘਰ ਵੱਲ ਮੁੜਦਾ ਵੀ ਨਹੀਂ।

ਇਕ ਮਹਾਂਪੁਰਖਾਂ ਨੂੰ ਕਿਸੇ ਨੇ ਪ੍ਰਸ਼ਨ ਕੀਤਾ ਸੀ ਕਿ ਜੀਵਨ ਦਾ ਮਨੋਰਥ ਕੀ ਹੈ ? ਉਹਨਾਂ ਨੇ ਅੱਧੀ ਤੁੱਕ ਸੁਣਾਈ। ਕਹਿਣ ਲੱਗੇ, ਜੀਵਨ ਦਾ ਮਨੋਰਥ ਇੰਨਾ ਕੁ ਹੀ ਹੈ ਕਿ

ਨਿਘਰਿਆ ਘਰ ਆਉ॥

ਆਪਣੇ ਘਰ ਨੂੰ ਵਾਪਿਸ ਆ। ਕਈ ਜਨਮਾਂ ਦੀ ਉਸ ਘਰ ਤੋਂ ਦੂਰੀ ਪੈ ਗਈ ਤੇ ਜਦੋਂ ਅਸੀਂ ਵਾਪਿਸ ਜਾਵਾਂਗੇ ਤਾਂ ਕੀ ਸਾਨੂੰ ਓਨੀ ਦੂਰੀ ਫਿਰ ਤੈਅ ਕਰਨੀ ਪਵੇਗੀ ?

ਕਈ ਜਨਮ ਭਏ ਕੀਟ ਪਤੰਗਾ॥
ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥

(ਅੰਗ ੧੭੬)

ਕਈ ਜਨਮਾਂ ਦੀ ਦੂਰੀ ਹੈ। ਜਿੰਨੇ ਜਨਮ ਸਾਨੂੰ ਆਪਣੇ ਘਰ ਤੋਂ ਦੂਰੀ 'ਤੇ ਲੱਗੇ, ਜੇ ਸਮਰੱਥ ਗੁਰੂ ਆਪਣਾ ਮੇਹਰ ਭਰਿਆ ਹੱਥ ਰੱਖਣ ਤਾਂ ਇੰਨੇ ਜਨਮ ਵਾਪਿਸੀ ਦੇ ਨਹੀਂ ਲੱਗਣਗੇ। ਦੂਰੀ ਦੇ ਜਨਮ ਤਾਂ ਹੋ ਸਕਦੇ ਹਨ, ਪਰ ਗੁਰੂ ਕ੍ਰਿਪਾ ਕਰੇ ਤਾਂ ਮਿਲਾਪ ਇਕ ਖਿਨ ਵਿਚ ਹੀ ਕਰਾ ਦਿੰਦੇ ਹਨ। ਹਜ਼ੂਰ ਕਹਿੰਦੇ ਹਨ ਕਿ ਜਨਮਾਂ-ਜਨਮਾਤਰਾਂ ਦੇ ਜਿਹੜੇ ਪਾਪ ਸਨ, ਉਹ ਸਤਿਗੁਰੂ ਨੇ ਅੱਜ ਧੋ ਦਿੱਤੇ। ਅੰਦਰ ਰਹਿਮਤ ਕਰ ਦਿੱਤੀ। ਹੁਣ ਜਨਮਾਂ ਦੇ ਪਾਪ ਇਕ ਖਿਨ ਵਿਚ ਕੱਟੇ ਗਏ। ਇਸਦਾ ਉੱਤਰ ਹਜ਼ੂਰ ਨੇ ਬਾਣੀ ਵਿਚ ਇਕ ਪ੍ਰਮਾਣ ਰਾਹੀਂ ਦਿੱਤਾ ਹੈ ਤੇ ਬਾਰ-ਬਾਰ ਉਹ ਸ਼ਬਦ ਆਇਆ ਹੈ। ਉਹ ਬਚਨ ਹੈ ਕਿ ਇਨਸਾਨ ਜੰਗਲ ਵਿਚ ਜਾ ਕੇ ਲੱਕੜਾਂ ਇਕੱਠੀਆਂ ਕਰਦਾ ਹੈ ਤੇ ਉਸ ਨੂੰ ਲੱਕੜਾਂ ਕੱਟਣੀਆਂ ਪੈਂਦੀਆਂ ਹਨ,

ਸੁਕਾਉਣੀਆਂ ਪੈਂਦੀਆਂ ਹਨ ਤੇ ਕਿੰਨੇ-ਕਿੰਨੇ ਮਹੀਨੇ ਲੱਗ ਜਾਂਦੇ ਹਨ, ਲੱਕੜਾਂ ਦੀਆਂ ਗੱਠਾਂ ਨੂੰ ਸੁਕਾਉਂਦਿਆਂ ਬਣਾਉਂਦਿਆਂ। ਪਰ ਜਿਸ ਦਿਨ ਉਹਨਾਂ ਨੂੰ ਫੂਕਣਾ ਹੋਵੇ ਤਾਂ ਕੀ ਕੋਈ ਮਹੀਨੇ ਲੱਗਦੇ ਹਨ ? ਲੱਕੜਾਂ ਨੂੰ ਫੂਕਦਿਆਂ ਮਹੀਨੇ ਨਹੀਂ ਲੱਗਦੇ। ਪਾਪ ਕਰਦਿਆਂ ਕਈ ਜਨਮ ਹੋ ਜਾਣਗੇ, ਪਰ ਸਮਰੱਥ ਗੁਰੂ ਨਾਮ ਦੀ ਇਕ ਚਿਣਗ ਲਾ ਕੇ ਕਰੋੜਾਂ ਜਨਮਾਂ ਦੇ ਪਾਪ ਸਾੜ ਦਿੰਦੇ ਹਨ।

ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ॥

ਹੇ ਮੇਰੇ ਮਨ ! ਪ੍ਰਮਾਤਮਾ ਦੇ ਨਾਮ ਨੂੰ ਸਿਮਰ। ਉਸ ਤੋਂ ਅੱਗੇ ਦੋ ਸ਼ਬਦ ਹਨ, ਸਭਿ ਅਰਥਾ। ਨਾਮ ਸਭ ਕੁਝ ਬਖ਼ਸ਼ਦਾ ਹੈ। ਜੋ ਤੇਰੇ ਮਨ ਵਿਚ ਹੈ, ਜੋ ਤੂੰ ਚਾਹੁੰਦਾ ਹੈਂ, ਉਹ ਸਭ ਤੈਨੂੰ ਉਸ ਪ੍ਰਮਾਤਮਾ ਨੂੰ ਜੱਪਣ 'ਤੇ ਮਿਲੇਗਾ। ਨਾਮ ਤੋਂ ਉੱਪਰ ਕੋਈ ਕਰਮ ਨਹੀਂ।

ਪ੍ਰਭ ਕਾ ਸਿਮਰਨੁ ਸਭ ਤੇ ਊਚਾ॥

(ਸੁਖਮਨੀ ਸਾਹਿਬ)

ਇਸ ਦਾ ਅਰਥ ਇਹ ਹੈ ਕਿ ਜਿੰਨੇ ਵੀ ਧਰਮ ਦੇ ਕਰਮ ਹਨ, ਨਾਮ ਦੇ ਉੱਪਰ ਹੋਰ ਕੋਈ ਨਹੀਂ। ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਕਿਸੇ ਵੀ ਚੀਜ਼ ਦੀ ਲੋੜ ਹੈ-

ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ॥

(ਅੰਗ ੬੯੬)

ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ॥
ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੋ ਅੰਤੀ ਅਉਸਰਿ ਲਏ ਛਡਾਏ॥
ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ॥
ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ॥
ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਵਾਏ॥

(ਅੰਗ ੮੯)

ਨਾਮ ਦੇ ਅੱਗੇ ਸਾਰੇ ਟਿੱਕ ਜਾਂਦੇ ਹਨ, ਕਿਉਂਕਿ ਨਾਮ ਤੋਂ ਉੱਚੀ ਕੋਈ ਚੀਜ਼ ਨਹੀਂ। ਧੰਨ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਇਸ ਦੇ ਵਿਚ ਹੀ ਸਾਰੇ ਪਦਾਰਥ ਹਨ -

ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥ ੧ ॥
ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥
ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ਰਹਾਉ॥

(ਅੰਗ ੬੬੯)

ਫਿਰ ਇਸ ਨਾਮ ਦੀ ਕੀਮਤ ਪ੍ਰਮਾਤਮਾ ਦੇ ਘਰ ਵਿਚ ਕਿੰਨੀ ਕੁ ਪੈਂਦੀ ਹੈ ? ਭਾਈ ਸਾਹਿਬ ਭਾਈ ਗੁਰਦਾਸ ਜੀ ਆਪ ਨਾਮ-ਰੱਸੀਏ ਹਨ। ਸਿੱਖੀ ਉਹਨਾਂ ਨੇ ਤਨ ਨਾਲ ਕਮਾਈ ਹੈ। ਉਹਨਾਂ ਨੇ ਆਪਣੀ ਰਚਨਾ ਵਿਚ ਜਿਹੜੇ ਗੁਰਸਿੱਖ ਬਚਨ ਕਮਾਉਂਦੇ ਹਨ, ਸ਼ਬਦ ਦੇ ਅਭਿਨਾਸੀ ਹਨ, ਸ਼ਬਦ ਦੀ ਕੀਮਤ, ਨਾਮ ਦੀ ਕੀਮਤ ਕਿੰਨੀ ਕੁ ਪੈਂਦੀ ਹੈ ? ਉਹਨਾਂ ਨੇ ਤਿੰਨ ਬਚਨ ਕਹੇ। ਕਹਿੰਦੇ ਹਨ ਕਿ ਹੀਰਾ ਦੇਖਣ ਨੂੰ ਛੋਟਾ ਹੈ, ਪਰ ਜਦੋਂ ਉਸਦੀ ਕੀਮਤ ਪੈ ਜਾਂਦੀ ਹੈ ਤਾਂ ਫਿਰ ਦੌਲਤ ਨਾਲ ਇਨਸਾਨ ਦਾ ਘਰ ਭਰਿਆ ਜਾਂਦਾ ਹੈ। ਨਾਮ ਜਪਦੇ ਹਾਂ ਤੇ ਵਾਹਿਗੁਰੂ ਸ਼ਬਦ ਕਹਿੰਦੇ ਹਾਂ, ਕਹਿਣ ਨੂੰ ਸੰਖੇਪ ਜਿਹਾ ਹੈ, ਵਕਤ ਥੋੜ੍ਹਾ ਲੱਗੇਗਾ, ਪਰ ਜਦੋਂ ਇਸ ਕੀਮਤੀ ਹੀਰੇ ਦੀ ਕੀਮਤ ਪਵੇਗੀ ਪਿਆਰਿਉ ! ਉਦੋਂ ਬੰਦੇ ਦਾ ਲੋਕ ਤੇ ਪ੍ਰਲੋਕ ਦਾ ਘਰ ਭਰਿਆ ਜਾਏਗਾ। ਦੂਜਾ ਬਚਨ, ਪੁਰਾਤਨ ਸਮੇਂ ਲੋਕ ਹੁੰਡੀ ਕਰਦੇ ਸਨ। ਅੱਜ ਕੱਲ ਅਸੀਂ ਦੇਖਦੇ ਹਾਂ ਕਿ ਕੋਈ ਚੈੱਕ ਬਣਾਉਂਦਾ ਹੈ, ਕੋਈ ਡਰਾਫ਼ਟ ਬਣਾਉਂਦਾ ਹੈ। ਹੁਣ ਹੁੰਡੀ ਕਰਕੇ ਦੇਣੀ, ਉੱਪਰ ਲਿਖ ਦੇਣਾ ਕਿ ਇੰਨੇ ਪੈਸੇ ਇਸ ਨੂੰ ਤਾਰ ਦੇਣੇ। ਕਾਗ਼ਜ਼ ਦਾ ਭਾਰ ਕਿੰਨਾ ਕੁ ਹੈ, ਜਿਸ ਉੱਪਰ ਹੁੰਡੀ ਬਣਾਈ ਗਈ। ਉਹ ਕਾਗ਼ਜ਼ ਬਿਲਕੁਲ ਛੋਟਾ ਜਿਹਾ ਟੁਕੜਾ ਹੈ, ਪਰ ਜਦੋਂ ਹੁੰਡੀ ਤਾਰੀ ਜਾਂਦੀ ਹੈ ਤਾਂ ਲੋਕਾਂ ਦੀਆਂ ਜੇਬਾਂ ਭਰ ਜਾਂਦੀਆਂ ਹਨ। ਬੋਹੜ ਦਾ ਬੀਜ ਖ਼ਸਖ਼ਾਸ ਦੇ ਦਾਣੇ ਨਾਲੋਂ ਵੀ ਸੂਖਸ਼ਮ ਹੈ। ਜੇ ਕੋਈ ਹੱਥ ਦੀ ਤਲੀ 'ਤੇ ਰੱਖੇ ਤਾਂ ਇਹ ਸ਼ਬਦ ਕਹੇਗਾ ਕਿ ਦੇਖੋ ਇਸ ਦਾਣੇ ਦਾ ਆਕਾਰ ਇੰਨਾ ਸੂਖਸ਼ਮ ਹੈ। ਦੇਖਣ ਨੂੰ ਸੂਖਸ਼ਮ ਹੈ, ਪਰ ਜਦੋਂ ਧਰਤੀ ਚੰਗੀ ਮਿਲ ਗਈ ਤਾਂ ਪਿਆਰਿਉ ! ਉਹ ਨਿੱਕਾ ਜਿਹਾ ਬੋਹੜ ਦਾ ਬੀਜ ਇੰਨੇ ਵੱਡੇ ਰੁੱਖ ਨੂੰ ਜਨਮ ਦੇਵੇਗਾ ਕਿ ਜਿਹੜਾ ਕਈ ਸਦੀਆਂ ਤੱਕ ਕਾਇਮ ਰਹਿੰਦਾ ਹੈ ਤੇ ਹਜ਼ਾਰਾਂ ਲੋਕਾਂ ਨੂੰ ਆਪਣੀ ਛਾਂ ਦਿੰਦਾ ਹੈ। ਇਹ ਹੈ ਗੁਰੂ ਦੇ ਨਾਮ ਦੀ ਬਖ਼ਸ਼ਿਸ਼। ਭਾਈ ਸਾਹਿਬ ਦੇ ਸ਼ਬਦ ਹਨ -

ਜੈਸੇ ਹੀਰਾ ਹਾਥ ਮੈ ਤਨਕ ਸੋ ਦਿਖਾਈ ਦੇਤ,
ਮੋਲ ਕੀਏ ਤੇ ਦਮਕਨ ਭਰਤ ਭੰਡਾਰ ਜੀ॥
ਜੈਸੇ ਬਰ ਬਾਧੇ ਹੁੰਡੀ, ਲਾਗਤ ਨਾ ਭਾਰ ਕਛੁ,
ਆਗੈ ਜਾਇ ਪਾਈਅਤ ਲਛਮੀ ਅਪਾਰ ਜੀ॥
ਜੈਸੇ ਬਟਿ ਬੀਜ ਅਤਿ ਸੂਖਮ ਸਰੂਪ ਹੋਤ,
ਬੋਏ ਸੈ ਬਿਬਿਧ ਕਰੈ ਬਿਰਖਾ ਬਿਸਥਾਰ ਜੀ॥
ਤੈਸੇ ਗੁਰ-ਬਚਨ ਸਚਨ ਗੁਰ ਸਿਖਨ ਮੈ,
ਜਾਨੀਐ ਮਹਾਤਮ, ਗਏ ਹੀ ਹਰਿ-ਦੁਆਰ ਜੀ॥ ੩੭੩॥

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਨਾਮ ਜਪਣ ਵਾਲੇ ਗੁਰਸਿੱਖਾਂ ਦੀ ਕਮਾਈ ਦਾ ਉਦੋਂ ਪਤਾ ਲੱਗਦਾ ਹੈ, ਜਦੋਂ ਮਾਲਕ ਦੇ ਦਰ 'ਤੇ ਪਹੁੰਚਦੇ ਹਨ। ਗੁਰੂ ਰਾਮਦਾਸ ਜੀ ਅੱਜ ਕਹਿ ਰਹੇ ਹਨ ਕਿ ਮੇਰੇ ਮਨ ! ਉਸ

ਪ੍ਰਭੂ ਨੂੰ ਜਪ। ਨਾਮ ਤੇਰੇ ਸਾਰੇ ਕੰਮ ਸਾਰੇਗਾ। ਸੱਚਮੁੱਚ ਸਾਰਦਾ ਹੈ। ਅਸੀਂ ਬਚਨ ਪੜ੍ਹਦੇ ਹਾਂ -

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥

ਆਪੇ ਰਾਖੇ ਤਾਂ ਹੈ, ਪਰ ਇਸ ਸ਼ਬਦ ਨੂੰ ਕਦੀ ਇਹ ਨਹੀਂ ਜੋੜਨਾ ਕਿ ਮੈਂ ਜੱਪਿਆ। ਉਹਨਾਂ ਨੇ ਤਰਸ ਕਰਕੇ ਨਾਮ ਜਪਾਇਆ।

ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ ੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ॥

(ਅੰਗ ੪੦੩)

ਇਕ ਖਿਨ ਵਿਚ ਆਪਣੀ ਮਿਹਰ, ਆਪਣੀ ਹਾਜ਼ਰ-ਨਾਜ਼ਰਤਾ ਪ੍ਰਭੂ ਦਿਖਾ ਦਿੰਦਾ ਹੈ। ਹਜ਼ੂਰ ਕਹਿ ਰਹੇ ਹਨ ਕਿ ਸਾਰੇ ਸੁੱਖ ਮਿਲਣਗੇ, ਮੇਰੇ ਮਨਾ ! ਉਸ ਪ੍ਰਮੇਸ਼ਰ ਦੇ ਨਾਮ ਨੂੰ ਜਪ।

ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ॥ ਰਹਾਉ॥

ਪੂਰੇ ਗੁਰੂ ਨੇ ਤਰੁੱਠ ਕੇ ਨਾਮ ਦ੍ਰਿੜ੍ਹ ਕਰਾ ਦਿੱਤਾ। ਇਹ ਸਭ ਆਪ ਜੀ ਨੂੰ ਗਿਆਤ ਹੈ ਕਿ ਦਸਾਂ ਪਾਤਿਸ਼ਾਹੀਆਂ ਵਿਚ ਜੋਤ ਇਕੋ ਹੀ ਵਰਤਦੀ ਪਈ ਹੈ। ਮਹਾਂਪੁਰਖ ਜਪਾਉਂਦੇ ਹਨ, ਸਤਿਗੁਰੂ ਦ੍ਰਿੜ੍ਹ ਕਰਾਉਂਦੇ ਹਨ। ਹੁਣ ਨਾਮ ਕਿਵੇਂ ਦ੍ਰਿੜ੍ਹ ਕੀਤਾ ਜਾਂਦਾ ਹੈ ? ਅਸੀਂ ਵਾਹਿਗੁਰੂ ਸ਼ਬਦ ਬੋਲ ਰਹੇ ਹਾਂ। ਭਾਵੇਂ ਅੱਖਰ ਚਾਰ ਹਨ। ਕੋਈ ਇਨਸਾਨ ਦਰਿਆ ਦੇ ਕਿਨਾਰੇ ਜਾਂਦਾ ਹੈ ਤੇ ਬੇੜੀਆਂ ਕਈ ਖਲੋਤੀਆਂ ਹਨ। ਇਸਦੇ ਵਿਚ ਕੋਈ ਸ਼ੱਕ ਨਹੀਂ ਕਿ ਕਿਸੇ ਦੀ ਬੇੜੀ ਪੁਰਾਣੀ ਹੈ, ਕਿਸੇ ਦੀ ਨਵੀਂ ਹੈ, ਪਰ ਇਕ ਗੱਲ ਮੰਨਾਂਗੇ ਕਿ ਜਿਸ ਬੇੜੀ 'ਤੇ ਬੈਠੀਏ, ਉਸ ਮਲਾਹ ਦਾ ਭਰੋਸਾ ਕਰਨਾ ਚਾਹੀਦਾ ਹੈ। ਜਿਸ ਨੇ ਧੰਨ ਗੁਰੂ ਨਾਨਕ ਸਾਹਿਬ ਦੇ ਬੇੜੇ ਵਿਚ ਬੈਠਣਾ ਹੈ, ਉਹਨਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਨਾਮ ਦ੍ਰਿੜ੍ਹ ਕਰਾਉਂਦੇ ਹਨ - ਗੁਰੂ ਦੇ ਪੰਜ ਪਿਆਰੇ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ। ਜਦੋਂ ਅੰਮ੍ਰਿਤ ਛਕਾਇਆ ਜਾਂਦਾ ਹੈ, ਨਾਮ ਦ੍ਰਿੜ੍ਹ ਕਰਾਇਆ ਜਾਂਦਾ ਹੈ ਤਾਂ ਹਜ਼ੂਰ ਕਹਿਣ ਲੱਗੇ ਕਿ ਸਮਰੱਥ ਗੁਰੂ ਨੇ ਨਾਮ ਦ੍ਰਿੜ੍ਹ ਕਰਾ ਦਿੱਤਾ ਹੈ ਤੇ ਦ੍ਰਿੜ੍ਹ ਕਰਾ ਕੇ ਗੱਲ ਕਹੀ ਹੈ, ਜਿਹੜੀ ਅੱਜ ਗੱਲ ਮੈਂ ਤੈਨੂੰ ਸਮਝਾਈ ਹੈ, ਇਸ ਤੋਂ ਬਿਨਾਂ ਜ਼ਿੰਦਗੀ ਦਾ ਕੋਈ ਅਰਥ ਨਹੀਂ।

ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ॥

ਜਿਹੜੇ ਮਨਮੁਖ ਬੰਦੇ ਹਨ, ਉਹ ਗੁਰੂ ਤੋਂ ਬਿਨਾਂ, ਸਮਰੱਥ ਸਤਿਗੁਰੂ ਤੋਂ ਬਿਨਾਂ ਆਪ-ਹੁਦਰਾਪਣ ਕਰਦੇ ਹਨ, ਆਪਣੇ ਮਨ ਨੂੰ ਸਾਹਮਣੇ ਰੱਖਦੇ ਹਨ। ਹਜ਼ੂਰ ਕਹਿ ਰਹੇ ਹਨ ਕਿ ਉਹਨਾਂ ਨੇ ਆਪਣੇ ਜੀਵਨ ਨੂੰ, ਆਪਣੇ ਕੀਮਤੀ ਅਵਸਰ ਨੂੰ ਗਵਾ ਦਿੱਤਾ ਹੈ।

ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ॥ ੨॥

ਮਨਮੁਖ ਬੰਦੇ ਮੋਹ ਮਾਇਆ ਵਿਚ ਖਚਤ ਹਨ। ਸਮਰੱਥ ਸਤਿਗੁਰੂ ਦੇ ਚਰਨ ਨਹੀਂ

ਪਰਸੇ ਤੇ ਇੰਨੇ ਸਾਲ, ਇੰਨੀ ਉਮਰ ਭੋਗ ਕੇ ਗਏ। ਪੂਰੇ ਦਾ ਪੂਰਾ ਜਨਮ ਹੀ ਅਕਾਰਥ ਚਲਾ ਗਿਆ। ਆਇਆ ਸੀ ਜੰਮਿਆ, ਮੌਤ ਹੋ ਗਈ, ਚਾਰ ਦਿਨ ਸ਼ਰਧਾਂਜਲੀਆਂ ਲੋਕਾਂ ਨੇ ਦਿੱਤੀਆਂ ਤੇ ਫਿਰ ਕਹਾਣੀ ਖ਼ਤਮ ਹੋ ਗਈ। ਸਾਹਿਬ ਕਹਿੰਦੇ ਹਨ ਕਿ ਇੰਨਾ ਕੀਮਤੀ ਜਨਮ ਅਕਾਰਥ ਚਲਾ ਗਿਆ।

ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ॥

ਉਹਨਾਂ ਨੇ ਸਮਰੱਥ ਸਤਿਗੁਰੂ ਦੇ ਚਰਨਾਂ ਦਾ ਓਟ ਆਸਰਾ ਲਿਆ ਤੇ ਸਾਧੂ ਚਰਨਾਂ ਵਿਚ ਆ ਟਿਕੇ। ਉਹਨਾਂ ਦਾ ਜਨਮ ਸਫਲ ਤੇ ਸਫਲ ਦੇ ਨਾਲ ਸਨਾਥਾ ਹੋ ਗਿਆ। ਮਨਮੁਖ ਨਿਖਸਮਾ ਹੈ। ਮਨਮੁਖ ਅਨਾਥ ਹੈ, ਪਰ ਗੁਰੂ ਦੇ ਚਰਨ ਪਰਸਨ ਵਾਲਾ ਸਨਾਥ ਹੈ, ਉਹ ਖਸਮ ਵਾਲਾ ਹੈ। ਉਸ ਦੇ ਸਿਰ 'ਤੇ ਮਾਲਕ ਖਲੋਤਾ ਹੈ, ਜਿਸਨੇ ਸਤਿਗੁਰੂ ਦੇ ਚਰਨ ਫੜੇ। ਗੁਰੂ ਰਾਮਦਾਸ ਮੇਹਰ ਕਰਦੇ ਹਨ ਕਿ ਉਹ ਸਨਾਥ, ਖਸਮ ਵਾਲਾ, ਮਾਲਕ ਵਾਲਾ ਬਣ ਗਿਆ ਤੇ ਫਿਰ ਮਾਲਕ ਹੀ ਉਸ ਦੀ ਰੱਖਿਆ ਕਰਦੇ ਹਨ, ਪਰ ਉਹਨਾਂ ਦੀ, ਜਿਨ੍ਹਾਂ ਨੇ ਨਾਮ ਦ੍ਰਿੜ੍ਹ ਕੀਤਾ ਹੈ।

ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ॥ ੩ ॥

ਗੁਰੂ ਰਾਮਦਾਸ ਜੀ ਇਹ ਬੇਨਤੀ ਰੂਪ ਵਿਚ ਬਚਨ ਕਹਿ ਰਹੇ ਹਨ ਕਿ ਹੇ ਪ੍ਰਭੂ ! ਮੈਨੂੰ ਦਾਸ ਬਣਾ ਦਿਉ। ਕਿਨ੍ਹਾਂ ਦਾ ? ਸਤਿਗੁਰੂ ਜੀ ਦਾ, ਪ੍ਰਭੂ ਦਾ। ਮੈਨੂੰ ਦਾਸ ਬਣਾਵੋ, ਜਿਹੜੇ ਆਪ ਜੀ ਦੇ ਚਰਨਾਂ ਦੇ ਦਾਸ ਹਨ। ਤੁਸੀਂ ਕ੍ਰਿਪਾ ਕਰੋ, ਮੈਂ ਉਹਨਾਂ ਦਾ ਦਾਸ ਬਣਨ ਦੀ ਜੁਗਤੀ ਸਿਖ ਜਾਵਾਂ। ਇਹ ਹੈ ਨਿਰਮਾਣਤਾ। ਅੱਜ ਦਾਸ ਬਣਨ ਲਈ ਤਿਆਰ ਕੋਈ ਵੀ ਨਹੀਂ। ਜਿੰਨਾ ਦਾਸ ਬਣ ਕੇ ਸੁੱਖ ਹੈ, ਓਨਾ ਸੁਆਮੀ ਬਣ ਕੇ ਸੁੱਖ ਨਹੀਂ। ਸੁਆਮੀ ਦੀਆਂ ਬੜੀਆਂ ਜ਼ਿੰਮੇਵਾਰੀਆਂ ਹਨ, ਦਾਸ ਤਾਂ ਭਰੋਸੇ 'ਤੇ ਜੀਊਂਦਾ ਹੈ। ਹਜ਼ੂਰ ਕਹਿੰਦੇ ਹਨ ਕਿ ਦਾਸ ਬਣ, ਸੇਵਕ ਬਣ। ਸਤਿਗੁਰੂ ਨੇ ਅੰਮ੍ਰਿਤ ਬਾਣੀ ਵਿਚ ਕਿਹਾ ਹੈ ਕਿ ਜਿਹੜੇ ਦਾਸ ਬਣ ਗਏ, ਜਿਨ੍ਹਾਂ ਨੇ ਆਪਣੀ ਹੋਂਦ ਨੂੰ ਮਿਟਾਅ ਦਿੱਤਾ, ਉਹ ਮਾਲਕ ਦੇ ਘਰ ਵਿਚ ਪ੍ਰਵਾਨ ਹੋ ਗਏ। ਗੁਰੂ ਰਾਮਦਾਸ ਮੇਹਰ ਕਰਦੇ ਹਨ ਕਿ ਮੈਨੂੰ ਦਾਸ ਬਣਾ ਲਉ। ਕੇਵਲ ਉਹਨਾਂ ਨੇ ਬਚਨ ਨਹੀਂ ਕਹੇ, ਦਾਸ ਬਣੇ ਵੀ। ਬਾਬਾ ਸ੍ਰੀ ਚੰਦ ਜੀ ਆਉਂਦੇ ਹਨ। ਹਜ਼ੂਰ ਦਾ ਦਾੜ੍ਹਾ ਲੰਮੇਰਾ ਹੈ। ਇਹੀ ਪੁੱਛਿਆ ਹੈ ਕਿ ਦਾੜ੍ਹਾ ਇੰਨਾ ਲੰਮੇਰਾ ਕਿਉਂ ? ਹਜ਼ੂਰ ਸੱਚੇ ਪਾਤਿਸ਼ਾਹ ਨਿਮਰਤਾ ਦੇ ਪੁੰਜ ਚਰਨ ਫੜ ਕੇ ਦਾੜ੍ਹੇ ਨਾਲ ਝਾੜ ਕੇ ਕਹਿਣ ਲੱਗੇ, ਆਪ ਜੈਸੇ ਮਹਾਂਪੁਰਸ਼ਾਂ ਦੇ ਚਰਨ ਝਾੜਨ ਲਈ। ਜਦੋਂ ਹਜ਼ੂਰ ਨੇ ਕਿਹਾ ਆਪ ਜੀ ਦੇ ਚਰਨ ਝਾੜਨ ਲਈ ਤਾਂ ਇਕੋ ਦਮ ਬਾਬਾ ਸ੍ਰੀ ਚੰਦ ਜੀ ਉੱਚੀ ਆਵਾਜ਼ ਵਿਚ ਕਹਿਣ ਲੱਗੇ- ਇਸੇ ਕਰਕੇ ਤਾਂ ਸਾਡਾ ਘਰ ਲੁੱਟਿਆ ਗਿਆ ਹੈ। ਜਿਹੜੇ ਦਾਸ ਸਨ, ਉਹ ਸਭ ਕੁਝ ਲੈ ਗਏ। ਉਥੇ ਕਵੀ ਸੰਤੋਖ ਸਿੰਘ ਨੇ ਇਕ ਸ਼ਬਦ ਕਿਹਾ ਹੈ ਕਿ ਧੰਨ ਗੁਰੂ ਰਾਮਦਾਸ ਜੀ ਦੇ ਬਾਰੇ ਇਹ ਸ਼ਬਦ ਬਾਬਾ ਸ੍ਰੀ ਚੰਦ ਜੀ ਦੇ ਇਤਿਹਾਸਕ ਸ਼ਬਦ ਹਨ। ਆਪਣੇ ਔਗੁਣਾਂ ਨੂੰ ਬੰਦਾ ਦੇਖੇਗਾ ਤਾਂ ਦਾਸ ਜ਼ਰੂਰ ਬਣੇਗਾ। ਜਦੋਂ

ਆਪਣੇ ਔਗੁਣਾਂ ਨੂੰ ਗੁਣ ਰੂਪ ਵਿਚ ਦੇਖੇਗਾ ਅਤੇ ਦੂਜੇ ਦੇ ਗੁਣਾਂ ਨੂੰ ਔਗੁਣ ਰੂਪ ਵਿਚ ਤੱਕੇਗਾ ਤਾਂ ਕਦੀ ਵੀ ਬੰਦਾ ਦਾਸ ਨਹੀਂ ਬਣੇਗਾ, ਹੰਕਾਰੀ ਬਣੇਗਾ।

ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ॥

ਸਾਡੇ ਕੋਲ ਅੱਖਾਂ ਨਹੀਂ, ਅੰਦਰੋਂ ਅਗਿਆਨੀ ਹਾਂ। ਕਈ ਬੰਦਿਆਂ ਕੋਲ ਗਿਆਨ ਹੁੰਦਾ ਨਹੀਂ, ਪਰ ਅਗਿਆਨੀ ਵੀ ਗਿਆਨੀ ਬਣਦੇ ਹਨ। ਸਤਿਗੁਰੂ ਕਹਿਣ ਲੱਗੇ, ਤੁਹਾਡੇ ਮਾਰਗ 'ਤੇ ਕਿਵੇਂ ਚੱਲਾਂਗੇ ? ਹਜ਼ੂਰ ਕਹਿਣ ਲੱਗੇ ਕਿ ਜੇ ਅੱਖਾਂ ਨਹੀਂ ਤਾਂ ਇਕ ਬਖ਼ਸ਼ਿਸ਼ ਮੇਰੇ 'ਤੇ ਕਰ ਦੇਵੋ।

ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ॥ ੪॥

ਸਾਨੂੰ ਆਪਣਾ ਅੰਚਲ ਫੜਾ ਦਿਉ, ਪੱਲਾ ਫੜਾ ਦਿਉ ਤਾਂਕਿ ਤੁਹਾਡੇ ਨਾਲ ਮਿਲ ਕੇ ਚੱਲ ਸਕਾਂ। ਸਤਿਗੁਰੂ ਸਾਡੇ ਸਾਰਿਆਂ 'ਤੇ ਰਹਿਮਤ ਕਰਨ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫਤਿਹ॥

☆☆☆

ਮਨਮੁਖ ਤ੍ਰਿਸਨਾ ਭੁਖ ਨ ਜਾਇ

ਸਲੋਕੁ ਮਃ ੩ ॥

ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥
ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥
ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥
ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥ ੧ ॥
ਮਃ ੩ ॥ ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ ॥
ਗੁਰਮੁਖਿ ਸਬਦੇ ਰਤਿਆ ਸੀਤਲੁ ਹੋਏ ਆਪੁ ਗਵਾਇ ॥
ਅੰਦਰੁ ਤ੍ਰਿਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ ॥
ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ ਜੋ ਨਾਮਿ ਰਹੇ ਲਿਵ ਲਾਇ ॥ ੨ ॥
ਪਉੜੀ ॥ ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ ॥
ਜੋ ਹਰਿ ਨਾਮੁ ਧਿਆਇਦੇ ਤਿਨ ਦਰਸਨੁ ਪਿਖਾ ॥
ਸੁਣਿ ਕੀਰਤਨੁ ਹਰਿ ਗੁਣ ਰਵਾ ਹਰਿ ਜਸੁ ਮਨਿ ਲਿਖਾ ॥
ਹਰਿ ਨਾਮੁ ਸਲਾਹੀ ਰੰਗ ਸਿਉ ਸਭਿ ਕਿਲਵਿਖ ਕ੍ਰਿਖਾ ॥
ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ ॥ ੧੯ ॥

(ਅੰਗ ੬੪੯)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਪਰਮ ਸਨਮਾਨ ਯੋਗ ਜੁਗੋ ਜੁੱਗ ਅਟੱਲ ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ! ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਜੀ ਦੇ ਪਾਵਨ ਪਵਿੱਤਰ ਦਰਬਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਜੋ ਦਾਤਾਰ ਜੀ ਨੇ ਪਾਵਨ ਪਵਿੱਤਰ ਹੁਕਮ ਦੀ ਦਾਤ ਬਖ਼ਸ਼ੀ ਹੈ, ਉਸ ਅੰਮ੍ਰਿਤ ਬਚਨ ਦਾ ਪਾਠ ਆਪ ਜੀ ਨੇ ਸਰਵਨ ਕੀਤਾ ਹੈ। ਇਹ ਅੰਮ੍ਰਿਤ ਬਚਨ ਸੋਰਠਿ ਰਾਗ ਦੀ ਵਾਰ ਵਿਚੋਂ ਹੈ। ਇਸੇ ਪਉੜੀ ਦੇ ਨਾਲ ਦੋ ਸਲੋਕ ਹਨ। ਸਲੋਕ ਤੀਸਰੇ ਗੁਰਦੇਵ

ਗੁਰੂ ਅਮਰਦਾਸ ਜੀ ਦੇ ਉਚਾਰਨ ਕੀਤੇ ਹੋਏ ਹਨ ਅਤੇ ਪਉੜੀ ਸਾਹਿਬ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੀ ਉਚਾਰਨ ਕੀਤੀ ਹੋਈ ਹੈ। ਹਜ਼ੂਰ ਨੇ ਪਹਿਲੇ ਸਲੋਕ ਵਿਚ ਅਸਲ ਵਿਚ ਬ੍ਰਹਮ ਨੂੰ ਬਿੰਦਣ ਵਾਲਾ ਕੌਣ ਹੈ ਅਤੇ ਕਿਸ ਦਾ ਬ੍ਰਹਮਪੁਣਾ ਕਾਇਮ ਰਹਿੰਦਾ ਹੈ, ਇਸ ਦੇ ਸਬੰਧ 'ਚ ਬਖ਼ਸ਼ਿਸ਼ ਕੀਤੀ ਹੈ। ਦੂਜੇ ਸਲੋਕ ਵਿਚ ਹਜ਼ੂਰ ਨੇ ਇਕ ਤਾਂ ਉਹ ਇਨਸਾਨ ਹੈ, ਜਿਸ ਦੀ ਉਮਰ ਭਾਵੇਂ ਜਵਾਨਾਂ ਵਾਲੀ ਹੋਵੇ ਤੇ ਭਾਵੇਂ ਉਹ ਬੁਢੇਪੇ ਵਿਚ ਪ੍ਰਵੇਸ਼ ਕਰ ਚੁੱਕਾ ਹੋਵੇ, ਮਨਮੁਖ ਦੇ ਅੰਦਰ ਤ੍ਰਿਸ਼ਨਾ ਦੀ ਭੁੱਖ ਹੈ, ਪਦਾਰਥਾਂ ਦੀ ਭੁੱਖ ਹੈ ਤੇ ਇਸ ਭੁੱਖ ਕਰਕੇ ਉਸਦਾ ਅੰਦਰ ਦਿਨ ਰਾਤ ਜਲਦਾ ਹੈ, ਪਰ ਗੁਰਮੁਖ ਆਪਣੇ ਅੰਤਰ-ਆਤਮੇ ਤੋਂ ਤ੍ਰਿਪਤ ਹੈ। ਉਸ ਦੇ ਅੰਦਰ ਸੰਤੋਖ ਹੈ। ਇਹ ਦੂਜੇ ਸਲੋਕ ਦਾ ਤੱਤ ਭਾਵ ਹੈ। ਜੋ ਪਉੜੀ ਹੈ, ਇਸ ਵਿਚ ਹਜ਼ੂਰ ਨੇ ਉਸ ਪਰਮ-ਪਿਤਾ ਪ੍ਰਮੇਸ਼ਰ ਦੇ ਚਰਨਾਂ ਵਿਚ ਅਰਦਾਸ ਕੀਤੀ ਹੈ ਕਿ ਜੋ ਗੁਰਮੁਖ ਗੁਰੂ ਜੀ ਦੇ ਸਾਹਮਣੇ ਹੋ ਕੇ ਕਮਾਈ ਕਰਦੇ ਹਨ, ਜੋ ਪ੍ਰਮਾਤਮਾ ਦਾ ਕੀਰਤਨ ਕਰਦੇ ਹਨ ਅਤੇ ਜੋ ਸਤਿਗੁਰੂ ਜੀ ਦੇ ਨਾਮ ਦੀ ਘਾਲ ਘਾਲਦੇ ਹਨ, ਉਹਨਾਂ ਗੁਰਮੁਖਾਂ ਦੀ ਸੰਗਤ ਵਿਚੋਂ ਆਤਮਕ ਜੀਵਨ ਦੀ ਪ੍ਰਾਪਤੀ ਦੇ ਲਈ ਹਜ਼ੂਰ ਨੇ ਅਰਦਾਸ ਕੀਤੀ ਹੈ।

ਸਲੋਕੁ ਮः ੩ ॥

ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ॥

ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਇਸ ਪਾਵਨ ਪਵਿੱਤਰ ਸਲੋਕ ਦੇ ਅੰਦਰ ਆਰੰਭ ਵਿਚ ਬਖ਼ਸ਼ਿਸ਼ ਕਰਦੇ ਹਨ –

ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ

ਬ੍ਰਹਮ ਦਾ ਅੱਖਰੀ ਅਰਥ ਹੈ – ਪਾਰਬ੍ਰਹਮ ਪ੍ਰਮੇਸ਼ਵਰ ਵਾਹਿਗੁਰੂ ਜੀ। ਬਿੰਦੈ ਦਾ ਅਰਥ ਹੈ – ਜਾਣਨਾ। ਜਿਸ ਇਨਸਾਨ ਨੇ ਬ੍ਰਹਮ ਨੂੰ ਪਛਾਣ ਲਿਆ, ਉਸੇ ਦਾ ਇਹ ਬ੍ਰਾਹਮਣ-ਪੁਣਾ ਕਾਇਮ ਹੈ ਤੇ ਉਸ ਬ੍ਰਹਮ ਨੂੰ ਜਾਣਿਆ ਕਿਸ ਨੇ ਹੈ ? ਧੰਨ ਗੁਰੂ ਅਮਰਦਾਸ ਜੀ ਨੇ ਮੇਹਰ ਕੀਤੀ ਕਿ ਜਿਸ ਨੇ ਇਸ ਪਰੀਪੂਰਨ ਪ੍ਰਮਾਤਮਾ ਦੇ ਸ਼ਬਦ ਵਿਚ ਆਪਣੀ ਲਿਵ ਨੂੰ ਲਾ ਲਿਆ ਹੈ, ਜੋ ਪ੍ਰਮਾਤਮਾ ਦੇ ਨਾਮ ਵਿਚ ਆਪਣੀ ਸੁਰਤ ਜੋੜਦਾ ਹੈ, ਵਾਹਿਗੁਰੂ ਜੀ ਦੇ ਨਾਮ ਵਿਚ ਆਪਣੀ ਲਿਵ ਲਾਉਂਦਾ ਹੈ, ਉਸ ਦਾ ਬ੍ਰਹਮ-ਪੁਣਾ ਕਾਇਮ ਰਹਿੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਵਿਚ ਬ੍ਰਹਮ ਸ਼ਬਦ ਤੇ ਬ੍ਰਾਹਮਣ ਸ਼ਬਦ ਵੀ ਆਇਆ ਹੈ।

ਹਿੰਦੁਸਤਾਨ ਦੇ ਵਿਚ ਇਸ ਸ਼ਬਦ ਦੀ ਆਪਾਂ ਖੋਜ ਕਰਨੀ ਹੋਵੇ ਤਾਂ ਆਮ ਤੌਰ 'ਤੇ ਬ੍ਰਾਹਮਣ ਸ਼ਬਦ ਦਾ ਪਹਿਲਾ ਅਰਥ ਕੀਤਾ ਜਾਂਦਾ ਹੈ ਵੇਦਾਂ ਨੂੰ ਜਾਣਨ ਵਾਲਾ। ਦੂਜਾ ਅਰਥ ਹੈ ਕਿ ਚਾਰ ਵਰਨਾਂ ਦੇ ਵਿਚੋਂ ਮਨ ਮੁਤਾਬਿਕ ਕਿਸ ਦਾ ਵਰਨ ਸਭ ਤੋਂ ਸ੍ਰੇਸ਼ਟ ਹੈ। ਸਮੇਂ ਦੇ ਨਾਲ ਜਿਸ ਨੇ ਬ੍ਰਹਮ ਨੂੰ ਪਛਾਣਨਾ ਸੀ, ਉਹ ਕੇਵਲ ਬਾਹਰਮੁਖੀ ਕਰਮ-ਕਾਂਡੀ ਬਣ ਕੇ ਰਹਿ ਗਿਆ। ਆਪਣੇ ਆਪ ਨੂੰ ਯਾਦ ਕਰਕੇ, ਵਰਨ ਕਰਕੇ ਸਭ ਤੋਂ ਸ੍ਰੇਸ਼ਟ ਮੰਨਣ ਲੱਗਾ, ਪਰ

ਅੰਦਰ ਦੇ ਕਰਮਾਂ ਕਰਕੇ ਉਸ ਦੇ ਕੋਲ ਸ਼ੁੱਧਤਾ ਦੀ ਉਚਿਆਈ ਅਤੇ ਸ਼ੁੱਧਤਾ ਦੀ ਪਕਿਆਈ ਨਾ ਰਹੀ। ਉਸ ਨੇ ਸਿਰਫ਼ ਆਪਣੇ ਆਪ ਨੂੰ ਵਰਨ ਕਰਕੇ ਸ੍ਰੇਸ਼ਟ ਮੰਨ ਲਿਆ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਨੇ ਆਤਮਕ ਜੀਵਨ ਕਮਾਉਣ ਵਾਲੇ ਜਿਹੜੇ ਬ੍ਰਹਮ ਨੂੰ ਪਹਿਚਾਣਨ ਵਾਲੇ ਤੇ ਅਭਿਮਾਨੀ ਬ੍ਰਾਹਮਣ ਹਨ, ਇਹਨਾਂ ਦੋਨਾਂ ਦੀਆਂ ਪਰਿਭਾਸ਼ਾਵਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿੱਤੀਆਂ। ਵਰਨ-ਵੰਡ ਦੇ ਮੁਤਾਬਿਕ ਬ੍ਰਾਹਮਣ ਦਾ ਕੰਮ ਹੈ, ਵਿੱਦਿਆ ਪੜ੍ਹੇ ਤੇ ਦੂਜਿਆਂ ਨੂੰ ਵਿੱਦਿਆ ਦੇਵੇ। ਵਰਨ-ਵੰਡ ਮੁਤਾਬਿਕ ਬ੍ਰਾਹਮਣ ਦਾਨ ਲੈਣ ਦਾ ਹੱਕਦਾਰ ਹੈ। ਵਰਨ-ਵੰਡ ਮੁਤਾਬਿਕ ਉਹ ਆਪਣੇ ਆਪ ਨੂੰ ਹਿੰਦੂ ਮੱਤ ਦੀ ਅਗਵਾਈ ਕਰਨ ਵਾਲਾ ਸਮਝਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਬ੍ਰਾਹਮਣ ਦੀ ਵਿਆਖਿਆ ਉਹ ਨਹੀਂ ਦਿੱਤੀ, ਜਿਹੜੀ ਸਦੀਆਂ ਤੱਕ ਹਿੰਦੁਸਤਾਨ ਵਿਚ ਸੀ ਤੇ ਅੱਜ ਵੀ ਕਈ ਥਾਵਾਂ 'ਤੇ ਹੈ ਕਿ ਵੇਦ ਨੂੰ ਪੜ੍ਹਨ ਵਾਲਾ ਬ੍ਰਾਹਮਣ ਹੈ। ਕਰਮ-ਕਾਂਡ ਕਰਨ ਵਾਲਾ ਬ੍ਰਾਹਮਣ ਹੈ। ਹਿੰਦੂ ਧਰਮ ਵਿਚ ਆਪਣੇ ਆਪ ਨੂੰ ਸ੍ਰੇਸ਼ਟ ਰੱਖਣ ਵਾਲਾ ਬ੍ਰਾਹਮਣ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਬਖ਼ਸ਼ਿਸ਼ ਕੀਤੀ ਕਿ ਬ੍ਰਾਹਮਣ ਉਹ ਹੈ, ਜਿਸਨੇ ਆਪਣੇ ਅੰਤਰ-ਆਤਮੇ ਪ੍ਰਮਾਤਮਾ ਨੂੰ ਜਾਣ ਲਿਆ ਹੈ ਤੇ ਉਹ ਜਾਤ ਕਰਕੇ ਨਹੀਂ, ਬਲਕਿ ਕਰਮਾਂ ਕਰਕੇ ਬ੍ਰਾਹਮਣ ਹੈ। ਸਤਿਗੁਰੂ ਦੀ ਬਾਣੀ ਵਿਚ ਜਿਨ੍ਹਾਂ ਨੇ ਆਪਣੀ ਜਾਤ ਕਰਕੇ ਕਿਹਾ ਹੈ ਕਿ ਅਸੀਂ ਬ੍ਰਾਹਮਣ ਹਾਂ, ਸਾਡੇ ਤੋਂ ਸ੍ਰੇਸ਼ਟ ਕੋਈ ਨਹੀਂ, ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਭਗਤਾਂ ਨੇ ਰੂਹਾਨੀਅਤ ਉਪਦੇਸ਼ ਰਾਹੀਂ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਸਹੀ ਅਰਥਾਂ ਵਿਚ ਬ੍ਰਾਹਮਣ ਕੌਣ ਹੈ, ਕਿਉਂਕਿ ਵਰਨ-ਵੰਡ ਮੁਤਾਬਿਕ ਖੱਤਰੀ ਬ੍ਰਾਹਮਣ ਤੋਂ ਬਾਅਦ, ਉਸ ਤੋਂ ਅੱਗੇ ਵੈਸ਼ ਤੇ ਸਭ ਤੋਂ ਨੀਵਾਂ ਸ਼ੂਦਰ ਨੂੰ ਸਮਝਿਆ ਹੈ। ਕਸ਼ੱਤਰੀ ਦਾ ਕਰਮ ਸੀ ਕਿ ਰਣ-ਤੱਤੇ ਵਿਚ, ਮੈਦਾਨ ਵਿਚ ਜੂਝਣਾ ਤੇ ਦੇਸ਼ ਦੀ ਮਾਨਵਤਾ ਦੀ ਦੂਜੇ ਵਰਨਾਂ ਦੀ ਜ਼ਾਲਮ ਤੋਂ ਰੱਖਵਾਲੀ ਕਰਨੀ। ਵੈਸ਼ ਦਾ ਕੰਮ ਸੀ ਖੇਤੀ ਕਰਨੀ। ਸ਼ੂਦਰ ਦਾ ਕੰਮ ਸੀ ਉਸ ਨੇ ਤਿੰਨ ਵਰਨਾਂ ਦੀ ਸੇਵਾ ਕਰਨੀ ਹੈ। ਉਸ ਦੀ ਇੰਨੀ ਉੱਚੀ ਥਾਂ ਨਹੀਂ। ਸ਼ੂਦਰ ਲਈ ਸਵਰਨ ਜਾਤੀ ਦੇ ਮੰਦਿਰ ਵਿਚ ਜਾਣਾ ਵੀ ਵਿਵਰਜਿਤ ਹੈ। ਸ਼ੂਦਰ ਲਈ ਸਵਰਨ ਜਾਤੀ ਦੇ ਲੋਕਾਂ ਦੇ ਖੂਹ ਤੋਂ ਪਾਣੀ ਭਰਨਾ ਵਿਵਰਜਿਤ ਸੀ। ਸਵਰਨ ਜਾਤੀ ਵਾਲੇ ਸ਼ੂਦਰ ਨੂੰ ਆਪਣੇ ਤੋਂ ਅੱਤ ਨੀਵਾਂ ਸਮਝਦੇ ਸਨ। ਪਰ ਸਤਿਗੁਰੂ ਦੀ ਬਾਣੀ ਵਿਚ ਉਹਨਾਂ ਮਹਾਂਪੁਰਖਾਂ ਭਗਤਾਂ, ਉਹਨਾਂ ਸੰਤ ਪੁਰਸ਼ਾਂ ਦੇ ਇਲਾਹੀ ਬਚਨ ਦਰਜ ਹਨ, ਜਿਨ੍ਹਾਂ ਨੂੰ ਉਸ ਸਮੇਂ ਲੋਕ ਅਖੌਤੀ ਜਾਤ ਦੇ ਸ਼ੂਦਰ ਕਹਿੰਦੇ ਸਨ, ਪਰ ਉਹਨਾਂ ਨੇ ਅੰਦਰੋਂ ਬ੍ਰਹਮ ਨੂੰ ਪਛਾਣਿਆ ਹੈ। ਬ੍ਰਹਮ ਨੂੰ ਪਹਿਚਾਣਨ ਕਰਕੇ ਉਹ ਸਭ ਤੋਂ ਉੱਚੇ ਰੁਤਬੇ 'ਤੇ ਜਾ ਬਿਰਾਜਮਾਨ ਹੋਏ।

ਭਗਤ ਕਬੀਰ ਸਾਹਿਬ ਜੀ ਦਾ ਇਕ ਬਚਨ ਹੈ। ਕਹਿੰਦੇ ਹਨ ਕਿ ਤੂੰ ਇਹ ਸ਼ਬਦ ਕਹਿ ਰਿਹਾ ਹੈਂ, ਹਰ ਥਾਂ 'ਤੇ ਕਿ ਮੈਂ ਬ੍ਰਾਹਮਣ ਹਾਂ, ਮੈਂ ਸਭ ਤੋਂ ਉੱਚਾ ਹਾਂ, ਪਰ ਯਾਦ ਰੱਖ ਜਿਸ ਵੇਲੇ ਇਨਸਾਨ ਮਾਤਾ ਦੇ ਉਦਰ ਵਿਚ ਨਿਵਾਸ ਰੱਖਦਾ ਹੈ ਤੇ ਛੋਟਾ ਜਿਹਾ ਜੀਵ ਨਿੰਮਿਆ

ਜਾਂਦਾ ਹੈ, ਉਸ ਸਮੇਂ ਮਾਂ ਦੇ ਗਰਭ ਵਿਚ ਕਿਸੇ ਇਨਸਾਨ ਨੂੰ ਪਤਾ ਨਹੀਂ ਕਿ ਮੇਰੀ ਜਾਤ ਕੀ ਹੈ। ਕੀ ਬ੍ਰਾਹਮਣ ਨੂੰ ਪਤਾ ਸੀ ਮਾਂ ਦੀ ਕੁੱਖ ਵਿਚ ਕਿ ਮੈਂ ਬ੍ਰਾਹਮਣ ਦੇ ਘਰ ਪੈਦਾ ਹੋ ਰਿਹਾ ਹਾਂ ? ਕਿਸੇ ਹਿੰਦੂ ਨੂੰ ਪਤਾ ਸੀ ਮਾਤਾ ਦੇ ਉਦਰ ਵਿਚ ਕਿ ਜਿਸ ਗਰਭ ਵਿਚ ਮੇਰੀ ਪਾਲਣਾ ਹੋ ਰਹੀ ਹੈ, ਇਹ ਔਰਤ ਹਿੰਦੂ ਮੱਤ ਨਾਲ ਸਬੰਧਿਤ ਹੈ। ਹਿੰਦੂ ਹੋਵੇ, ਮੁਸਲਮਾਨ ਹੋਵੇ, ਸਿੱਖ ਹੋਵੇ, ਈਸਾਈ ਹੋਵੇ, ਕਿਸੇ ਨੂੰ ਵੀ ਮਾਂ ਦੇ ਗਰਭ ਵਿਚ ਇਹ ਪਤਾ ਨਹੀਂ ਕਿ ਮੇਰੀ ਜਾਤ ਕੀ ਹੈ। ਉਥੇ ਤਾਂ ਕੇਵਲ ਇਕ ਨਿੱਕਾ ਜਿਹਾ ਸੈੱਲ ਹੈ। ਪ੍ਰਮਾਤਮਾ ਨੇ ਉਸ ਸੈੱਲ ਵਿਚ ਹਰਕਤ ਰੱਖ ਦਿੱਤੀ ਤੇ ਛੇ ਮਹੀਨਿਆਂ ਵਿਚ ਪ੍ਰਮੇਸ਼ਵਰ ਨੇ ਆਪਣੀ ਕ੍ਰਿਪਾ ਨਾਲ ਉਸ ਸਰੀਰ ਨੂੰ ਮੁਕੰਮਲ ਕਰ ਦਿੱਤਾ। 9-10 ਮਹੀਨਿਆਂ ਬਾਅਦ ਬੱਚੇ ਦਾ ਜਨਮ ਹੋਇਆ। ਜਨਮ ਤੋਂ ਬਾਅਦ ਜਦੋਂ ਉਸ ਨੇ ਸੁਰਤ ਸੰਭਾਲੀ ਫਿਰ ਉਸ ਨੂੰ ਦੱਸਿਆ ਜਾਣ ਲੱਗ ਪਿਆ ਕਿ ਤੂੰ ਬ੍ਰਾਹਮਣ ਹੈਂ, ਤੂੰ ਖੱਤਰੀ ਹੈ, ਤੂੰ ਸ਼ੂਦਰ ਹੈਂ, ਤੂੰ ਵੈਸ਼ ਹੈਂ। ਕਬੀਰ ਸਾਹਿਬ ਦੇ ਬਚਨ ਹਨ -

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥

ਮਾਤਾ ਦੇ ਉਦਰ ਵਿਚ ਕਿਸੇ ਨੂੰ ਕੋਈ ਗਿਆਨ ਨਹੀਂ।

ਬ੍ਰਹਮ ਬਿੰਦੁ ਤੇ ਸਭ ਉਤਪਾਤੀ॥

(ਅੰਗ ੩੨੪)

ਉਸ ਪਾਰਬ੍ਰਹਮ ਪ੍ਰਮੇਸ਼ਰ ਦੀ ਮੇਹਰ ਨਾਲ, ਪ੍ਰਮਾਤਮਾ ਦੀ ਬਖ਼ਸ਼ਿਸ਼ ਨਾਲ ਇਕ ਬਿੰਦ ਤੋਂ ਸਰੀਰ ਹੋਂਦ ਵਿਚ ਆਇਆ।

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥

ਇਕ ਪ੍ਰਸ਼ਨ ਕਰ ਰਹੇ ਹਨ। ਪੰਡਿਤ ਦਾ ਅਰਥ ਹੈ - ਵਿਦਵਾਨ ਸੱਜਣ। ਕਹਿੰਦੇ ਹਨ, ਹੇ ਵਿਦਵਾਨ ! ਤੂੰ ਆਪਣੇ ਵਿਚਾਰਾਂ ਵਿਚ ਲੋਕਾਂ ਨੂੰ ਇਹ ਗਿਆਨ ਦੇ ਰਿਹਾ ਹੈਂ ਕਿ ਮੇਰੀ ਕੁਲ ਉੱਚੀ ਹੈ, ਮੈਂ ਬ੍ਰਾਹਮਣ ਹਾਂ। ਦੱਸ, ਮਾਤਾ ਦੇ ਉਦਰ ਵਿਚ ਤੈਨੂੰ ਕੀ ਪਤਾ ਸੀ ? ਤੇ ਕਿਸ ਦਿਨ ਦਾ ਵਿਦਵਾਨ ਪੰਡਿਤ ਤੂੰ ਬ੍ਰਾਹਮਣ ਬਣ ਗਿਆ ਹੈਂ ?

ਬਾਮਨ ਕਹਿ ਕਹਿ ਜਨਮੁ ਮਤ ਖੋਏ॥੧॥ ਰਹਾਉ॥

ਆਪਣੇ ਆਪ ਨੂੰ ਇਸ ਅਹੰਗਤਾ ਨਾਲ ਨਾ ਬੰਨ੍ਹ ਕਿ ਮੇਰਾ ਵਰਨ ਸਭ ਤੋਂ ਸ੍ਰੇਸ਼ਟ ਹੈ। ਉਹਨਾਂ ਦੇ ਬਚਨ ਹਨ -

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥੨॥

(ਅੰਗ ੩੨੪)

ਦੇਖ, ਜੇ ਤੂੰ ਆਪਣੇ ਆਪ ਨੂੰ ਸ੍ਰੇਸ਼ਟ ਮੰਨ ਲਏਂ ਤਾਂ ਬਾਕੀ ਵਰਨ ਵੀ ਉਸ ਮਾਤਾ ਦੇ ਗਰਭ ਜੂਨੀ ਰਾਹੀਂ ਸੰਸਾਰ ਵਿਚ ਆਏ ਹਨ। ਉਹਨਾਂ ਦਾ ਦੁਨੀਆਂ 'ਤੇ ਆਉਣ ਦਾ ਰਸਤਾ

ਇਕੋ ਜਿਹਾ ਹੈ, ਪਰ ਜੇ ਤੇਰੀ ਕੁਲ, ਜੇ ਤੇਰੀ ਜਾਤ, ਜੇ ਤੇਰਾ ਵਰਨ ਸ੍ਰੇਸ਼ਟ ਹੈ ਤਾਂ ਫਿਰ ਇਸ ਗਰਭ ਜੋਨੀ ਦੀ ਥਾਂ ਕਿਸੇ ਹੋਰ ਰਸਤਿਉਂ ਸੰਸਾਰ ਵਿਚ ਕਿਉਂ ਨਹੀਂ ਆਇਆ ? ਬਾਬਾ ਜੀ ਨੇ ਅਗਲਾ ਬਚਨ ਕਿਹਾ –

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥੧॥ਰਹਾਉ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥ ੨ ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥

(ਅੰਗ ੩੨੪)

ਤੂੰ ਉੱਚਾ ਬ੍ਰਾਹਮਣ ਕਿਵੇਂ ਤੇ ਮੈਨੂੰ ਸ਼ੂਦਰ ਕਿਵੇਂ ਕਹਿ ਰਿਹਾ ਹੈਂ। ਦੇਖ ਤੇਰਾ ਸਰੀਰ ਵੀ ਪੰਜਾਂ ਤੱਤਾਂ ਦਾ ਪੁੱਤਲਾ ਹੈ। ਤੈਨੂੰ ਵੀ ਪ੍ਰਮਾਤਮਾ ਨੇ ਪੰਜ ਕਰਮ-ਇੰਦਰੇ ਤੇ ਪੰਜ ਗਿਆਨ-ਇੰਦਰੇ ਦਿੱਤੇ ਹਨ। ਤੈਨੂੰ ਵੀ ਪ੍ਰਮਾਤਮਾ ਨੇ ਸੁਆਸ ਲੈਣ ਲਈ ਪਵਨ ਦਿੱਤੀ ਹੈ, ਪੀਣ ਲਈ ਪਾਣੀ ਦਿੱਤਾ ਹੈ ਅਤੇ ਤੈਨੂੰ ਇਸ ਧਰਤੀ 'ਤੇ ਜੀਉਣ ਲਈ ਅੰਨ ਦਿੱਤਾ ਹੈ। ਜੇ ਅਸੀਂ ਪੰਜਾਂ ਤੱਤਾਂ ਦੇ ਹਾਂ, ਜੇ ਸਾਡੇ ਕਰਮ-ਇੰਦਰੇ ਤੇ ਗਿਆਨ-ਇੰਦਰੇ ਇਕੋ ਜਿਹੇ ਹਨ, ਫਿਰ ਮੈਨੂੰ ਇਕ ਗੱਲ ਦੱਸ ਕਿ ਜੇ ਤੂੰ ਬ੍ਰਾਹਮਣ ਹੈਂ, ਮੇਰੇ ਤੋਂ ਉੱਚਾ ਹੈਂ ਤਾਂ ਪ੍ਰਮਾਤਮਾ ਤੇਰੀਆਂ ਨਾੜਾਂ ਵਿਚ ਖ਼ੂਨ ਦੀ ਥਾਂ 'ਤੇ ਦੁੱਧ ਪੈਦਾ ਕਰ ਦਿੰਦਾ। ਮੇਰੀਆਂ ਨਾੜਾਂ ਵਿਚ ਖ਼ੂਨ ਹੈ ਤੇ ਤੇਰੀਆਂ ਨਾੜਾਂ ਵਿਚ ਵੀ ਖ਼ੂਨ ਹੈ।

ਕਹਿੰਦੇ ਹਨ-

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥

ਜਿਹੜਾ ਪ੍ਰਮਾਤਮਾ ਦੇ ਨਾਮ ਦੀ ਵੀਚਾਰ ਕਰੇ-

ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ ੪ ॥

(ਅੰਗ ੩੨੪)

ਸਾਡੇ ਘਰ ਵਿਚ ਬ੍ਰਾਹਮਣ ਉਹ ਹੈ, ਜਿਹੜਾ ਬ੍ਰਹਮ ਨੂੰ ਪਹਿਚਾਣੇਗਾ। ਜਿਨ੍ਹਾਂ ਨੇ ਬ੍ਰਹਮ ਨੂੰ ਪਹਿਚਾਣਿਆ ਹੈ, ਉਹਨਾਂ ਨੂੰ ਸਤਿਗੁਰੂ ਨੇ ਅੰਮ੍ਰਿਤ ਬਾਣੀ ਵਿਚ ਸ਼ੂਦਰ ਸ਼ਬਦ ਨਹੀਂ ਕਿਹਾ। ਨੀਵੀਂ ਜਾਤ ਸ਼ਬਦ ਨਹੀਂ ਕਿਹਾ, ਕਿਉਂਕਿ ਜਿਹੜਾ ਪਾਰਬ੍ਰਹਮ ਪ੍ਰਮੇਸ਼ਰ ਨੂੰ ਪਹਿਚਾਣ ਲਏਗਾ, ਸਹੀ ਅਰਥਾਂ ਵਿਚ ਉਹ ਹੀ ਬ੍ਰਾਹਮਣ ਹੈ, ਭਾਵੇਂ ਉਹ ਚਮੜੇ ਦਾ ਕੰਮ ਕਿਉਂ ਨਾ ਕਰਦਾ ਹੋਵੇ। ਭਾਵੇਂ ਉਹ ਕੱਪੜੇ ਕਿਉਂ ਨਾ ਬੁਣਦਾ ਹੋਵੇ। ਭਾਵੇਂ ਉਹ ਕੱਪੜੇ ਕਿਉਂ ਨਾ ਰੰਗਦਾ ਹੋਵੇ। ਭਾਵੇਂ ਉਹ ਧੰਨੇ ਦੀ ਤਰ੍ਹਾਂ ਖੇਤਾਂ ਵਿਚ ਹੱਲ ਕਿਉਂ ਨਾ ਵਾਹੁੰਦਾ ਹੋਵੇ। ਜਿਸ ਨੇ ਆਪਣੇ ਅੰਤਰ-ਆਤਮੇ ਬ੍ਰਹਮ ਨੂੰ ਪਛਾਣ ਲਿਆ ਹੈ, ਸਹੀ ਅਰਥਾਂ ਵਿਚ ਉਹ ਹੀ ਬ੍ਰਾਹਮਣ ਹੈ।

ਗੁਰੂ ਅਮਰਦਾਸ ਜੀ ਦਾ ਇਕ ਬਚਨ ਆਉਂਦਾ ਹੈ। ਹਜ਼ੂਰ ਨੇ ਭਗਤ ਕਬੀਰ ਜੀ ਤੇ ਭਗਤ ਨਾਮਦੇਵ ਜੀ ਬਾਰੇ ਇਹ ਬਚਨ ਕਹੇ ਹਨ। ਜੇ ਦੇਖਿਆ ਜਾਏ ਤਾਂ ਕਬੀਰ ਸਾਹਿਬ ਆਪਣੇ ਲਈ ਸ਼ਬਦ ਜੁਲਾਹਾ ਵਰਤਦੇ ਹਨ। ਭਗਤ ਰਵਿਦਾਸ ਜੀ ਆਪਣੇ ਲਈ ਚਮਾਰ ਸ਼ਬਦ ਵਰਤਦੇ ਹਨ। ਭਗਤ ਨਾਮਦੇਵ ਜੀ ਆਪਣੇ ਲਈ ਸ਼ਬਦ ਵਰਤਦੇ ਹਨ ਕਿ -

ਛੀਪੇ ਕੇ ਜਨਮਿ ਕਾਹੇ ਕਉ ਆਇਆ॥

(ਅੰਗ ੧੧੬੪)

ਪਰ ਗੁਰੂ ਅਮਰਦਾਸ ਜੀ ਨੇ ਰਹਿਮਤ ਕੀਤੀ, ਕਹਿਣ ਲੱਗੇ-

ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥

(ਅੰਗ ੬੭)

ਲੋਕ ਕਹਿੰਦੇ ਹਨ, ਕਬੀਰ ਸਾਹਿਬ ਜੁਲਾਹੇ ਹਨ। ਨਾਮਦੇਵ ਜੀ ਛੀਂਬੇ ਹਨ, ਪਰ ਧੰਨ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਨਹੀਂ, ਉਹ ਬ੍ਰਹਮ ਦੇ ਬੇਤੇ ਹਨ। ਪ੍ਰਮਾਤਮਾ ਨੂੰ ਜਾਣਨ ਵਾਲੇ ਹਨ। ਪ੍ਰਮੇਸ਼ਰ ਨਾਲ ਉਹਨਾਂ ਦੀ ਨਾਮ ਜਪ ਕੇ ਸਾਂਝ ਪੈ ਗਈ ਹੈ। ਉਹਨਾਂ ਨੇ ਜਾਤ ਦੀ ਹੰਗਤਾ ਨੂੰ ਮਿਟਾਅ ਦਿੱਤਾ ਹੈ। ਫਿਰ ਉਹਨਾਂ ਦੇ ਹਿਰਦੇ ਵਿਚੋਂ ਜਿਹੜੀ ਬਾਣੀ ਆਈ, ਉਸ ਨੂੰ ਦੇਵਤੇ ਗਾਉਂਦੇ ਹਨ ਤੇ ਉਹਨਾਂ ਦੀ ਸ਼ੋਭਾ ਨੂੰ ਸੰਸਾਰ ਦਾ ਕੋਈ ਵੀ ਮਨੁੱਖ ਮਿਟਾਅ ਨਹੀਂ ਸਕਦਾ।

ਜੇ ਕਿਸੇ ਨੇ ਹਿੰਦੂ ਦੇ ਘਰ ਵਿਚ ਜਨਮ ਲਿਆ ਹੈ ਤਾਂ ਉਹ ਹਿੰਦੂ ਹੈ। ਜੇ ਕਿਸੇ ਨੇ ਮੁਸਲਮਾਨ ਦੇ ਘਰ ਵਿਚ ਜਨਮ ਲਿਆ ਹੈ ਤਾਂ ਉਹ ਮੁਸਲਮਾਨ ਹੈ। ਉਸ ਦੇ ਕਰਮ ਮੁਸਲਮਾਨ ਵਾਲੇ ਨਹੀਂ, ਪਰ ਕਿਹਾ ਇਹੀ ਜਾਂਦਾ ਹੈ। ਯਾਦ ਰੱਖੋ, ਸਿੱਖਾਂ ਵਿਚ ਵੀ ਇਹ ਰੀਤ ਹੈ ਕਿ ਜਿਸ ਦਾ ਬਾਪ ਸਿੱਖ ਹੈ, ਉਸ ਦੇ ਘਰ ਵਿਚ ਜਨਮ ਲੈਣ ਵਾਲਾ ਬੱਚਾ ਉਸ ਲਈ ਵੀ ਆਮ ਤੌਰ 'ਤੇ ਇਹ ਸ਼ਬਦ ਵਰਤਿਆ ਜਾਂਦਾ ਹੈ ਕਿ ਇਹ ਸਿੱਖ ਹੈ। ਪਰ ਜੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਉਚਾਰਦੇ ਹਾਂ ਤਾਂ ਕਿਸੇ ਧਰਮ ਦੇ ਨਾਲ ਸਬੰਧਿਤ ਇਨਸਾਨ ਦੇ ਘਰ ਜਨਮ ਲੈਣ ਕਰਕੇ ਬੰਦਾ ਧਰਮੀ ਕਦੀ ਨਹੀਂ ਬਣਦਾ। ਧਰਮੀ ਬੰਦਾ ਤਾਂ ਬਣਦਾ ਹੈ ਜੇ ਉਸ ਧਰਮ ਦੇ ਮੁਤਾਬਿਕ ਉਹ ਉਸਦੇ ਗੁਣਾਂ ਨੂੰ, ਕਰਮਾਂ ਨੂੰ ਆਪਣੇ ਹਿਰਦੇ ਵਿਚ ਧਾਰਨ ਕਰ ਲੈਂਦਾ ਹੈ। ਮੇਰੇ ਪਿਤਾ ਜੀ ਬਾਣੀ ਪੜ੍ਹਦੇ ਹਨ। ਮੇਰੇ ਦਾਦੇ ਨੇ ਬੜੀ ਬੰਦਗੀ ਕੀਤੀ, ਅਸੀਂ ਕਈ ਪੀੜ੍ਹੀਆਂ ਤੋਂ ਗੁਰਦੁਆਰੇ ਸਾਹਿਬ ਜਾਂਦੇ ਰਹੇ, ਪਰ ਭਾਈ ! ਉਹ ਜਾਂਦੇ ਰਹੇ, ਕਿਉਂਕਿ ਉਹ ਸਿੱਖ ਸਨ ਤੇ ਜੇ ਮੈਂ ਕਦੀ ਗੁਰਦੁਆਰੇ ਨਹੀਂ ਗਿਆ, ਨਾਮ ਨਹੀਂ ਜੱਪਿਆ ਤਾਂ ਮੈਂ ਆਪਣੇ ਆਪ ਨੂੰ ਕਿਵੇਂ ਸਿੱਖ ਆਖਣ ਲੱਗ ਪਿਆ। ਸਿੱਖ ਉਹ ਹੈ, ਜਿਸ ਨੇ ਗੁਰੂ ਦੀ ਸਿੱਖਿਆ ਨੂੰ ਆਪਣੇ ਅੰਤਰ-ਆਤਮੇ ਧਾਰਨ ਕਰ ਲਿਆ ਹੈ ਤੇ ਜੋ ਗੁਰੂ ਨੇ ਜੀਵਨ ਦਾ ਕਾਨੂੰਨ ਦੱਸਿਆ ਹੈ, ਉਸ ਰਹਿਤ ਨੂੰ ਕਮਾਉਣ ਲੱਗਿਆ ਹੈ ਤਾਂ ਸਿੱਖ ਕੇਵਲ ਉਹੀ ਹੈ।

ਭਗਤ ਰਵਿਦਾਸ ਜੀ ਨੇ ਇਸ ਰੂਹਾਨੀਅਤ ਦੇ ਸਬੰਧੀ ਇਕ ਪ੍ਰਮਾਣ ਦਿੱਤਾ ਹੈ। ਧਰਮ ਇਸ ਤਰ੍ਹਾਂ ਨਹੀਂ ਕਿ ਜਿਵੇਂ ਮਾਨੋ ਸਾਡੇ ਬਾਪ-ਦਾਦਿਆਂ ਦੀ ਜ਼ਮੀਨ, ਦੁਕਾਨਾਂ, ਉਹਨਾਂ ਦੇ ਘਰ। ਅਸੀਂ ਦੇਖਦੇ ਹਾਂ ਕਿ ਇਸ ਸੰਸਾਰ ਦਾ ਇਕ ਅਸੂਲ ਹੈ ਕਿ ਜਿਸ ਘਰ ਵਿਚ ਇਕ ਬਾਪ ਰਹਿ ਰਿਹਾ ਹੈ ਤੇ ਉਸ ਦੇ ਘਰ ਵਿਚ ਦੋ ਪੁੱਤਰ ਹੋਣ, ਤਿੰਨ ਪੁੱਤਰ ਹੋਣ ਤਾਂ ਪਿਤਾ ਦੀ ਮੌਤ ਤੋਂ ਬਾਅਦ ਪੁੱਤਰ ਆਪਣੇ ਪਿਤਾ ਦੇ ਘਰ ਦਾ ਵਾਰਿਸ ਹੈ। ਉਸ ਨੂੰ ਕਾਨੂੰਨਨ ਤੌਰ 'ਤੇ ਵਾਰਿਸ ਮੰਨਿਆ ਜਾਏਗਾ। ਪਿਤਾ ਦੀ ਜ਼ਮੀਨ, ਪਿਤਾ ਦੀ ਦੁਕਾਨ, ਪਿਤਾ ਦੀ ਪੂੰਜੀ, ਪਿਤਾ ਦਾ ਜਿੰਨਾ ਵੀ ਧਨ ਹੈ, ਕੁਦਰਤੀ ਤੌਰ 'ਤੇ ਪੁੱਤਰ ਉਸ ਦਾ ਵਾਰਿਸ ਹੈ। ਧਰਮ ਇਸ ਤਰ੍ਹਾਂ ਨਹੀਂ ਕਿ ਜਿਵੇਂ ਪਿਤਾ ਦੇ ਘਰ ਦਾ ਮਾਲਕ ਮੈਂ ਹੀ ਬਣਨਾ ਹੈ, ਆਪਣੇ ਪਿਤਾ ਦੀ ਜ਼ਮੀਨ-ਪੂੰਜੀ ਦਾ ਮਾਲਕ ਪੁੱਤਰ-ਪੋਤਰੇ ਹੀ ਬਣਨਗੇ। ਗੁਰਮੁਖੋ ! ਧਰਮ ਇਸ ਤਰ੍ਹਾਂ ਖ਼ੂਨ ਦੇ ਰਿਸ਼ਤੇ ਕਰਕੇ ਪੀੜੀ ਦਰ ਪੀੜੀ ਨਹੀਂ ਹੁੰਦਾ। ਧਰਮ ਤਾਂ ਅੰਦਰ ਦੀ ਭਾਵਨਾ ਦਾ ਹੈ। ਜੇ ਬਾਪ ਨੇ ਧਰਮ ਨੂੰ ਕਮਾਇਆ ਹੈ ਤਾਂ ਉਹ ਧਰਮੀ ਹੈ, ਪਿਤਾ ਦਾ ਜਪ-ਤਪ ਉਸਦੇ ਨਾਲ ਹੈ, ਪਰ ਪੁੱਤਰ ਧਰਮੀ ਤਾਂ ਬਣੇਗਾ ਜੇ ਆਪ ਖ਼ੁਦ ਧਰਮ ਨੂੰ ਕਮਾਏਗਾ, ਕਿਉਂਕਿ ਧਰਮ ਜ਼ਮੀਨ ਦੀ ਤਰ੍ਹਾਂ ਨਹੀਂ। ਸਤਿਗੁਰੂ ਜੀ ਦੇ ਅੰਮ੍ਰਿਤ ਬਚਨਾਂ ਵਿਚ ਭਗਤ ਰਵਿਦਾਸ ਜੀ ਦੇ ਬਚਨ ਹਨ -

ਆਪਨ ਬਾਪੈ ਨਾਹੀ ਕਿਸੀ ਕੋ

(ਅੰਗ ੬੫੮)

ਪ੍ਰਮਾਤਮਾ ਕਿਸੇ ਦੇ ਬਾਪ ਦਾ ਖ਼ਰੀਦਿਆ ਹੋਇਆ ਨਹੀਂ ਹੈ ਕਿ ਇਸ ਦੀ ਮਲਕੀਅਤ ਹੈ, ਕੇਵਲ ਇਸ ਦੇ ਘਰ ਹੀ ਰਹਿਣੀ ਹੈ।

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥

(ਅੰਗ ੬੫੮)

ਜਿਸ ਨੇ ਕਮਾਇਆ ਹੈ, ਪ੍ਰਮਾਤਮਾ ਕੇਵਲ ਉਸਦਾ ਹੈ। ਸਿੱਖ ਉਹ ਹੈ-

ਸਿਖੀ ਸਿਖਿਆ ਗੁਰ ਵੀਚਾਰਿ॥

(ਅੰਗ ੪੬੫)

ਸਿੱਖੀ ਹੈ-

ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ
ਹਰਿ ਹਰਿ ਕਥਾ ਨਿਰਾਲੀ॥ ੧ ॥ ਰਹਾਉ॥

(ਅੰਗ ੬੬੭)

ਬ੍ਰਾਹਮਣ ਉਹ ਹੈ, ਜਿਸ ਨੇ ਬ੍ਰਹਮ ਨੂੰ ਪਹਿਚਾਣਿਆ ਹੈ। ਜਾਤ ਦੁਨਿਆਵੀ ਕੋਈ ਵੀ ਹੋਵੇ, ਪਰ ਬ੍ਰਹਮ ਨਾਲ ਪਹਿਚਾਣ ਬਣਾਉਣ ਵਾਲਾ ਬ੍ਰਹਮ ਗਿਆਨੀ ਹੈ। ਭਗਤ ਰਵਿਦਾਸ ਜੀ ਨੇ ਇਸ ਦੇ ਸਬੰਧ 'ਚ ਬਚਨ ਕਹੇ ਹਨ। ਸਾਹਿਬ ਕਹਿੰਦੇ ਹਨ ਕਿ ਕਿਸ ਭੁਲੇਖੇ ਵਿਚ

ਹੈ ਸੰਸਾਰ। ਭਗਤ ਸਾਹਿਬ ਕਹਿੰਦੇ ਹਨ ਕਿ ਮੇਰਾ ਕਰਮ ਹੈ ਮਰੇ ਹੋਏ ਪਸ਼ੂ ਢੋਣੇ, ਪਸ਼ੂਆਂ ਦਾ ਚਮੜਾ ਉਤਾਰਨਾ, ਲੋਕਾਂ ਦੇ ਪੈਰਾਂ ਵਿਚ ਪਾਉਣ ਵਾਲੇ ਜੋੜੇ ਤਿਆਰ ਕਰਨਾ, ਪਰ ਉਹਨਾਂ ਵਿਚ ਨਿਮਰਤਾ ਹੈ, ਇਹ ਸ਼ਬਦ ਕਹਿ ਕੇ ਹੰਗਤਾ ਵਿਚ ਨਹੀਂ। ਕਹਿੰਦੇ ਹਨ ਸੰਸਾਰ ਦੇ ਲੋਕੋ ! ਆਉ ਮੇਰੇ ਘਰ ਵੱਲ ਝਾਤੀ ਮਾਰ ਕੇ ਦੇਖੋ, ਮੇਰੀ ਆਪਣੀ ਬਰਾਦਰੀ ਦੇ ਲੋਕ ਅਜੇ ਵੀ ਬਨਾਰਸ ਦੇ ਚਾਰ-ਚੁਫ਼ੇਰੇ ਮਰੇ ਹੋਏ ਪਸ਼ੂ ਢੋਅ ਰਹੇ ਹਨ। ਉਹ ਮਰੇ ਹੋਏ ਪਸ਼ੂਆਂ ਦਾ ਚਮੜਾ ਉਤਾਰ ਰਹੇ ਹਨ, ਪਰ ਮੇਰੇ ਘਰ ਦੇ ਸਾਹਮਣੇ ਉੱਚੀ ਜਾਤ ਦੇ ਬ੍ਰਾਹਮਣ ਸਵੇਰੇ ਆ ਕੇ ਖੜੇ ਹੋ ਜਾਂਦੇ ਹਨ ਤੇ ਜਦੋਂ ਬਾਹਰ ਨਿਕਲਦਾ ਹਾਂ ਤਾਂ ਡੰਡੇ-ਵੱਤ ਜ਼ਮੀਨ 'ਤੇ ਲੇਟ ਕੇ ਮੈਨੂੰ ਮੱਥੇ ਟੇਕਦੇ ਹਨ। ਕਹਿੰਦੇ ਹਨ ਕਿ ਉਹ ਤਾਂ ਬ੍ਰਾਹਮਣ ਹੈ। ਉਹਨਾਂ ਦੇ ਵਰਣ ਮੁਤਾਬਿਕ ਮੈਂ ਸ਼ੂਦਰ ਹਾਂ, ਪਰ ਬ੍ਰਾਹਮਣ ਇਕ ਸ਼ੂਦਰ ਦੇ ਪੈਰਾਂ ਵਿਚ ਕਿਵੇਂ ਝੁੱਕ ਗਿਆ।

ਉਸ ਇਲਾਕੇ ਵਿਚ ਤਾੜੀ ਦੇ ਬ੍ਰਿੱਛ ਬੜੇ ਹੁੰਦੇ ਸਨ। ਇਸ ਦੇ ਵਿਚੋਂ ਇਕ ਰੱਸ ਨਿਕਲਦਾ ਹੈ, ਜਿਸ ਵਿਚ ਨਸ਼ਾ ਹੁੰਦਾ ਹੈ। ਸ਼ਾਸਤਰਕਾਰ ਪੁਰਾਣੇ ਲੋਕ ਇਸ ਤਾੜੀ ਦੇ ਰੁੱਖ ਨੂੰ ਚੰਗਾ ਨਹੀਂ ਸਮਝਦੇ, ਕਿਉਂਕਿ ਇਸ ਦੇ ਵਿਚੋਂ ਨਿਕਲਿਆ ਹੋਇਆ ਰੱਸ ਪੀਣ ਦੇ ਨਾਲ ਬੰਦੇ ਦੀ ਅਕਲ 'ਤੇ ਪਰਦਾ ਪੈ ਜਾਂਦਾ ਹੈ। ਇਸ ਬਾਰੇ ਇਹ ਵੀ ਰਿਵਾਇਤ ਹੈ ਕਿ ਇਹ ਅਪਵਿੱਤਰ ਹੈ, ਪਰ ਜਦੋਂ ਇਸ ਬ੍ਰਿੱਛ ਦਾ ਕੋਈ ਕਾਗ਼ਜ਼ ਬਣਾ ਲਵੇ ਤੇ ਕਾਗ਼ਜ਼ ਵਰਤਦਿਆਂ ਹੋਇਆਂ ਵੀ ਕਈ ਵਾਰੀ ਲੋਕ ਵਿਚਾਰ ਕਰਦੇ ਹਨ ਕਿ ਇਸ ਕਾਗ਼ਜ਼ ਨੂੰ ਤੁਸੀਂ ਵਰਤਣ ਲੱਗੇ ਹੋ, ਪਰ ਭਗਤ ਸਾਹਿਬ ਕਹਿੰਦੇ ਹਨ ਕਿ ਰੁੱਖ ਵੀ ਅਪਵਿੱਤਰ ਤੇ ਉਸ ਦਾ ਬਣਿਆ ਹੋਇਆ ਕਾਗ਼ਜ਼ ਵੀ ਅਪਵਿੱਤਰ ਰਹਿ ਗਿਆ, ਪਰ ਜਦੋਂ ਉਸ ਕਾਗ਼ਜ਼ ਦੇ ਉੱਪਰ ਰਾਮ ਨਾਮ ਲਿਖ ਦਿੱਤਾ, ਪ੍ਰਮੇਸ਼ਰ ਦੀ ਬਾਣੀ ਲਿਖ ਦਿੱਤੀ, ਪ੍ਰਮਾਤਮਾ ਦੀ ਬੰਦਗੀ ਕਰਨ ਵਾਲੇ ਮਹਾਂਪੁਰਸ਼ਾਂ ਦੇ ਬਚਨ ਲਿਖ ਦਿੱਤੇ, ਪ੍ਰਮਾਤਮਾ ਦੇ ਚਰਨਾਂ ਵਿਚ ਅਭੇਦ ਹੋਈਆਂ ਰੂਹਾਂ ਦੇ ਰੂਹਾਨੀਅਤ ਗਿਆਨ ਨੂੰ ਲਿਖ ਦਿੱਤਾ ਤਾਂ ਉਹੀ ਕਾਗ਼ਜ਼ ਜਿਸ ਨੂੰ ਲੋਕ ਅਪਵਿੱਤਰ ਮੰਨਦੇ ਹਨ, ਅੱਜ ਸਾਰੇ ਉਸ ਕਾਗ਼ਜ਼ ਦੇ ਸਾਹਮਣੇ ਝੁੱਕਣ ਲੱਗ ਪਏ, ਕਿਉਂਕਿ ਉਸ ਕਾਗ਼ਜ਼ ਦੇ ਉੱਪਰ ਪ੍ਰਮਾਤਮਾ ਦਾ ਨਾਮ ਲਿਖਿਆ ਸੀ। ਭਗਤ ਸਾਹਿਬ ਨੇ ਕਿਹਾ ਕਿ ਦੇਖ ਉੱਚੀ ਜਾਤ ਵਾਲਿਆ ! ਜੇ ਇਕ ਤਾੜੀ ਦੇ ਬਣੇ ਹੋਏ ਕਾਗ਼ਜ਼ 'ਤੇ ਰਾਮ ਨਾਮ ਲਿਖੀਏ ਤਾਂ ਲੋਕ ਉਸ ਕਾਗ਼ਜ਼ ਅੱਗੇ ਝੁੱਕਦੇ ਹਨ ਤੇ ਜੇ ਚਮੜੇ ਦਾ ਕੰਮ ਕਰਨ ਵਾਲਾ, ਕੱਪੜੇ ਰੰਗਣ ਵਾਲਾ, ਘਰ-ਘਰ ਦੀਆਂ ਬੁੱਤੀਆਂ ਕਰਨ ਵਾਲਾ ਕੋਈ ਇਨਸਾਨ ਆਪਣੇ ਹਿਰਦੇ ਵਿਚ ਪ੍ਰਮਾਤਮਾ ਦਾ ਨਾਮ ਲਿਖ ਲਵੇ ਤਾਂ ਸੱਚ ਜਾਣਿਉ, ਅਖੌਤੀ ਬ੍ਰਾਹਮਣ ਵੀ ਉਸ ਸਾਹਮਣੇ ਝੁਕ ਜਾਂਦੇ ਹਨ, ਜਿਸ ਦੇ ਅੰਦਰ ਬ੍ਰਹਮ ਵੱਸ ਜਾਂਦਾ ਹੈ। ਭਗਤ ਰਵਿਦਾਸ ਜੀ ਦੇ ਬਚਨ ਹਨ –

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥੨॥
ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥

(ਅੰਗ ੧੨੯੩)

ਹੁਣ ਕੀ ਰਵਿਦਾਸ ਬ੍ਰਾਹਮਣ ਨਹੀਂ ਬਣ ਗਏ ? ਉਹਨਾਂ ਦੇ ਅੰਦਰ ਬ੍ਰਹਮ ਹੈ, ਪਰ ਉਹਨਾਂ ਨੇ ਆਪਣੇ ਬਾਹਰਮੁਖੀ ਕਿਰਤ ਨੂੰ ਲੁਕਾਇਆ ਨਹੀਂ।

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥

(ਅੰਗ ੧੨੯੩)

ਪ੍ਰਭੂ ! ਇਹ ਬ੍ਰਾਹਮਣ ਤਾਂ ਝੁਕਦੇ ਹਨ, ਕਿਉਂਕਿ ਮੈਂ ਤੇਰੇ ਨਾਮ ਦੀ ਸ਼ਰਨ ਵਿਚ ਚਲਾ ਗਿਆ। ਅੱਜ ਗੁਰੂ ਅਮਰਦਾਸ ਜੀ ਨੇ ਬਚਨ ਕੀਤਾ ਹੈ ਕਿ -

ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ

ਹਜ਼ੂਰ ਕਹਿੰਦੇ ਹਨ ਕਿ ਜਿਸ ਨੇ ਬ੍ਰਹਮ ਨੂੰ ਪਹਿਚਾਣ ਲਿਆ ਹੈ, ਉਸ ਦਾ ਬ੍ਰਹਮ-ਪੁਣਾ ਕਾਇਮ ਰਹਿ ਗਿਆ ਹੈ, ਕਿਉਂਕਿ ਇਸ ਨੇ ਸ਼ਬਦ ਵਿਚ ਆਪਣੀ ਲਿਵ ਲਾ ਲਈ ਹੈ -

ਏਕੁ ਸਬਦਿ ਲਿਵ ਲਾਇ॥

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥

ਜੋ ਆਪਣੇ ਹਿਰਦੇ ਵਿਚ ਪਰੀਪੂਰਨ ਪ੍ਰਮਾਤਮਾ ਦੇ ਨਾਮ ਨੂੰ ਵਸਾਉਂਦਾ ਹੈ। ਜਿਸ ਦਿਨ ਹਿਰਦੇ ਵਿਚ ਪ੍ਰਮਾਤਮਾ ਦਾ ਨਾਮ ਵੱਸ ਜਾਏ, ਨੌਂ ਨਿੱਧਾਂ ਤੇ ਅਠਾਰਾਂ ਸਿੱਧਾਂ ਦੋ ਅਲੌਕਿਕ ਸ਼ਕਤੀਆਂ, ਉਹ ਦਾਤਾਂ ਜਿਨ੍ਹਾਂ ਦੀ ਪ੍ਰਾਪਤੀ ਕਰਨ ਲਈ ਲੋਕ ਕਈ-ਕਈ ਸਾਲ ਸਾਧਨਾ ਕਰਦੇ ਹਨ। ਜਿਹੜਾ ਪ੍ਰਮਾਤਮਾ ਦੇ ਨਾਮ ਨੂੰ ਹਿਰਦੇ ਵਿਚ ਵਸਾ ਲਵੇਗਾ, ਇਹ ਸ਼ਕਤੀਆਂ ਤਾਂ ਉਸ ਦੇ ਪਿੱਛੇ ਆਪਣੇ ਆਪ ਹੀ ਤੁਰੀਆਂ ਫਿਰਨਗੀਆਂ।

ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ॥

ਗੁਰੂ ਅਮਰਦਾਸ ਮੇਹਰ ਕਰਦੇ ਹਨ। ਪਹਿਲਾਂ ਕਹਿੰਦੇ ਹਨ -

ਏਕ ਸਬਦਿ ਲਿਵ ਲਾਇ॥

ਫਿਰ ਕਿਹਾ ਕਿ ਹਿਰਦੇ ਵਿਚ ਪ੍ਰਮਾਤਮਾ ਨੂੰ ਵਸਾਏ ਤੇ ਹੁਣ ਕਿਹਾ, ਭਾਈ ! ਆਪਣੇ ਹਿਰਦੇ ਵਿਚ ਪੜਤਾਲ ਕਰਕੇ ਦੇਖ ਲਉ ਕਿ ਪ੍ਰਮਾਤਮਾ ਦਾ ਨਾਮ ਸਮਰੱਥ ਸਤਿਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦਾ। ਨਾਮ ਕਰਕੇ ਬ੍ਰਹਮ ਨੂੰ ਪਹਿਚਾਣਨਾ, ਨਾਮ ਕਰਕੇ ਲਿਵ ਲਾਉਣੀ ਹੈ, ਪਰ ਉਸ ਨਾਮ ਦਾ ਦਾਤਾ ਸਮਰੱਥ ਸਤਿਗੁਰੂ ਹੈ। ਸਤਿਗੁਰੂ ਤੋਂ ਬਿਨਾਂ ਕਿਸੇ ਨੂੰ ਨਾਮ ਦੀ ਪ੍ਰਾਪਤੀ ਨਹੀਂ ਹੋਈ।

ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ॥ ੧॥

ਸਮਰੱਥ ਸਤਿਗੁਰੂ ਪੂਰੇ ਭਾਗਾਂ ਵਾਲਿਆਂ ਨੂੰ ਮਿਲਦਾ ਹੈ। ਜਿਸ ਨੂੰ ਪੂਰੇ ਸਤਿਗੁਰੂ ਦੀ ਪ੍ਰਾਪਤੀ ਹੋ ਗਈ, ਉਹ ਸਦੀਵ ਕਾਲ ਲਈ ਸੁੱਖ ਮਾਣਦਾ ਹੈ। ਉਸ ਦੀ ਜ਼ਿੰਦਗੀ ਵਿਚ ਕੋਈ

ਚਿੰਤਾ ਨਹੀਂ। ਧੰਨ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਅਸੀਂ ਰੋਜ਼ ਪੜ੍ਹਦੇ ਹਾਂ -

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ॥
ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥
ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥

(ਆਸਾ ਦੀ ਵਾਰ)

ਸਤਿਗੁਰੂ ਤੋਂ ਬਿਨਾਂ ਕੋਈ ਨਾਮ ਦਾ ਦਾਤਾ ਨਹੀਂ।

ਮ: ੩॥ ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ॥

ਗੁਰੂ ਅਮਰਦਾਸ ਜੀ ਅੱਗੇ ਫਿਰ ਇਸ ਨੂੰ ਤੋਰ ਰਹੇ ਹਨ। ਕਹਿੰਦੇ ਹਨ, ਕੋਈ ਇਨਸਾਨ ਭਾਵੇਂ ਗੱਭਰੂ ਜਵਾਨ ਹੋਵੇ, ਉਸ ਦੀਆਂ ਬਾਹਾਂ ਵਿਚ ਤਾਕਤ, ਲੱਤਾਂ ਵਿਚ ਤਾਕਤ, ਉਸ ਵਿਚ ਗਰਮ ਖ਼ੂਨ ਹੋਵੇ ਤੇ ਉਸ ਦੇ ਕੋਲ ਕੋਈ ਬਜ਼ੁਰਗ ਹੋਵੇ, ਬੁੱਢਾ ਹੋਵੇ, ਜਿਸ ਦੀਆਂ ਅੱਖਾਂ ਵਿਚ ਜੋਤ ਨਹੀਂ, ਜਿਸ ਦੀਆਂ ਲੱਤਾਂ ਵਿਚ ਤਾਕਤ ਨਹੀਂ, ਜਿਸ ਦੇ ਹੱਥਾਂ ਵਿਚ ਤਾਕਤ ਨਹੀਂ, ਜਿਸ ਦਾ ਸਰੀਰ ਕੰਬਦਾ ਹੈ, ਹਜ਼ੂਰ ਨੇ ਕਿਹਾ ਕਿ ਭਾਵੇਂ ਕੋਈ ਗੱਭਰੂ ਹੋਵੇ, ਭਾਵੇਂ ਕੋਈ ਬਜ਼ੁਰਗ ਹੋਵੇ, ਪਰ ਉਸ ਦੇ ਅੰਦਰ ਦੀ ਭੁੱਖ ਛੇਤੀ ਜਾਂਦੀ ਨਹੀਂ। ਜਵਾਨ ਨੂੰ ਵੀ ਤ੍ਰਿਸ਼ਨਾ ਨੇ ਖਾ ਲਿਆ ਤੇ ਬੁੱਢੇ ਨੂੰ ਵੀ ਤ੍ਰਿਸ਼ਨਾ ਨੇ ਖਾ ਲਿਆ। ਜਿਸ ਅੰਦਰ ਤ੍ਰਿਸ਼ਨਾ ਹੈ, ਉਹ ਤੱਪਦਾ ਹੈ।

ਗੁਰਮੁਖਿ ਸਬਦੇ ਰਤਿਆ ਸੀਤਲੁ ਹੋਏ ਆਪੁ ਗਵਾਇ॥

ਗੁਰੂ ਜੀ ਦੇ ਸਨਮੁਖ ਰਹਿਣ ਵਾਲੇ ਅੰਦਰ ਸ਼ਬਦ ਵਿਚ ਰੰਗਿਆ ਗਿਆ। ਉਸ ਨੇ ਸ਼ਬਦ ਦੀ ਕਮਾਈ ਕਰਕੇ ਆਪਣਾ ਆਪ ਗਵਾ ਦਿੱਤਾ ਤੇ ਹਜ਼ੂਰ ਕਹਿ ਰਹੇ ਹਨ ਕਿ ਜਿਸਦੇ ਅੰਦਰ ਤ੍ਰਿਸ਼ਨਾ ਨਹੀਂ, ਉਹ ਬਿਲਕੁਲ ਠੰਢਾ ਹੈ।

ਅੰਦਰੁ ਤ੍ਰਿਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ॥

ਜਿਹੜਾ ਗੁਰੂ ਜੀ ਦੇ ਸਾਹਮਣੇ ਰਹਿਣ ਵਾਲਾ ਇਸ ਰੰਗ ਵਿਚ ਰੰਗਿਆ ਹੈ, ਉਹ ਅੰਦਰੋਂ ਤ੍ਰਿਪਤ ਹੋ ਗਿਆ ਹੈ, ਸੰਤੋਖ ਨਾਲ ਤੇ ਰਜ਼ਾ ਵਿਚ ਸ਼ਬਦ ਨੂੰ ਕਮਾ ਕੇ ਉਹ ਸੜਦਾ ਨਹੀਂ। ਉਹ ਪਰਾਏ ਦੇ ਸੁੱਖ ਨੂੰ ਦੇਖ ਕੇ ਖ਼ੁਸ਼ ਹੁੰਦਾ ਹੈ।

ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ ਜੋ ਨਾਮਿ ਰਹੇ ਲਿਵ ਲਾਇ॥੨॥

ਗੁਰੂ ਦੇ ਸਨਮੁਖ ਰਹਿਣ ਵਾਲੇ ਜੋ ਵੀ ਕਰਦੇ ਹਨ, ਉਹ ਪ੍ਰਵਾਨ ਕਰਦਾ ਹੈ। ਜਿਹੜਾ ਪਰੀਪੂਰਨ ਪ੍ਰਮਾਤਮਾ ਵਿਚ ਆਪਣੀ ਲਿਵ ਜੋੜਦਾ ਹੈ। ਗੁਰਮੁਖ ਕਰਦਾ ਹੀ ਉਹ ਹੈ ਜੋ ਕੁਝ ਉਸ ਦਾ ਗੁਰੂ ਉਸ ਨੂੰ ਕਹਿੰਦਾ ਹੈ।

ਪਉੜੀ॥ ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ॥

ਪਉੜੀ ਚੌਥੇ ਪਾਤਿਸ਼ਾਹ ਧੰਨ ਗੁਰੂ ਰਾਮਦਾਸ ਪਾਤਿਸ਼ਾਹ ਜੀ ਦੀ ਹੈ। ਹਜ਼ੂਰ ਕਹਿ ਰਹੇ ਹਨ ਕਿ ਉਹਨਾਂ ਗੁਰਸਿੱਖਾਂ ਤੋਂ ਮੈਂ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੇ ਆਪਣੇ ਸਤਿਗੁਰੂ ਦੀ ਸਿੱਖਿਆ ਨੂੰ ਆਪਣੇ ਜੀਵਨ ਵਿਚ ਕਮਾਇਆ ਹੈ।

ਜੋ ਹਰਿ ਨਾਮੁ ਧਿਆਇਦੇ ਤਿਨ ਦਰਸਨੁ ਪਿਖਾ॥

ਜਿਹੜੇ ਪ੍ਰਮਾਤਮਾ ਦੇ ਨਾਮ ਨੂੰ, ਵਾਹਿਗੁਰੂ ਜੀ ਦੇ ਨਾਮ ਨੂੰ ਧਿਆਉਂਦੇ ਹਨ, ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਕਹਿ ਰਹੇ ਹਨ ਕਿ ਨਾਮ ਧਿਆਉਣ ਵਾਲੇ ਦੇ ਮੈਂ ਦਰਸ਼ਨ ਕਰਦਾ ਹਾਂ।

ਸੁਣਿ ਕੀਰਤਨੁ ਹਰਿ ਗੁਣ ਰਵਾ ਹਰਿ ਜਸੁ ਮਨਿ ਲਿਖਾ॥

ਉਹ ਸਤਿਗੁਰੂ ਦੇ ਸਾਹਮਣੇ ਰਹਿ ਕੇ ਸਿੱਖੀ ਕਮਾਉਂਦੇ ਹਨ। ਜੋ ਪ੍ਰਮਾਤਮਾ ਦੇ ਨਾਮ ਨੂੰ ਦਿਨ ਰਾਤ ਧਿਆਉਂਦੇ ਹਨ, ਉਹਨਾਂ ਤੋਂ ਬਲਿਹਾਰ ਜਾਂਦਾ ਹਾਂ। ਫਿਰ ਉਹਨਾਂ ਕੋਲ ਬੈਠ ਕੇ ਕੀ ਮਿਲਦਾ ਹੈ ? ਉਹਨਾਂ ਕੋਲੋਂ ਪ੍ਰਮਾਤਮਾ ਦੀ ਬਾਣੀ ਦਾ ਕੀਰਤਨ ਸੁਣਦੇ ਹਾਂ। ਫਿਰ ਉਸ ਪ੍ਰਮਾਤਮਾ ਦੇ ਜੱਸ ਨੂੰ ਅਸੀਂ ਆਪਣੇ ਹਿਰਦੇ ਉੱਪਰ ਲਿਖਦੇ ਹਾਂ।

ਹਰਿ ਨਾਮੁ ਸਲਾਹੀ ਰੰਗ ਸਿਉ ਸਭਿ ਕਿਲਵਿਖ ਕ੍ਰਿਖਾ॥

ਉਸ ਪਰੀਪੂਰਨ ਪ੍ਰਮਾਤਮਾ ਦੇ ਨਾਮ ਨੂੰ ਪ੍ਰੇਮ ਵਿਚ ਭਿੱਜ ਕੇ ਸਲਾਹੁੰਦੇ ਹਾਂ ਤੇ ਜਿਹੜੇ ਕਈ ਜਨਮਾਂ ਦੇ ਅੰਦਰ ਪਾਪ ਹਨ, ਉਹਨਾਂ ਦੀਆਂ ਜੜ੍ਹਾਂ ਨੂੰ ਕੀਰਤਨ ਰਾਹੀਂ, ਨਾਮ ਰਾਹੀਂ ਪੁੱਟ ਦਿੱਤਾ ਹੈ।

ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ॥

ਗੁਰੂ ਰਾਮਦਾਸ ਮੇਹਰ ਕਰ ਰਹੇ ਹਨ ਕਿ ਉਹੀ ਸਰੀਰ, ਉਹੀ ਥਾਂ ਧੰਨਤਾ ਯੋਗ ਸੁਹਾਵਾ ਹੈ, ਜਿੱਥੇ ਮੇਰਾ ਸਤਿਗੁਰੂ ਆਪਣੇ ਚਰਨ ਟਿਕਾ ਲਵੇ।

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ॥

(ਆਸਾ ਦੀ ਵਾਰ)

ਉਹਨਾਂ ਨੇ ਉਸ ਥਾਂ ਦੀ ਧੂੜ ਆਪਣੇ ਮੁਖ 'ਤੇ ਲਾਈ। ਗੁਰੂ ਜੀ ਦਾ ਹਿਰਦਾ ਹੈ ਗੁਰੂ ਦਾ ਸ਼ਬਦ। ਸਤਿਗੁਰੂ ਸਿੱਖ ਦੇ ਹਿਰਦੇ ਵਿਚ ਬੈਠਦੇ ਹਨ ਸ਼ਬਦ ਰੂਪ ਵਿਚ, ਬਾਣੀ ਦੇ ਰੂਪ ਵਿਚ ਤੇ ਉਹੀ ਸਰੀਰ ਭਾਗਾਂ ਵਾਲਾ ਹੈ। ਜਿਸ ਸਰੀਰ ਵਿਚ ਨਾਮ ਟਿੱਕ ਜਾਵੇ, ਉਹ ਸਰੀਰ ਧੰਨਤਾ ਯੋਗ ਹੈ। ਸਤਿਗੁਰੂ ਮੇਹਰ ਕਰਨ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਹਮ ਸਭਨਾ ਕੇ ਸਾਜਨ

ਧਨਾਸਰੀ ਮਃ ੫ ॥

ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ॥
ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ॥੧॥
ਸਾਧਸੰਗਿ ਚਿੰਤ ਬਿਰਾਨੀ ਛਾਡੀ॥
ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ॥੧॥ ਰਹਾਉ॥
ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥੨॥
ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥੩॥
ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ॥
ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ॥੪॥੩॥

(ਅੰਗ ੬੭੧)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਗੁਰੂ ਗ੍ਰੰਥ ਸਾਹਿਬ ਜੀ ਨੇ ਜੋ ਅੱਜ ਹੁਕਮ ਰੂਪ ਵਿਚ ਸ਼ਬਦ ਬਖ਼ਸ਼ਿਸ਼ ਕੀਤਾ ਹੈ, ਰਾਗ ਧਨਾਸਰੀ ਵਿਚ ਹੈ। ਇਸ ਅਮੋਲਕ ਬਚਨ ਦੇ ਉਚਾਰਨ ਕਰਤਾ ਪੰਚਮ ਗੁਰਦੇਵ ਧੰਨ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਹਨ। ਇਸ ਸ਼ਬਦ ਦੇ ਵਿਚਾਰ ਦਾ ਜੋ ਧੁਰਾ ਜਾਂ ਸਮੁੱਚਾ ਭਾਵ ਹੈ, ਉਹ ਇਸ ਪ੍ਰਕਾਰ ਹੈ ਕਿ ਪੂਰੇ ਸਤਿਗੁਰੂ ਜੀ ਦੇ ਚਰਨਾਂ ਵਿਚ ਜੁੜ ਕੇ ਉਸ ਪ੍ਰਮਾਤਮਾ ਦੀ ਕ੍ਰਿਪਾ ਦੇ ਨਾਲ ਨਾਮ ਅੰਮ੍ਰਿਤ ਦੀ ਪ੍ਰਾਪਤੀ ਤੇ ਉਸ ਨਾਮ ਦੇ ਸਦਕਾ ਅੰਦਰ ਦੇ ਬੰਧਨਾਂ ਤੋਂ ਮੁਕਤੀ। ਜਿਸ ਹਿਰਦੇ ਵਿਚ ਨਾਮ ਆ ਗਿਆ, ਸਾਧ ਸੰਗਤ ਵਿਚ ਜੁੜ ਕੇ ਹਜ਼ੂਰ ਫ਼ੁਰਮਾ ਰਹੇ ਹਨ ਕਿ ਪਰਾਈ ਆਸ ਮੁੱਕ ਗਈ। ਕਿਸੇ ਨੂੰ ਦੇਖ ਕੇ ਵੈਰੀ ਵਾਲੀ ਬਿਰਤੀ ਖ਼ਤਮ ਹੋ ਗਈ। ਹੁਣ ਨਾ ਕਿਸੇ ਨਾਲ ਦੁਸ਼ਮਣੀ ਕਮਾਈਦੀ

ਹੈ ਤੇ ਨਾ ਕੋਈ ਸਾਡੇ ਨਾਲ ਵੈਰ ਕਮਾਉਂਦਾ ਹੈ। ਸਤਿਗੁਰੂ ਕਹਿੰਦੇ ਹਨ ਕਿ ਹਰ ਇਕ ਨੂੰ ਆਪਣਾ ਮਿੱਤਰ ਬਣਾਇਆ ਹੈ ਤੇ ਅੰਦਰ ਦਾ ਖਲਜਗਨ ਖ਼ਤਮ ਹੋ ਗਿਆ ਹੈ। ਪ੍ਰਮਾਤਮਾ ਦੀ ਪ੍ਰਾਪਤੀ ਹੋਈ ਹੈ ਤੇ ਜਿਹੜਾ ਭੀਖ ਮਨ ਨਹੀਂ ਸੀ ਸਮਝਦਾ, ਸ਼ਬਦ ਦੀ ਮੇਹਰ ਨਾਲ ਇਸ ਦਾ ਭੀਖਪੁਣਾ ਖ਼ਤਮ ਹੋ ਗਿਆ। ਅੰਦਰ ਨਾਮ ਅੰਮ੍ਰਿਤ ਦੀ ਵਰਖਾ ਹੋ ਗਈ।

ਧਨਾਸਰੀ ਮ: ੫॥

ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ॥

ਗੁਰੂ ਪੰਚਮ ਪਾਤਿਸ਼ਾਹ ਮਹਾਰਾਜ ਜੀ ਨੇ ਇਸ ਅਮੋਲਕ ਬਚਨ ਦੀ ਪ੍ਰਾਰੰਭਤਾ ਕਰਦਿਆਂ ਬਖ਼ਸ਼ਿਸ਼ ਕੀਤੀ ਹੈ ਕਿ ਉਸ ਪਰਮ ਪਿਤਾ ਪ੍ਰਮਾਤਮਾ ਨੇ ਕ੍ਰਿਪਾ ਕੀਤੀ, ਤਰਸ ਖਾਧਾ ਤੇ ਆਪਣਾ ਨਾਮ ਸਾਨੂੰ ਬਖ਼ਸ਼ਿਸ਼ ਵਜੋਂ ਦਿੱਤਾ। ਜਿਹੜਾ ਮਨ ਅੱਗੇ ਬੰਧਨਾਂ ਵਿਚ ਜਕੜਿਆ ਹੋਇਆ ਸੀ, ਜਿਹੜਾ ਮਨ ਅੱਗੇ ਸੰਸਾਰ ਦੀ ਪਕੜ ਵਿਚ ਸੀ, ਉਸ ਮਨ ਦੀ ਬੰਦ-ਖ਼ਲਾਸੀ ਕਰਾ ਦਿੱਤੀ, ਉਸ ਦੇ ਬੰਧਨ ਕੱਟ ਦਿੱਤੇ ਹਨ।

ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ॥

ਉਸ ਪ੍ਰਭੂ ਜੀ ਨੇ ਮੇਹਰ ਕਰਕੇ ਸਮਰੱਥ ਗੁਰੂ ਜੀ ਦੇ ਚਰਨਾਂ ਨਾਲ ਲਾ ਦਿੱਤਾ ਤੇ ਮਨ ਦੇ ਅੰਦਰ ਜਿਹੜਾ ਸੰਸਾਰ ਦਾ ਰੌਲਾ-ਰੱਪਾ ਸੀ, ਸਮਰੱਥ ਗੁਰੂ ਜੀ ਨੇ ਆਪਣੇ ਚਰਨਾਂ ਨਾਲ ਜੋੜ ਕੇ ਮਨ ਦਾ ਸਾਰਾ ਝਮੇਲਾ ਦੂਰ ਕਰ ਦਿੱਤਾ।

ਪਹਿਲਾ ਬਚਨ ਹਜ਼ੂਰ ਨੇ ਕੀਤਾ ਹੈ ਕਿ ਪ੍ਰਮਾਤਮਾ ਦੀ ਕ੍ਰਿਪਾ ਨਾਲ ਨਾਮ ਦੀ ਦਾਤ ਤੇ ਨਾਮ ਦੀ ਬਦੌਲਤ ਅੰਦਰ ਦੇ ਬੰਧਨਾਂ ਤੋਂ ਮੁਕਤੀ ਮਿਲ ਗਈ। ਜੇ ਅਸੀਂ ਆਪਣੇ ਜੀਵਨ ਵਿਚ ਦੇਖੀਏ ਤਾਂ ਸਿਰਫ਼ ਪਕੜ ਹੀ ਦੁਨੀਆਂ ਵਿਚ ਦੁੱਖ ਹੈ। ਜਿਸ ਨੇ ਪਕੜ ਛੱਡ ਦਿੱਤੀ, ਉਸ ਨੂੰ ਕੋਈ ਵੀ ਦੁੱਖ ਨਹੀਂ। ਕਿਸੇ ਪਾਸੇ ਵੀ ਮਨ ਜਕੜਿਆ ਰਿਹਾ ਜਾਂ ਕਿਸੇ ਚੀਜ਼ ਵੱਲ ਆਪਣੀ ਪਕੜ ਬਣਾ ਕੇ ਰੱਖੇ, ਉਹ ਪਕੜ ਹੀ ਦੁੱਖਦਾਈ ਬਣਦੀ ਹੈ। ਜਿਸ ਵੇਲੇ ਉਸਨੇ ਅੰਦਰ ਦੀ ਪਕੜ ਹੀ ਛੱਡ ਦਿੱਤੀ ਤਾਂ ਕਦੀ ਵੀ ਅੰਦਰ ਨੂੰ ਫਿਰ ਦੁੱਖ ਨਹੀਂ। ਦੇਖੋ, ਅਸੀਂ ਸਰੀਰ ਵਿਚ ਰਹਿੰਦੇ ਹਾਂ। ਆਤਮਾ, ਸਰੀਰ ਤੇ ਮਨ ਤਿੰਨ ਸ਼ਬਦ ਵਰਤੇ ਜਾਂਦੇ ਹਨ। ਜਿੰਨੀ ਦੇਰ ਤੱਕ ਇਸ ਸਰੀਰ ਦੀ ਪਕੜ ਹੈ ਜਾਂ ਇਸ ਵਿਚ ਆਤਮਾ ਦਾ ਮਿਲਾਪ ਹੈ, ਉੱਨੀ ਦੇਰ ਤੱਕ ਇਹ ਸਰੀਰ ਸੁੱਖ, ਦੁੱਖ, ਖ਼ੁਸ਼ੀ ਤੇ ਗ਼ਮੀ ਵੀ ਮਹਿਸੂਸ ਕਰਦਾ ਹੈ। ਜਦੋਂ ਪਕੜ ਛੁੱਟ ਜਾਏ ਤਾਂ ਇਸ ਤਨ ਨੂੰ ਜੋ ਮਰਜ਼ੀ ਕੋਈ ਕਰੀ ਜਾਏ, ਇਸ ਉੱਪਰ ਕੋਈ ਅਸਰ ਨਹੀਂ।

ਗੁਰੂ ਗ੍ਰੰਥ ਸਾਹਿਬ ਦੀ ਅੰਮ੍ਰਿਤ ਬਾਣੀ ਵਿਚ ਦੋ ਬਚਨ ਹਨ ਕਿ ਜਿਸ ਥਾਂ 'ਤੇ ਸਾਡਾ ਮਿਲਾਪ ਹੁੰਦਾ ਹੈ, ਦੁੱਖ ਵੀ ਉਸੇ ਦਾ ਸਾਨੂੰ ਤੰਗ ਕਰਦਾ ਹੈ ਤੇ ਸੁੱਖ ਵੀ ਉਸੇ ਦਾ ਸਾਨੂੰ ਭਰਮਾਉਂਦਾ ਹੈ। ਸਤਿਗੁਰੂ ਨੇ ਅੰਮ੍ਰਿਤ ਬਾਣੀ ਵਿਚ ਦੋ ਪ੍ਰਮਾਣ ਬਖ਼ਸ਼ਿਸ਼ ਕੀਤੇ ਹਨ। ਹਜ਼ੂਰ ਨੇ ਫ਼ੁਰਮਾਇਆ ਹੈ ਕਿ ਬਰਸਾਤ ਦੇ ਦਿਨਾਂ ਵਿਚ ਪੁਰਾਤਨ ਸਮੇਂ ਜਦੋਂ ਗੁੜ ਮਿੱਟੀ ਦੇ ਬਰਤਨਾਂ ਵਿਚ ਘਰਾਂ ਵਿਚ ਰੱਖਦੇ ਸਨ ਤਾਂ ਵਰਖਾ ਦੇ ਦਿਨਾਂ ਵਿਚ ਉਸ ਗੁੜ ਨੇ ਚਿੱਪ-ਚਿੱਪਾ

ਜਿਹਾ ਹੋ ਜਾਣਾ। ਹੁਣ ਗਿੱਲੀ ਜਿਹੀ ਇਕ ਗੁੜ ਦੀ ਰੋੜੀ ਬਾਹਰ ਘਰਵਾਲੀ ਨੇ ਰੱਖ ਦਿੱਤੀ ਤੇ ਇਕ ਮੱਖੀ ਉੱਡ ਕੇ ਉਸ ਰੋੜੀ ਉੱਪਰ ਆ ਕੇ ਬੈਠ ਗਈ। ਮੱਖੀ ਦਾ ਸੁਭਾਅ ਹੈ ਕਿ ਉਹ ਮਿੱਠੇ ਦੇ ਉੱਪਰ ਜ਼ਰੂਰ ਜਾਏਗੀ। ਜੇਕਰ ਮੱਖੀ ਉਸਦੀ ਪਕੜ ਨਾ ਬਣਾਉਂਦੀ, ਸਿਰਫ਼ ਗੁੜ ਨੂੰ ਚੱਖਦੀ, ਆਪਣੀ ਪੇਟ ਪੂਰਤੀ ਕਰਦੀ ਤੇ ਉਡਾਰੀ ਮਾਰਦੀ ਤਾਂ ਫਿਰ ਉਸ ਕੋਲ ਜੀਵਨ ਸੁਖਮਈ ਸੀ। ਪਰ ਜਦੋਂ ਗੁੜ ਦੀ ਢੇਲੀ ਉੱਤੇ ਬੈਠੀ ਤਾਂ ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਉਸ ਨਿੱਕੀ ਜਿਹੀ ਮੱਖੀ ਦੇ ਮਨ ਵਿਚ ਵੀ ਇਹ ਖ਼ਿਆਲ ਆ ਗਿਆ ਕਿ ਹੋਰ ਕਿਸੇ ਨੂੰ ਪਤਾ ਨਾ ਲੱਗ ਜਾਏ, ਕਿੰਨਾ ਚੰਗਾ ਹੋਵੇ ਕਿ ਮੈਂ ਇਸ ਗੁੜ ਦੀ ਢੇਲੀ ਉੱਪਰ ਆਪਣਾ ਹੀ ਕਬਜ਼ਾ ਰੱਖਾਂ, ਕਿਸੇ ਦੂਜੇ ਨੂੰ ਪਤਾ ਹੀ ਨਾ ਲੱਗੇ। ਜਦੋਂ ਮੇਰਾ ਚਿੱਤ ਆਵੇ, ਮੈਂ ਮਿੱਠੇ ਨੂੰ ਰੱਜ ਕੇ ਖਾਵਾਂ। ਉਸ ਦੇ ਅੰਦਰ ਦੇ ਫੁਰਨੇ ਨੇ ਇਕ ਪਕੜ ਪੈਦਾ ਕਰ ਦਿੱਤੀ। ਉਸਨੇ ਰੱਜ ਕੇ ਗੁੜ ਨੂੰ ਚੱਖਿਆ। ਆਪਣਾ ਉਦਰ ਵੀ ਭਰਿਆ ਪਰ ਗੁੜ ਸੀ ਗਿੱਲਾ, ਜਿੰਨੀ ਦੇਰ ਤੱਕ ਉਹ ਖਾਂਦੀ ਰਹੀ, ਖ਼ੁਸ਼ ਸੀ। ਜਦੋਂ ਉੱਡਣ ਲੱਗੀ ਤਾਂ ਹੁਣ ਉਸ ਦੇ ਖੰਭ ਵੀ ਗੁੜ ਨੇ ਜਕੜ ਲਏ ਤੇ ਉਸ ਦੀਆਂ ਛੋਟੀਆਂ-ਛੋਟੀਆਂ ਲੱਤਾਂ ਵੀ ਗੁੜ ਨੇ ਜਕੜ ਲਈਆਂ। ਹੁਣ ਮੱਖੀ ਤਾਂ ਉੱਡਣਾ ਚਾਹੁੰਦੀ ਹੈ, ਪਰ ਗੁੜ ਨੇ ਇੰਨਾ-ਕੁ ਘੁੱਟ ਕੇ ਜਕੜਿਆ ਹੈ ਕਿ ਇਸ ਦੇ ਅੰਦਰ ਉੱਡਣ ਦੇ ਫੁਰਨੇ ਹਨ, ਪਰ ਗੁੜ ਦੀ ਪਕੜ ਉਸ ਨੂੰ ਉੱਡਣ ਨਹੀਂ ਦਿੰਦੀ। ਜਿਹੜਾ ਗੁੜ ਉਸ ਦੀ ਜ਼ਿੰਦਗੀ ਦਾ ਆਧਾਰ ਸੀ, ਪਕੜ ਕਰਕੇ ਉਹੀ ਗੁੜ ਉਸ ਦੀ ਜ਼ਿੰਦਗੀ ਲਈ ਅੰਤ ਬਣ ਕੇ ਆ ਗਿਆ। ਉਥੇ ਹੀ ਮੱਖੀ ਨੇ ਉਸ ਮਿੱਠੇ 'ਤੇ ਬੈਠਿਆਂ ਆਪਣੇ ਪ੍ਰਾਣ ਤਿਆਗ ਦਿੱਤੇ।

ਗੁਰੂ ਕੇ ਸਿੱਖੋ ! ਅਸਲੀਅਤ ਵਿਚ ਜੇ ਅਸੀਂ ਇਸ ਮਨ ਦੀ ਬਿਰਤੀ ਵੱਲ ਦੇਖੀਏ ਤਾਂ ਇਹ ਮਿੱਠਾ ਜਾਣ ਕੇ ਵਾਸ਼ਨਾਵਾਂ 'ਤੇ ਮੋਹਿਤ ਹੁੰਦਾ ਹੈ। ਇਹ ਮਿੱਠਾ ਜਾਣ ਕੇ ਸੰਸਾਰ ਦੇ ਪਦਾਰਥਾਂ 'ਤੇ ਮੋਹਿਤ ਹੁੰਦਾ ਹੈ। ਇਹ ਮਿੱਠਾ ਜਾਣ ਕੇ ਸੰਸਾਰ ਦੇ ਔਗੁਣਾਂ 'ਤੇ ਮੋਹਿਤ ਹੁੰਦਾ ਹੈ। ਕੁਝ ਕੁ ਦਿਨ ਇਹ ਵਿਸ਼ੇ ਵਾਸ਼ਨਾਵਾਂ ਨੂੰ ਭੋਗਦਾ ਹੈ, ਪਕੜ ਵਿਚ ਬੈਠਾ ਰਹਿੰਦਾ ਹੈ, ਪਰ ਜਦੋਂ ਕਿਤੇ ਖ਼ਿਆਲ ਆਉਂਦਾ ਹੈ ਉਡਾਰੀ ਮਾਰਨ ਦਾ ਤਾਂ ਉਸ ਜਕੜ ਵਿਚ ਇੰਨਾ ਫੱਸ ਜਾਂਦਾ ਹੈ ਕਿ ਹੁਣ ਉਡਣਾ ਚਾਹੇ ਤਾਂ ਵੀ ਇਸ ਦੇ ਅੰਦਰ ਦੀ ਵਾਸ਼ਨਾ ਇਸ ਨੂੰ ਉੱਡਣ ਨਹੀਂ ਦਿੰਦੀ। ਦੇਖੋ, ਬਾਂਦਰ ਕਿੰਨਾ ਚੰਚਲ ਹੈ। ਉਸ ਦੇ ਅੰਦਰ ਟਿਕਾਅ ਨਹੀਂ। ਇੰਨਾ ਚੰਚਲ ਹੈ ਕਿ ਇਕ ਰੁੱਖ 'ਤੇ ਬੈਠਾ ਹੋਵੇਗਾ ਤਾਂ ਇਕੋ ਦੱਮ ਛਾਲ ਮਾਰ ਕੇ ਟਪੂਸੀ ਮਾਰ ਕੇ ਦੂਜੇ ਰੁੱਖ 'ਤੇ ਜਾ ਬੈਠਦਾ ਹੈ। ਅੱਜ ਕਲੰਦਰ ਨੇ ਉਸ ਬਾਂਦਰ ਨੂੰ ਕਾਬੂ ਕਰਨ ਲਈ ਇਕ ਤਰਕੀਬ ਸੋਚੀ। ਉਸ ਨੇ ਇਕ ਮਿੱਟੀ ਦਾ ਬਰਤਨ ਲਿਆਂਦਾ, ਉਸ ਦੇ ਵਿਚ ਚਣੇ ਪਾ ਦਿੱਤੇ ਤੇ ਜ਼ਮੀਨ ਵਿਚ ਟੋਆ ਪੁੱਟ ਕੇ ਉਸ ਬਰਤਨ ਨੂੰ ਦੱਬ ਦਿੱਤਾ। ਬਾਂਦਰ ਆਇਆ ਤੇ ਉਸ ਨੇ ਦੇਖਿਆ ਕਿ ਉਸ ਬਰਤਨ ਵਿਚ ਚਣੇ ਹਨ। ਬਰਤਨ ਦੇ ਵਿਚ ਆਪਣਾ ਹੱਥ ਪਾ ਦਿੱਤਾ, ਪਰ ਜਦੋਂ ਉਸ ਨੇ ਛੋਲਿਆਂ ਦੀ ਮੁੱਠੀ ਭਰ ਲਈ ਤਾਂ ਹੁਣ ਉਹ ਆਪਣੇ ਹੱਥ ਨੂੰ ਬਾਹਰ ਕੱਢਣ ਲੱਗਾ ਹੈ। ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਬਰਤਨ ਦਾ ਮੂੰਹ ਸੌੜਾ ਹੈ। ਉਹ ਹੱਥ ਕੱਢਣਾ ਚਾਹੁੰਦਾ ਹੈ ਤੇ ਹੱਥ ਵਿਚ ਚਣੇ ਹੋਣ ਕਰਕੇ ਹੱਥ ਉਸ ਘੜੇ ਵਿਚੋਂ ਬਾਹਰ ਨਹੀਂ ਨਿਕਲਦਾ। ਜੇ ਛੋਲਿਆਂ

ਦੀ ਮੁੱਠੀ ਦੀ ਪਕੜ ਨਾ ਹੋਵੇ ਤਾਂ ਭਾਂਡਾ ਕਿਉਂ ਬਾਂਦਰ ਨੇ ਫੜਿਆ। ਉਸ ਦੇ ਕੋਲ ਚਣਿਆਂ ਦੀ ਮੁੱਠੀ ਦੀ ਪਕੜ ਸੀ, ਹੱਥ ਖਿੱਚਣਾ ਚਾਹੁੰਦਾ ਹੈ, ਪਰ ਹੱਥ ਉਸ ਦੇ ਵਿਚੋਂ ਨਿਕਲਦਾ ਨਹੀਂ। ਜੇ ਹੱਥ ਕੱਢ ਲਵੇ ਤਾਂ ਚਣੇ ਛੁੱਟਦੇ ਹਨ। ਇਸੇ ਹੀ ਕਸ਼ਮਕਸ਼ ਵਿਚ ਇੰਨੀ ਦੇਰ ਨੂੰ ਕਲੰਦਰ ਆਇਆ, ਉਸ ਨੇ ਚਣਿਆਂ ਦੀ ਮੁੱਠੀ ਪਿੱਛੇ ਪਕੜੇ ਹੋਏ ਬਾਂਦਰ ਦੇ ਗਲ਼ ਵਿਚ ਰੱਸਾ ਪਾਇਆ ਤੇ ਆਪਣੇ ਅੱਗੇ ਲਾ ਲਿਆ। ਯਾਦ ਰੱਖਿਉ, ਉਸ ਬਾਂਦਰ ਨੇ ਜਿੰਨੀ ਦੇਰ ਤੱਕ ਉਸ ਦਾ ਸਰੀਰ ਕਾਇਮ ਸੀ, ਚੱਲ ਫਿਰ ਸਕਦਾ ਸੀ, ਕਲੰਦਰ ਦੇ ਇਸ਼ਾਰਿਆਂ ਦੇ ਉੱਤੇ ਉਸ ਨੇ ਘਰ-ਘਰ ਦੇ ਅੱਗੇ ਨਾਚ ਕੀਤੇ। ਜਿਵੇਂ ਕਲੰਦਰ ਨੇ ਕਿਹਾ, ਬਾਂਦਰ ਉਸੇ ਤਰ੍ਹਾਂ ਨੱਚਿਆ। ਕਬੀਰ ਸਾਹਿਬ ਕਹਿੰਦੇ ਹਨ ਕਿ ਜਿਹੜਾ ਹਰ ਇਕ ਦੇ ਬੂਹੇ ਅੱਗੇ ਬਾਂਦਰ ਜਾ ਕੇ ਨੱਚਦਾ ਪਿਆ ਹੈ, ਇਸ ਨੂੰ ਪੁੱਛ ਕੇ ਦੇਖੋ ਕਿ ਗ਼ੁਲਾਮੀ ਕਿਵੇਂ ਤੇਰੇ ਗਲ਼ ਪੈ ਗਈ ? ਉੱਤਰ ਮਿਲੇਗਾ, ਸਿਰਫ਼ ਚਣਿਆਂ ਦੀ ਮੁੱਠੀ ਦੀ ਪਕੜ ਨੇ ਮਾਰ ਦਿੱਤਾ। ਸਤਿਗੁਰੂ ਨੇ ਬਾਣੀ ਵਿਚ ਬਚਨ ਕਿਹਾ ਹੈ -

ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ॥
ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ॥

(ਅੰਗ ੩੩੬)

ਬਾਰਿ ਭਾਵ ਦਰ ਜਾਂ ਦਰਵਾਜ਼ਾ। ਇਕ ਮੁਹਾਵਰਾ ਸਾਡੀ ਜ਼ਬਾਨ 'ਤੇ ਚੜ੍ਹਿਆ ਹੈ ਕਿ ਹੁਣ ਇਸ ਨੂੰ ਕੰਬਲ ਨਹੀਂ ਛੱਡਦਾ। ਆਮ ਤੌਰ 'ਤੇ ਕਹਿੰਦੇ ਹਨ ਕਿ ਮੈਂ ਤਾਂ ਕੰਬਲ ਨੂੰ ਛੱਡਦਾ ਹਾਂ, ਹੁਣ ਕੰਬਲ ਨਹੀਂ ਮੈਨੂੰ ਛੱਡਦਾ ਪਿਆ। ਇਹ ਜਿਹੜੀਆਂ ਕਹਾਵਤਾਂ ਸਨ, ਇਹਨਾਂ ਦੇ ਪਿੱਛੇ ਕੋਈ ਨਾ ਕੋਈ ਰਮਜ਼ ਸੀ। ਹੁਣ ਅਸੀਂ ਸ਼ਬਦ ਵਰਤਦੇ ਹਾਂ ਕਿ ਇਹ ਵੀ ਕੋਈ ਬੰਦਾ ਹੈ, ਨਾ ਤਿੰਨਾਂ ਵਿਚ ਨਾ ਤੇਰ੍ਹਾਂ ਵਿਚ। ਇਸ ਦੇ ਵਿਚ ਵੀ ਇਕ ਰਮਜ਼ ਹੈ। ਆਮ ਤੌਰ 'ਤੇ ਪੁਰਾਤਨ ਸਮੇਂ ਖ਼ੁਸ਼ੀ ਦਾ ਜਿਹੜਾ ਕੰਮ ਹੁੰਦਾ ਸੀ, ਉਹ ਤਿੰਨ ਦਿਨਾਂ ਦਾ ਹੁੰਦਾ ਸੀ। ਜੇ ਅਖੰਡ ਪਾਠ ਸਾਹਿਬ ਰਖਾਉਂਦੇ ਹਾਂ ਤਾਂ ਤਿੰਨ ਦਿਨ। ਜੇ ਘਰ ਵਿਚ ਬੱਚੇ ਦਾ ਵਿਆਹ ਹੋਣਾ ਹੈ ਤਾਂ ਉਸ ਦੀ ਖੇਡ ਵੀ ਤਿੰਨ ਦਿਨ ਹੁੰਦੀ ਸੀ। ਹੁਣ ਵੱਖਰੀ ਗੱਲ ਹੋ ਗਈ ਹੈ ਕਿ ਤਿੰਨ ਦਿਨ ਵਾਲਾ ਤੇਰ੍ਹਾਂ ਦਿਨਾਂ 'ਤੇ ਅੱਪੜ ਗਿਆ ਤੇ ਤੇਰ੍ਹਾਂ ਦਿਨਾਂ ਵਾਲਾ ਤਿੰਨਾਂ ਦਿਨਾਂ 'ਤੇ ਆ ਗਿਆ। ਪੁਰਾਣੇ ਸਮੇਂ ਵਿਚ ਕਿਸੇ ਦੀ ਮੌਤ ਹੋ ਜਾਣੀ ਤਾਂ ਦੱਸਵਾਂ ਕਰਨਾ, ਤੇਰ੍ਹਵਾਂ ਕਰਨਾ। ਕਹਿਣ ਲੱਗੇ ਗ਼ਮ ਵਿਚ ਤੇਰ੍ਹਾਂ ਦਿਨ ਤੱਕ ਲੋਕ ਤੁਰਦੇ ਸਨ। ਇਸ ਦਾ ਮਤਲਬ ਸੀ ਕਿ ਤੂੰ ਕਾਹਦਾ ਬੰਦਾ ਹੈਂ, ਤੈਨੂੰ ਨਾ ਕਿਸੇ ਖ਼ੁਸ਼ੀ ਵਿਚ ਪੁੱਛਿਆ ਤੇ ਨਾ ਕਿਸੇ ਨੇ ਗ਼ਮੀ ਵਿਚ ਪੁੱਛਿਆ। ਨਾ ਤੂੰ ਤਿੰਨਾਂ ਵਿਚ ਹੈਂ ਤੇ ਨਾ ਤੂੰ ਤੇਰ੍ਹਾਂ ਵਿਚ ਹੈਂ। ਜਿਹੜਾ ਤੇਰ੍ਹਾਂ ਵਾਲਾ ਸੀ, ਉਹ ਤਿੰਨਾਂ 'ਤੇ ਆ ਗਿਆ। ਮੌਤ ਹੁੰਦੀ ਹੈ, ਸਸਕਾਰ ਕੀਤਾ ਹੈ। ਅਜੇ ਉਸ ਦੀ ਚਿੱਖਾ ਵੀ ਠੰਢੀ ਨਹੀਂ ਹੋਈ ਤੇ ਤੀਜੇ ਦਿਨ ਅਸੀਂ ਇਹ ਵੀ ਕਹਿ ਦਿੰਦੇ ਹਾਂ ਕਿ ਰੱਖੋ ਪਾਠ, ਵੀਰਵਾਰ ਮਰਿਆ ਤੇ ਐਤਵਾਰ ਨੂੰ ਭੋਗ ਪਾ ਕੇ ਕੰਮ ਖ਼ਤਮ ਕਰੋ।

ਇਕ ਵਿਆਹ ਤੋਂ ਪਹਿਲਾਂ ਪਤਾ ਨਹੀਂ ਕਿੰਨੇ-ਕੁ ਕਰਮ-ਕਾਂਡ ਸਾਡੇ ਲੋਕ ਕਰਦੇ ਹਨ। ਅਸਲੀਅਤ ਇਹ ਹੈ ਕਿ ਅਮੀਰ ਬੱਚੇ ਦੇ ਵਿਆਹ ਤੋਂ ਪਹਿਲਾਂ ਜਿੰਨੇ ਉਹ ਸ਼ਗਨ ਕਰਦੇ ਹਨ, ਮੇਰਾ ਖ਼ਿਆਲ ਹੈ ਦੱਸ ਗ਼ਰੀਬ ਬੱਚਿਆਂ ਦੇ ਵਿਆਹ ਹੋ ਸਕਦੇ ਹਨ। ਉਹ ਤਿੰਨ ਤੇਰ੍ਹਾਂ ਬਣ ਗਏ ਤੇ ਤੇਰ੍ਹਾਂ ਤਿੰਨ 'ਤੇ ਆ ਗਏ। ਇਸ ਦਾ ਭਾਵ ਇਹ ਨਹੀਂ ਕਿ ਅਰਦਾਸ ਜਦੋਂ ਮਰਜ਼ੀ ਕਰੀਏ। ਪਰ ਮੌਤ ਹੋਈ ਹੈ, ਇਕ ਮੌਕਾ ਆ ਗਿਆ ਕਿਤੇ ਦੱਸ ਦਿਨ ਤੂੰ ਕਰਦਾ ਹੈਂ, ਉਸ ਨੂੰ ਕਰਮ-ਕਾਂਡ ਨਾ ਸਮਝ, ਸਹਿਜ ਪਾਠ ਰੱਖ, ਸਵੇਰੇ ਖ਼ੁਦ ਪਾਠ ਸੁਣ, ਰਾਤ ਨੂੰ ਪਾਠ ਸੁਣ ਤੇ ਸਹਿਜ ਪਾਠ ਤੋਂ ਬਾਅਦ ਕੀਰਤਨ ਹੋਵੇ ਤੇ ਸ਼ਬਦ ਦੀ ਵਿਚਾਰ ਹੋਵੇ। ਜਿਹੜਾ ਘਰ ਵਿਚੋਂ ਗਿਆ ਹੈ, ਇਸ ਦੀ ਮੌਤ ਦੇ ਵੇਲੇ ਤੂੰ ਬਾਣੀ ਪੜ੍ਹੀ। ਹੋ ਸਕਦਾ ਹੈ ਕਿ ਜਦੋਂ ਤੇਰੀ ਮੌਤ ਦਾ ਸਮਾਂ ਆਵੇ ਤੇ ਤੂੰ ਸੁਧਰ ਜਾਵੇਂ। ਪਕੜ ਹੀ ਬੰਦੇ ਨੂੰ ਡੋਬਦੀ ਹੈ।

ਜਿਹੜਾ ਸ਼ਬਦ ਕਹਿੰਦੇ ਹਨ ਕਿ ਕੰਬਲ ਨਹੀਂ ਛੱਡਦਾ, ਸਿਆਣੇ ਲੋਕ ਕਹਿੰਦੇ ਸਨ ਕਿ ਨਦੀ ਵਿਚ ਹੜ੍ਹ ਆਇਆ ਤੇ ਕੁਝ ਸੱਜਣ ਤੁਰੇ ਜਾਂਦੇ ਹਨ। ਕੀ ਦੇਖਿਆ ਕਿ ਇਕ ਕਾਲੇ ਰੰਗ ਦਾ ਕੰਬਲ ਪਾਣੀ ਵਿਚ ਰੁੜ੍ਹਿਆ ਆ ਰਿਹਾ ਹੈ। ਇਕ ਨੇ ਛਾਲ ਮਾਰੀ ਕੰਬਲ ਨੂੰ ਫੜਨ ਲਈ। ਬਸਤਰ ਉਸ ਦੇ ਕੋਲ ਸਨ, ਪਰ ਦੂਜੇ ਨੂੰ ਪਤਾ ਨਾ ਲੱਗੇ, ਤੇਜ਼ੀ ਨਾਲ ਛਾਲ ਮਾਰ ਕੇ ਕੰਬਲ ਨੂੰ ਫੜਨ ਲੱਗਾ, ਜਦੋਂ ਕੰਬਲ ਨੂੰ ਹੱਥ ਪਾਇਆ ਤਾਂ ਪਕੜ ਵਾਲਾ ਡੁੱਬਣ ਲੱਗ ਪਿਆ। ਜਦੋਂ ਡੁੱਬੇ ਤਾਂ ਉਸ ਨੇ ਦੋਨੋਂ ਹੱਥ ਉੱਚੇ ਕਰ ਲਏ ਤੇ ਸਾਥੀਆਂ ਨੇ ਕਿਹਾ, ਛੱਡ ਪਰ੍ਹਾਂ ਜੇ ਕੰਬਲ ਇੰਨਾ ਭਾਰਾ ਹੈ ਤਾਂ ਇਸ ਨੂੰ ਛੱਡ ਕੇ, ਕਿਉਂ ਮਰਨ ਲੱਗਾ ਹੈਂ ਡੁੱਬ ਕੇ। ਉਸ ਨੇ ਹੱਥ ਉੱਚੇ ਕਰਕੇ ਕਿਹਾ, ਭਰਾਵੋ ! ਮੈਂ ਤਾਂ ਕੰਬਲ ਨੂੰ ਛੱਡੀ ਬੈਠਾ ਹਾਂ, ਪਰ ਹੁਣ ਕੰਬਲ ਨੇ ਮੈਨੂੰ ਫੜ ਲਿਆ ਹੈ। ਕਿਉਂ ? ਅਸਲ ਵਿਚ ਉਹ ਕੰਬਲ ਨਹੀਂ ਸੀ, ਕਿਤੇ ਰਿੱਛ ਤਰਿਆ ਆਉਂਦਾ ਸੀ। ਸਿਰਫ਼ ਉਸ ਨਿੱਕੀ ਜਿਹੀ ਪਕੜ 'ਤੇ ਪੁਰਾਣੇ ਲੋਕਾਂ ਨੇ ਇਕ ਕਹਾਵਤ ਬਣਾ ਲਈ।

ਧੰਨ ਗੁਰੂ ਅਰਜਨ ਸਾਹਿਬ ਅੱਜ ਮੇਹਰ ਪਏ ਕਰਦੇ ਹਨ ਕਿ ਸਮਰੱਥ ਗੁਰੂ ਨੇ ਕ੍ਰਿਪਾ ਕੀਤੀ, ਆਪਣੇ ਦਰੋਂ-ਘਰੋਂ ਨਾਮ ਦੀ ਦਾਤ ਦਿੱਤੀ ਤੇ ਨਾਮ ਦੀ ਬਖ਼ਸ਼ਿਸ਼ ਕਰਕੇ ਮੇਰੇ ਬੰਧਨਾਂ ਤੋਂ ਮੈਨੂੰ ਮੁਕਤ ਕਰ ਦਿੱਤਾ। ਹਜ਼ੂਰ ਨੇ ਬਾਣੀ ਵਿਚ ਬੰਧਨ ਵੀ ਕਹੇ ਹਨ ਕਿ ਜਦੋਂ ਇਨਸਾਨ ਬੰਧਨਾਂ ਤੋਂ ਮੁਕਤ ਹੋ ਜਾਏ ਤਾਂ ਬੰਧਨ ਹੈ ਕੀ ? ਅਸੀਂ ਪੜ੍ਹਦੇ ਹਾਂ -

ਬੰਧਨ ਮਾਤ ਪਿਤਾ ਸੰਸਾਰਿ॥
ਬੰਧਨ ਸੁਤ ਕੰਨਿਆ ਅਰੁ ਨਾਰਿ॥੨॥
ਬੰਧਨ ਕਰਮ ਧਰਮ ਹਉ ਕੀਆ॥

(ਅੰਗ ੪੧੬)

ਇਹ ਬੰਧਨ ਹਨ ਕਿ ਸੰਸਾਰ ਮੇਰਾ, ਪਰਿਵਾਰ ਮੇਰਾ, ਪੁੱਤਰ-ਧੀਆਂ ਮੇਰੇ, ਰਿਸ਼ਤੇਦਾਰ ਮੇਰੇ। ਜਦੋਂ ਬੰਦਾ ਧਰਮ ਦੇ ਕਰਮ ਕਰਕੇ ਵੀ ਹੰਗਤਾ ਦੇ ਵਿਚ ਫੱਸ ਜਾਏ ਤਾਂ ਕਹਿਣ ਲੱਗਾ

ਕਿ ਮੈਂ ਇੰਨਾ ਕੁਝ ਕੀਤਾ ਹੈ। ਗੁਰਮੁਖੋ ! ਕਈ ਵਾਰੀ ਉਹ ਕਰਮਾਂ ਦੀ ਹੰਗਤਾ ਵੀ ਬੰਦੇ ਲਈ ਬੰਧਨ ਬਣ ਜਾਂਦੀ ਹੈ। ਸਤਿਗੁਰੂ ਨੇ ਬਾਣੀ ਵਿਚ ਬਖ਼ਸ਼ਿਸ਼ ਕੀਤੀ ਹੈ ਕਿ ਜਦੋਂ ਗੁਰੂ ਨੇ ਨਾਮ ਦਿੱਤਾ ਤਾਂ ਬੰਧਨ ਛੁੱਟ ਗਏ। ਬੰਧਨ ਛੁੱਟੇ ਤੇ ਅੰਦਰੋਂ ਮੁਕਤ ਹੋ ਗਿਆ। ਹੁਣ ਇਹ ਮੁਕਤੀ ਕੀ ਹੈ ? ਭਾਵੇਂ ਅਸੀਂ ਮੁਕਤੀ ਦੀ ਪਰਿਭਾਸ਼ਾ ਇਹ ਵੀ ਨਿਸ਼ਚਿਤ ਕਰਦੇ ਹਾਂ ਕਿ ਮਰਨ ਤੋਂ ਬਾਅਦ ਮੁਕਤ ਹੈ, ਪਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਮਰਨ ਤੋਂ ਬਾਅਦ ਮੁਕਤੀ ਦੀ ਗੱਲ ਕਰਨ ਵਾਲਿਆਂ ਨੂੰ ਦਰਕਨਾਰ ਕਰਕੇ ਗੱਲ ਕਹੀ ਹੈ। ਜੀਊਂਦੇ ਜੀਅ ਜੇ ਮੁਕਤੀ ਪ੍ਰਾਪਤ ਹੋ ਗਈ ਤਾਂ ਸਹੀ ਅਰਥਾਂ ਵਿਚ ਤੂੰ ਜੀਵਨ ਮੁਕਤ ਹੈਂ ਤੇ ਜੇ ਤੂੰ ਜੀਊਂਦੇ ਜੀਅ ਸਰੀਰ ਵਿਚ ਚਿੰਬੜਿਆ ਹੈਂ, ਸੰਸਾਰ ਵਿਚ ਚਿੰਬੜਿਆ ਹੈਂ ਤੇ ਚਾਰ ਟਕੇ ਦਾਨ ਕਰਕੇ ਕਹੇਂ ਕਿ ਮੁਕਤੀ ਮਿਲ ਗਈ ਤਾਂ ਮਰਨ ਤੋਂ ਬਾਅਦ ਮੁਕਤੀ ਕਦੀ ਵੀ ਨਹੀਂ।

ਹੁਣ ਜੀਊਂਦੇ ਜੀਅ ਮੁਕਤ ਕੀ ਹੈ ? ਸੁਖਮਨੀ ਸਾਹਿਬ ਦੇ ਬਚਨ ਹਨ ਕਿ –

ਪ੍ਰਭ ਕੀ ਆਗਿਆ ਆਤਮ ਹਿਤਾਵੈ॥
ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਹਰਖੁ ਤੈਸਾ ਉਸੁ ਸੋਗੁ॥
ਸਦਾ ਅਨੰਦੁ ਤਹ ਨਹੀ ਬਿਓਗੁ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥
ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥

(ਸੁਖਮਨੀ ਸਾਹਿਬ)

ਉਹ ਪਕੜ ਤੋਂ ਮੁਕਤ ਹੈ। ਦੇਖੋ ਆਪਣੇ ਮਨ ਦੀ ਗੱਲ ਕਰਾਂਗਾ। ਮੈਨੂੰ ਮਾਣ ਤਾਂ ਚੰਗਾ ਲੱਗੇਗਾ, ਪਰ ਜੇ ਮੈਂ ਪਕੜ ਵਿਚ ਹਾਂ ਤਾਂ ਮੈਨੂੰ ਕਦੀ ਵੀ ਅਪਮਾਨ ਚੰਗਾ ਨਹੀਂ ਲੱਗੇਗਾ। ਮੈਨੂੰ ਆਪਣੀ ਸਿਫ਼ਤ ਤਾਂ ਬੇਹੱਦ ਚੰਗੀ ਲੱਗੇਗੀ, ਪਰ ਮੈਂ ਆਪਣੀ ਨਿੰਦਿਆ ਨਹੀਂ ਸੁਣ ਸਕਾਂਗਾ। ਮੈਂ ਮਿੱਟੀ ਦੀ ਮੁੱਠ ਤਾਂ ਛੱਡ ਦੇਵਾਂਗਾ, ਪਰ ਸੋਨੇ ਨੂੰ ਪਕੜ ਲਵਾਂਗਾ। ਮੈਂ ਮਿੱਤਰ ਲਈ ਸੁੱਖ ਮੰਗਾਂਗਾ ਤੇ ਦੁਸ਼ਮਣ ਨੂੰ ਵੈਰੀ ਜਾਣ ਕੇ ਉਸ ਦੇ ਲਈ ਬੁਰਾ ਮੰਗਾਂਗਾ। ਸੱਚ ਜਾਣਿਉ, ਉਹ ਮੁਕਤੀ ਨਹੀਂ, ਉਹ ਤਾਂ ਬੰਧਨਾਂ ਵਿਚ ਜਕੜਿਆ ਹੋਇਆ ਅੰਦਰ ਹੈ। ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਮਾਲਕ ਨੇ ਕ੍ਰਿਪਾ ਕਰਕੇ ਨਾਮ ਦਿੱਤਾ ਤੇ ਬੰਦ-ਖ਼ਲਾਸੀ ਕਰ ਦਿੱਤੀ। ਹੁਣ ਮਿੱਟੀ ਹੋਵੇ, ਭਾਵੇਂ ਸੋਨਾ ਹੋਵੇ, ਮਿੱਤਰ ਹੋਵੇ, ਭਾਵੇਂ ਦੁਸ਼ਮਣ

ਹੋਵੇ, ਮਾਣ ਹੋਵੇ, ਭਾਵੇਂ ਅਪਮਾਨ ਹੋਵੇ, ਭਾਵੇਂ ਨਿੰਦਿਆ ਹੋਵੇ ਜਾਂ ਉਸਤਤ ਹੋਵੇ, ਹੁਣ ਮਨ ਅੰਦਰ ਰੰਚਿਕ ਮਾਤਰ ਵੀ ਨੈਗੇਟਿਵ ਜਾਂ ਪੋਜ਼ੇਟਿਵ ਕਿਸੇ ਵੀ ਐਨਰਜੀ ਦਾ ਅਸਰ ਨਹੀਂ। ਹਜ਼ੂਰ ਕਹਿ ਰਹੇ ਹਨ ਕਿ ਪ੍ਰਭੂ ਨੇ ਕ੍ਰਿਪਾ ਕਰਕੇ ਨਾਮ ਦਿੱਤਾ ਤੇ ਬੰਧਨ ਤੋਂ ਛੁਡਾ ਦਿੱਤਾ। ਮਨ ਵਿਚ ਜਿਹੜੇ ਖਲਜਗਨ ਸਨ ਧੰਦਿਆਂ ਦੇ, ਸੰਸਾਰ ਦੇ, ਇਹ ਸੰਸਾਰ ਦੇ ਧੰਦੇ, ਸੰਸਾਰ ਦਾ ਰੌਲਾ-ਰੱਪਾ ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ, ਇਹਨਾਂ ਤੋਂ ਮੁਕਤ ਕੀਤਾ ਹੈ।

ਸਾਧਸੰਗਿ ਚਿੰਤ ਬਿਰਾਨੀ ਛਾਡੀ॥

ਚਿੰਤ ਦਾ ਅੱਖਰੀ ਅਰਥ ਹੁੰਦਾ ਹੈ ਚਿੰਤਾ। ਪਰ ਇਥੇ ਚਿੰਤ ਦਾ ਅੱਖਰੀ ਅਰਥ ਕੀਤਾ ਹੈ ਆਸ। ਕਹਿੰਦੇ ਹਨ ਕਿ ਇਹ ਮਨ ਹਮੇਸ਼ਾ ਦੂਜਿਆਂ ਦੀ ਆਸ 'ਤੇ ਜੀਊਂਦਾ ਹੈ, ਪਰ ਜਿਸ ਦਿਨ ਸਾਧ ਸੰਗਤ ਵਿਚ ਗਏ ਤਾਂ ਸਾਧ ਸੰਗਤ ਵਿਚ ਗੁਰੂ ਨੇ ਕ੍ਰਿਪਾ ਕਰਕੇ ਆਪਣੇ ਚਰਨਾਂ ਨਾਲ ਲਾ ਲਿਆ। ਬਸ ਇਕ ਬਖ਼ਸ਼ਿਸ਼ ਕੀਤੀ ਕਿ ਦੂਜਿਆਂ ਦੀ ਆਸ ਖ਼ਤਮ ਕਰ ਦਿੱਤੀ। ਕਿਉਂਕਿ ਦੋ ਚੀਜ਼ਾਂ - ਇਕ ਪਰਾਈ ਆਸ ਤੇ ਇਕ ਪਰਾਈ ਤਾਤ - ਇਹ ਦੋ ਚੀਜ਼ਾਂ ਬੰਦੇ ਨੂੰ ਅੱਗੇ ਤੁਰਨ ਨਹੀਂ ਦਿੰਦੀਆਂ। ਪਰਾਈ ਆਸ ਵਾਲਾ ਬੰਦਾ ਜੀਵਨ ਵਿਚ ਕਦੀ ਤਰੱਕੀ ਨਹੀਂ ਕਰ ਸਕਦਾ। ਗੁਰਮੁਖੋ ! ਭਾਵੇਂ ਮਾਪਿਆਂ ਦੇ ਹੱਥਾਂ ਵੱਲ ਵੀ ਬੰਦਾ ਦੇਖਦਾ ਰਹੇ, ਪਰ ਜਿਹੜਾ ਪਰਾਈ ਆਸ 'ਤੇ ਜੀਊਂਦਾ ਹੈ, ਕਦੀ ਮੁਸ਼ੱਕਤ ਨਹੀਂ ਕਰੇਗਾ। ਪਰਾਈ ਆਸ 'ਤੇ ਜੀਊਣ ਵਾਲਾ ਦੂਜਿਆਂ ਦੇ ਹੱਥ ਹੀ ਦੇਖਦਾ ਰਹੇਗਾ। ਦੂਜੇ ਨਾਲ ਈਰਖਾ ਕਰਨ ਵਾਲਾ ਉਹ ਵੀ ਤਰੱਕੀ ਨਹੀਂ ਕਰ ਸਕਦਾ। ਹਜ਼ੂਰ ਕਹਿੰਦੇ ਹਨ ਕਿ ਪਰਾਈ ਆਸ ਜਿਹੜੀ ਸੀ, ਉਹ ਤਿਆਗ ਦਿੱਤੀ ਤੇ ਮਹਾਂਪੁਰਖਾਂ ਨੇ ਅੰਮ੍ਰਿਤ ਬਾਣੀ ਵਿਚ ਪਰਾਈ ਆਸ ਰਹਿਣ ਦੀ ਥਾਂ, ਪਰਾਈ ਆਸ ਜੀਊਣ ਦੀ ਥਾਂ ਮੌਤ ਨੂੰ ਸਵੀਕਾਰ ਕਰ ਲਿਆ। ਬਾਬਾ ਫ਼ਰੀਦ ਸਾਹਿਬ ਜੇ ਕਿਤੇ ਪਰਾਈ ਆਸ ਦੀ ਗੱਲ ਚੱਲੀ ਤਾਂ ਉਹਨਾਂ ਨੇ ਸ਼ਬਦ ਕਹੇ-

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥

ਕਿਸੇ ਦੂਜੇ ਦੇ ਬੂਹੇ 'ਤੇ ਨਾ ਬਿਠਾਈਂ ਤੇ ਜੇ ਬਿਠਾਉਣਾ ਹੈ ਤਾਂ ਇਕ ਕ੍ਰਿਪਾ ਕਰੀਂ

ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥

(ਅੰਗ ੧੩੮੦)

ਯਾਦ ਰੱਖ ਮਨਾ ! ਕਿਸੇ ਪੁੱਤਰ-ਧੀ-ਸੰਸਾਰ ਦੇ ਰਿਸ਼ਤੇ, ਕਿਸੇ ਅਮੀਰ-ਵਜ਼ੀਰ-ਰਾਜੇ ਜਾਂ ਕਿਸੇ ਪ੍ਰਧਾਨ ਦੀ ਬਦੌਲਤ ਤੂੰ ਰੋਟੀ ਨਹੀਂ ਖਾ ਰਿਹਾ। ਦੇਣ ਵਾਲਾ ਤੈਨੂੰ ਪ੍ਰਮਾਤਮਾ ਹੈ, ਉਸ ਉੱਪਰ ਭਰੋਸਾ ਕਰਕੇ ਜੀਅ, ਜਿਹੜਾ ਪੱਥਰ 'ਚ ਕੀੜਿਆਂ ਨੂੰ ਰੋਟੀ ਦਿੰਦਾ ਹੈ। ਬੰਦੇ 'ਤੇ ਆਸ ਰੱਖ ਕੇ ਜੀਵੇਂਗਾ ਤਾਂ ਇਕ ਦਿਨ ਉਹ ਇਨਕਾਰੀ ਹੋ ਸਕਦਾ ਹੈ, ਪਰ ਪ੍ਰਮਾਤਮਾ ਦੀ ਆਸ 'ਤੇ ਜੀਵੇਂਗਾ ਤਾਂ ਯਾਦ ਰੱਖੀਂ, ਉਹ ਕਦੀ ਤੇਰੀ ਝੋਲੀ ਨੂੰ ਖ਼ਾਲੀ ਨਹੀਂ ਰਹਿਣ ਦੇਵੇਗਾ। ਸਤਿਗੁਰੂ ਨੇ ਪਰਾਈ ਆਸ ਤੋਂ ਸਾਨੂੰ ਬਾਰ-ਬਾਰ ਸੁਚੇਤ ਕੀਤਾ ਹੈ। ਕਦੀ ਕਿਸੇ ਬੰਦੇ ਦੀ ਆਸ ਨਾ ਕਰੋ। ਮੰਨ ਲਿਆ ਜਾਏ, ਕਿਸੇ ਦਾ ਭਲਾ ਵੀ ਕਰਦੇ ਹੋ ਤਾਂ ਭਲਾ ਕਰਨ ਤੋਂ

ਬਾਅਦ ਇਹ ਆਸ ਨਾ ਕਰੋ ਕਿ ਇਸਦੇ ਬਦਲੇ ਬੰਦਾ ਮੇਰਾ ਕੀ ਕਰੇਗਾ। ਜੇ ਇਹ ਸੋਚਾਂਗੇ ਤਾਂ ਬੰਧਨ ਵਿਚ ਪੈ ਜਾਵਾਂਗੇ। ਭਲਾ ਕੀਤਾ ਹੈ ਤਾਂ ਉਸ ਬੰਦੇ ਨੂੰ ਭੁਲਾ ਦਿਉ। ਯਾਦ ਰੱਖੋ, ਅਸੀਂ ਜਿਨ੍ਹਾਂ ਲੋਕਾਂ ਦਾ ਭਲਾ ਕੀਤਾ ਹੋਵੇਗਾ, ਉਂਗਲੀਆਂ 'ਤੇ ਲੋਕਾਂ ਨੂੰ ਚੇਤੇ ਹੈ ਕਿ ਮੇਰੇ ਦਾਦੇ ਨੇ, ਮੇਰੇ ਬਾਬੇ ਨੇ, ਮੇਰੇ ਪੜਦਾਦੇ ਨੇ ਇਹ ਕੀਤਾ ਤੇ ਕਿੰਨਿਆਂ ਦੀਆਂ ਜੜ੍ਹਾਂ ਵੱਢੀਆਂ, ਉਹ ਕਿਸੇ ਨੂੰ ਵੀ ਚੇਤੇ ਨਹੀਂ। ਹਜ਼ੂਰ ਕਹਿੰਦੇ ਹਨ ਕਿ ਕਿਉਂ ਕਿਸੇ ਦੂਜੇ ਬੰਦੇ ਦੀ ਆਸ 'ਤੇ ਜੀਊਂਦਾ ਪਿਆ ਹੈਂ। ਯਾਦ ਰੱਖ, ਆਪਣੇ ਘਰ ਦੀ ਰੁੱਖੀ ਰੋਟੀ ਵੀ ਸ਼ਹਿਨਸ਼ਾਹ ਹੈ ਤੇ ਪਰਾਏ ਆਸ ਦੀ ਚੋਪੜੀ ਰੋਟੀ ਵੀ ਜ਼ਹਿਰ ਹੈ।

ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ॥੧॥ ਰਹਾਉ॥

ਹੰਗਤਾ ਵਾਲੀ ਬੁੱਧੀ, ਉਹ ਅਕਲ ਜਿਸ ਦੇ ਵਿਚ ਮੈਂ-ਮੈਂ ਰਹੇ, ਅੰਦਰ ਦਾ ਮੋਹ ਤੇ ਮਨ ਦੇ ਅੰਦਰ ਜਿਹੜੇ ਖ਼ਿਆਲ ਹਨ, ਧੰਨ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਇਹ ਸਾਰੇ ਮੈਂ ਇਕੱਠੇ ਕਰ ਲਏ ਅਤੇ ਇਕ ਅੰਦਰ ਟੋਆ ਪੁੱਟਿਆ ਤੇ ਜਿੰਨੀਆਂ ਵਾਸ਼ਨਾਵਾਂ ਤੇ ਹੰਕਾਰ ਸਨ, ਸਾਰੀਆਂ ਉਸ ਟੋਏ ਵਿਚ ਸੁੱਟ ਕੇ ਗਾਡੀ ਉੱਤੇ ਪੂਰ ਦਿੱਤੀਆਂ। ਜਿਹੜੀਆਂ ਤੰਗ ਕਰਦੀਆਂ ਸਨ, ਸਾਰੀਆਂ ਮੈਂ ਦਫ਼ਨ ਕਰ ਦਿੱਤੀਆਂ। ਹਜ਼ੂਰ ਕਹਿੰਦੇ ਹਨ ਕਿ ਕੋਈ ਵੀ ਹੰਗਤਾ-ਵਾਸ਼ਨਾ, ਕੋਈ ਮੋਹ ਨਹੀਂ। ਸਾਰੀਆਂ ਦੀਆਂ ਸਾਰੀਆਂ ਅੰਦਰ ਦਫ਼ਨਾ ਦਿੱਤੀਆਂ, ਕਿਉਂਕਿ ਅਹੰਗ ਬੁੱਧ ਇਹ ਵੀ ਅੰਦਰ ਨੂੰ ਟਿੱਕਣ ਨਹੀਂ ਦਿੰਦੀ।

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥

ਹਜ਼ੂਰ ਕਹਿੰਦੇ ਹਨ ਕਿ ਨਾ ਤਾਂ ਮੇਰਾ ਕੋਈ ਦੁਸ਼ਮਣ ਹੈ ਤੇ ਨਾ ਅਸੀਂ ਕਿਸੇ ਦੇ ਵੈਰੀ ਹਾਂ। ਇਹ ਦੋ ਜਿਹੜੇ ਸ਼ਬਦ ਹਨ, ਇਹ ਅਸਲ ਵਿਚ ਨਿਰਭਉ ਅਤੇ ਨਿਰਵੈਰ ਦੀ ਵਿਆਖਿਆ ਹੈ। ਮੇਰਾ ਦੁਸ਼ਮਣ ਕੋਈ ਨਹੀਂ ਤੇ ਫਿਰ ਮੈਨੂੰ ਭੈ ਕਾਹਦਾ। ਭੈ ਤਾਂ ਉਸ ਕੋਲੋਂ ਹੁੰਦਾ ਹੈ ਜੇ ਕੋਈ ਦੁਸ਼ਮਣ ਹੋਵੇ। ਵੈਰੀ ਬੰਦਾ ਉਦੋਂ ਹੀ ਬਣਦਾ ਹੈ, ਜਦੋਂ ਦੂਜੇ ਨੂੰ ਦੁਸ਼ਮਣ ਸਵੀਕਾਰੇ ਤੇ ਜਦੋਂ ਵੈਰ ਰਹਿਤ ਹੋ ਜਾਏ ਤਾਂ ਉਸ ਨੂੰ ਨਿਰਵੈਰ ਕਹਿੰਦੇ ਹਨ। ਮੇਰਾ ਦੁਸ਼ਮਣ ਕੋਈ ਨਹੀਂ, ਮੈਂ ਨਿਰਭਉ ਹਾਂ। ਮੈਂ ਕਿਸੇ ਦਾ ਵੈਰੀ ਨਹੀਂ, ਕਿਉਂਕਿ ਮੈਂ ਅੰਦਰੋਂ ਨਿਰਵੈਰ ਹਾਂ। ਸਾਰੇ ਮਿੱਤਰ ਹਨ, ਸਾਰਿਆਂ ਨਾਲ ਪਿਆਰ ਹੈ। ਇਹ ਜਿਹੜਾ ਮਨ ਹੈ ਇਹ ਜਾਂ ਤਾਂ ਟੋਏ ਵਿਚ ਖਲੋ ਕੇ ਜੀਊਂਦਾ ਹੈ ਤੇ ਜਾਂ ਟਿੱਬੇ ਬਣਾ ਕੇ ਜੀਊਂਦਾ ਹੈ। ਬਾਬਾ ਫ਼ਰੀਦ ਸਾਹਿਬ ਨੇ ਫ਼ੁਰਮਾਇਆ ਸੀ ਕਿ ਜਿਥੇ ਟੋਏ ਤੇ ਟਿੱਬੇ ਹਨ, ਉਥੇ ਕਦੀ ਕੋਈ ਟਿੱਕ ਕੇ ਨਹੀਂ ਬੈਠ ਸਕਦਾ। ਉੱਚੀ-ਨੀਵੀਂ ਥਾਂ 'ਤੇ ਬੰਦੇ ਦੋ ਘੜੀਆਂ ਨਹੀਂ ਬੈਠ ਸਕਦੇ। ਕਹਿਣਗੇ ਕਿ ਇਹ ਜਗ੍ਹਾ ਉੱਚੀ-ਨੀਵੀਂ ਹੈ, ਬੈਠਾ ਨਹੀਂ ਜਾਂਦਾ। ਜੇ ਉੱਚੀ-ਨੀਵੀਂ ਥਾਂ 'ਤੇ ਤੂੰ ਚੌਂਕੜੀ ਮਾਰ ਕੇ ਨਹੀਂ ਬੈਠ ਸਕਦਾ ਤਾਂ ਜਿਹੜੇ ਮਨ ਨੂੰ ਟਿੱਬੇ ਤੇ ਟੋਏ ਬਣਾਈ ਬੈਠਾ ਹੈਂ, ਪ੍ਰਮਾਤਮਾ ਕਿਵੇਂ ਆ ਕੇ ਬੈਠਣਗੇ। ਬਾਬਾ ਜੀ ਨੇ ਬਚਨ ਕੀਤਾ ਹੈ-

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ॥

ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ॥

(ਅੰਗ ੧੩੮੧)

ਹਜ਼ੂਰ ਕਹਿੰਦੇ ਹਨ ਕਿ ਆਪਣੇ ਮਨ ਨੂੰ ਨੀਵਾਂ ਕਰ ਤਾਂ ਹੀ ਪ੍ਰਭੂ ਪ੍ਰਾਪਤੀ ਹੋ ਸਕਦੀ ਹੈ।

ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥ ੨॥

ਸਤਿਗੁਰੂ ਜੀ ਕੋਲੋਂ ਇਹ ਸੋਝੀ ਮਿਲੀ-

ਬ੍ਰਹਮੁ ਪਸਾਰੁ ਪਸਾਰਿਓ ਭੀਤਰਿ

ਇਹ ਸਾਰਾ ਪਸਾਰਾ ਪਾਰਬ੍ਰਹਮ ਪ੍ਰਮੇਸ਼ਰ ਦਾ ਹੈ ਤੇ ਪਿਆਰਿਆ! ਜਿਹੜਾ ਉਸ ਨੇ ਪਸਾਰਾ ਪਸਾਰਿਆ ਹੈ, ਇਸ ਪਸਾਰੇ ਦੇ ਵਿਚ ਆਪ ਹੀ ਬੈਠ ਗਿਆ ਹੈ। ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ ਇਹ ਸ਼ਬਦ ਵਰਤੇ ਹਨ -

ਗਾਹਿ ਸੂਫ਼ੀ ਗਾਹਿ ਜ਼ਾਹਦ ਗਹ ਕਲੰਦਰ ਮੇ ਸ਼ਵਦ॥
ਰੰਗ ਹਾਇ ਮੁਖ਼ਤਲਿਫ਼ ਦਾਰਦ ਬੁਤਿ ਅੱਯਾਰਿ ਮਾ॥

ਮੇਰੇ ਉਸ ਸੱਜਣ ਦੀਆਂ ਵੱਖ-ਵੱਖ ਤਸਵੀਰਾਂ ਹਨ। ਕਿਤੇ ਸੂਫ਼ੀ ਬਣ ਕੇ ਸੰਕੀਰਨਾ ਤੋਂ ਉੱਪਰ ਉੱਠ ਕੇ ਉਸ ਨੂੰ ਗਾ ਰਿਹਾ ਹੈ। ਕਿਤੇ ਉਹ ਸ਼ਰਈ ਬਣ ਕੇ ਸ਼ਰ੍ਹਾ ਦਾ ਪਾਬੰਦ ਹੋ ਕੇ ਕੰਮ ਕਰ ਰਿਹਾ ਹੈ। ਕਿਤੇ ਉਹ ਮਸਤਾਨਾ ਫ਼ਕੀਰ ਬਣ ਕੇ ਗਾ ਰਿਹਾ ਹੈ। ਕਿਤੇ ਉਹ ਪਾਟੇ ਬਸਤਰ ਪਾ ਕੇ ਤੁਰਿਆ ਫਿਰਦਾ ਹੈ। ਉਹ ਬਸਤਰ ਬਦਲਦਾ ਪਿਆ ਹੈ, ਪਰ ਅੰਦਰ ਵਾਲਾ ਮੇਰਾ ਉਹ ਕੇਵਲ ਪ੍ਰਮਾਤਮਾ ਹੀ ਹੈ। ਹਜ਼ੂਰ ਕਹਿੰਦੇ ਹਨ ਕਿ ਸਾਰੀਆਂ ਥਾਵਾਂ 'ਤੇ ਪਸਾਰਾ ਉਸ ਦਾ ਹੈ।

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥

ਹਜ਼ੂਰ ਕਹਿੰਦੇ ਹਨ ਕਿ ਅਸੀਂ ਸਾਰਿਆਂ ਨੂੰ ਆਪਣਾ ਮਿੱਤਰ ਬਣਾ ਲਿਆ ਹੈ। ਅਸੀਂ ਸਾਰਿਆਂ ਦੇ ਸੱਜਣ ਬਣ ਗਏ ਹਾਂ, ਪਰ ਹੋ ਸਕਦਾ ਹੈ, ਕਈ ਸੱਜਣ ਸੁਣ ਕੇ ਇਹ ਵੀ ਕਹਿਣਗੇ ਕਿ ਇਹ ਤਾਂ ਠੀਕ ਹੈ, ਅਸੀਂ ਮਿੱਤਰ ਬਣਾ ਲਿਆ ਹੈ, ਪਰ ਜਿਸ ਨੂੰ ਬਣਾਉਂਦੇ ਪਏ ਹਾਂ, ਉਹ ਤਾਂ ਬਣਨ ਲਈ ਤਿਆਰ ਨਹੀਂ। ਉਹ ਬੰਦੇ ਜਿਹੜੇ ਦਵੈਸ਼ ਰੱਖਦੇ ਹਨ, ਈਰਖਾ ਰੱਖਦੇ ਹਨ, ਕੀ ਅਸੀਂ ਈਰਖਾ ਨਾਲ ਈਰਖਾ ਦਾ ਮੁਕਾਬਲਾ ਕਰਕੇ ਉਹਨਾਂ ਬੰਦਿਆਂ ਨੂੰ ਜਿੱਤ ਸਕਾਂਗੇ ? ਸਤਿਗੁਰੂ ਨੇ ਫ਼ੁਰਮਾਇਆ ਕਿ ਕੋਈ ਤੇਰਾ ਵਿਰੋਧੀ ਹੈ ਤੇ ਤੂੰ ਅੰਤਰ-ਆਤਮੇ ਤੋਂ ਚਾਹੁੰਦਾ ਹੈਂ ਕਿ ਵਿਰੋਧ ਖ਼ਤਮ ਹੋ ਜਾਏ, ਪਰ ਉਹ ਵਿਰੋਧ ਦਿਨੋ ਦਿਨ ਵਧਾ ਰਿਹਾ ਹੈ। ਹਜ਼ੂਰ ਕਹਿੰਦੇ ਹਨ ਕਿ ਇਕ ਕੰਮ ਕਰ, ਤੈਨੂੰ ਉਸ ਕੋਲ ਜਾਣ ਦੀ ਲੋੜ ਨਹੀਂ, ਤੈਨੂੰ ਕੋਈ ਵਿਚੋਲਾ ਪਾਉਣ ਦੀ ਲੋੜ ਨਹੀਂ, ਸਿਰਫ਼ ਇਕ ਕੰਮ ਕਰੀਂ ਕਿ ਆਪਣੇ ਅੰਤਰ ਆਤਮੇ ਜਦੋਂ ਉਸ ਬੰਦੇ ਦੀ ਯਾਦ ਆਵੇ ਤਾਂ ਤੂੰ ਉਸ ਦੇ ਪ੍ਰਤੀ ਮਾੜਾ ਫੁਰਨਾ ਨਾ

ਬਣਨ ਦੇਈਂ। ਉਸ ਦੇ ਲਈ ਚੰਗੇ ਫੁਰਨੇ ਬਣਾਈਂ ਜਾ। ਉਸ ਦਾ ਭਲਾ ਮੰਗੀ ਜਾ। ਸੱਚ ਜਾਣੀਂ, ਜੇ ਤੂੰ ਭਲਾ ਮੰਗੀ ਜਾਏਂਗਾ ਤਾਂ 10-15 ਦਿਨਾਂ ਤੋਂ ਬਾਅਦ ਜਿਹੜਾ ਤੇਰਾ ਅੱਤ ਦਾ ਵਿਰੋਧੀ ਹੈ, ਉਹ ਵੀ ਤੇਰੇ ਸਾਹਮਣੇ ਹੱਥ ਜੋੜ ਕੇ ਖਲੋ ਜਾਏਗਾ, ਕਿਉਂਕਿ ਤੇਰੇ ਅੰਦਰ ਦੇ ਫੁਰਨੇ ਉਸ ਦੇ ਫੁਰਨਿਆਂ ਨੂੰ ਜਿੱਤ ਜਾਣਗੇ।

ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥ ੩॥

ਹਜ਼ੂਰ ਫ਼ੁਰਮਾ ਰਹੇ ਹਨ ਕਿ ਅੰਦਰ ਦੇ ਵਿਛੋੜੇ ਮੁੱਕ ਗਏ ਹਨ ਤੇ ਉਸ ਪ੍ਰਮਾਤਮਾ ਦਾ ਮਿਲਾਪ ਹਾਸਿਲ ਹੋਇਆ ਹੈ।

ਖਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ॥

ਜਿਹੜਾ ਮਨ ਢੀਠ ਸੀ, ਅੱਗੇ ਸਮਝਦਾ ਨਹੀਂ ਸੀ। ਜੇਕਰ ਇਸ ਨੂੰ ਗੱਲ ਕਿਸੇ ਸਿੱਧੇ ਪਾਸੇ ਦੱਸਣੀ ਤਾਂ ਇਸ ਨੇ ਪੁੱਠੇ ਪਾਸੇ ਜਾਣਾ। ਕਹਿੰਦੇ ਹਨ ਕਿ ਢੀਠ ਮਨ 'ਤੇ ਪ੍ਰਮਾਤਮਾ ਨੇ ਕ੍ਰਿਪਾ ਕੀਤੀ, ਇਸ ਦੀ ਢੀਠਤਾ ਚਲੀ ਗਈ। ਅੰਦਰ ਨਾਮ ਦੀ ਵਰਖਾ ਹੋਣ ਲੱਗ ਪਈ ਤੇ ਤੀਸਰੀ ਕ੍ਰਿਪਾ ਇਹ ਹੋ ਗਈ ਕਿ ਗੁਰੂ ਦੀ ਬਾਣੀ ਅੱਤ ਦੀ ਮਿੱਠੀ ਲੱਗਣ ਲੱਗ ਪਈ। ਜਦੋਂ ਅੰਦਰੋਂ ਸਾੜਾ ਮੁੱਕ ਗਿਆ, ਈਰਖਾ ਮੁੱਕ ਗਈ, ਕਿਸੇ ਨੂੰ ਦੇਖ ਕੇ ਚੰਗਾ ਮੰਦਾ ਖ਼ਿਆਲ ਹੀ ਨਾ ਉਪਜਿਆ ਤਾਂ ਪੂਰੀ ਇਕਾਗਰਤਾ ਗੁਰੂ ਦੇ ਸ਼ਬਦ ਉੱਪਰ ਟਿੱਕ ਗਈ ਤੇ ਸ਼ਬਦ ਦਾ ਰੱਸ ਆਉਣ ਲੱਗਾ।

ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ॥ ੪॥ ੩॥

ਇਸ ਪਵਿੱਤਰ ਸ਼ਬਦ ਦੇ ਅੰਤ ਵਿਚ ਕਹਿੰਦੇ ਹਨ ਕਿ ਉਸ ਪ੍ਰਮਾਤਮਾ ਦੀ ਦਇਆ ਨਾਲ ਜਦੋਂ ਅੰਦਰ ਦੀ ਅਵਸਥਾ ਇਥੇ ਪਹੁੰਚੀ ਕਿ ਪਾਣੀ ਵਿਚ ਧਰਤੀ 'ਤੇ ਪੁਲਾੜ ਵਿਚ ਕੋਈ ਥਾਂ ਅਜਿਹੀ ਨਹੀਂ, ਜਿੱਥੇ ਸੋਹਣੇ ਪ੍ਰਭੂ ਜੀ ਨਹੀਂ। ਹੁਣ ਸਾਰੀਆਂ ਥਾਵਾਂ 'ਤੇ ਉਹ ਪਰੀਪੂਰਨ ਪ੍ਰਮਾਤਮਾ ਹੈ। ਸਤਿਗੁਰੂ ਨੇ ਅੱਜ ਦੇ ਇਸ ਅਮੋਲਕ ਬਚਨ ਵਿਚ ਸਿੱਧ ਕੀਤਾ ਹੈ ਕਿ ਆਪਣੇ ਅੰਦਰ ਦੀ ਉਸ ਪਰਮ ਅਵਸਥਾ ਨੂੰ, ਜਿਸ ਦੇ ਵਿਚ ਦਵੈਸ਼ ਨਹੀਂ, ਮੋਹ ਨਹੀਂ, ਈਰਖਾ ਨਹੀਂ, ਸਾੜਾ ਨਹੀਂ, ਕਿਸੇ ਦੇ ਪ੍ਰਤੀ ਕੋਈ ਦੁਰਭਾਵਨਾ ਨਹੀਂ, ਸਿਰਫ਼ ਅੰਦਰ ਸਮ-ਦ੍ਰਿਸ਼ਟੀ ਤੇ ਸਭ ਦਾ ਭਲਾ ਲੋਚਣ ਵਾਲੀ ਅਵਸਥਾ ਹੀ ਹੈ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸੋ ਜਨੁ ਹੋਵੈ ਪਰਵਾਣੁ

ਸਲੋਕ ਮ: ੩ ॥

ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ॥
ਪੂਰੈ ਸਤਿਗੁਰਿ ਰਾਖਿ ਲੀਏ ਆਪਣੈ ਪੰਨੈ ਪਾਇ॥
ਇਹੁ ਜਗੁ ਜਲਤਾ ਨਦਰੀ ਆਇਆ ਗੁਰ ਕੈ ਸਬਦਿ ਸੁਭਾਇ॥
ਸਬਦਿ ਰਤੇ ਸੇ ਸੀਤਲ ਭਏ ਨਾਨਕ ਸਚੁ ਕਮਾਇ॥੧॥
ਮ: ੩॥ ਸਫਲਿਓ ਸਤਿਗੁਰੁ ਸੇਵਿਆ ਧੰਨੁ ਜਨਮੁ ਪਰਵਾਣੁ॥
ਜਿਨਾ ਸਤਿਗੁਰੁ ਜੀਵਦਿਆ ਮੁਇਆ ਨ ਵਿਸਰੈ ਸੇਈ ਪੁਰਖ ਸੁਜਾਣ॥
ਕੁਲੁ ਉਧਾਰੇ ਆਪਣਾ ਸੋ ਜਨੁ ਹੋਵੈ ਪਰਵਾਣੁ॥
ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ॥
ਨਾਨਕ ਮੁਏ ਨ ਆਖੀਅਹਿ ਜਿ ਗੁਰ ਕੈ ਸਬਦਿ ਸਮਾਹਿ॥੨॥
ਪਉੜੀ॥ ਹਰਿ ਪੁਰਖ ਨਿਰੰਜਨੁ ਸੇਵਿ ਹਰਿ ਨਾਮੁ ਧਿਆਈਐ॥
ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ॥
ਹਰਿ ਤੇਰੀ ਵਡੀ ਕਾਰ ਮੈ ਮੂਰਖ ਲਾਈਐ॥
ਹਉ ਗੋਲਾ ਲਾਲਾ ਤੁਧੁ ਮੈ ਹੁਕਮੁ ਫੁਰਮਾਈਐ॥
ਹਉ ਗੁਰਮੁਖਿ ਕਾਰ ਕਮਾਵਾ ਜਿ ਗੁਰਿ ਸਮਝਾਈਐ॥੩॥

(ਅੰਗ ੬੪੩)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਅੱਜ ਦਾ ਹੁਕਮਨਾਮਾ ਗੁਰੂ ਅਮਰਦਾਸ ਜੀ ਦੀ ਰਸਨਾ ਤੋਂ ਉਚਾਰਨ ਕੀਤਾ ਹੋਇਆ ਹੈ। ਪਹਿਲੇ ਸਲੋਕ ਦਾ ਭਾਵ ਹੈ ਕਿ ਇਹ ਸੰਸਾਰ ਹਉਮੈ ਦੀ ਅੱਗ ਵਿਚ ਸੜ ਰਿਹਾ ਹੈ ਤੇ ਹੰਗਤਾ ਦੀ, ਵਾਸ਼ਨਾਵਾਂ ਦੀ ਅੱਗ ਵਿਚ ਸੜਦਾ ਹੋਇਆ ਕਈ ਜਨਮ ਜੀਵ ਭਟਕਦਾ ਰਿਹਾ। ਸਮਰੱਥ ਗੁਰੂ ਜੀ ਦੇ ਚਰਨਾਂ

ਵਿਚ ਆਇਆ ਤਾਂ ਇਸ ਸੜੇ ਹੋਏ ਨੂੰ ਗੁਰੂ ਨੇ ਆਪਣੀ ਸ਼ਰਨ ਵਿਚ ਰੱਖ ਲਿਆ। ਦੂਜੇ ਸਲੋਕ ਦਾ ਭਾਵ ਹੈ ਕਿ ਜੋ ਸੰਸਾਰ ਵਿਚ ਆਇਆ ਹੈ, ਉਸ ਨੇ ਮਿਲੀ ਹੋਈ ਆਰਬਲਾ ਸਮਾਪਤ ਕਰਕੇ ਇਕ ਦਿਨ ਕੂਚ ਕਰਨਾ ਹੈ। ਉਹਨਾਂ ਦੇ ਜਾਣ ਤੋਂ ਬਾਅਦ ਸ਼ਬਦ ਅਸੀਂ ਵਰਤਦੇ ਹਾਂ ਮਰ ਗਏ। ਕਹਿੰਦੇ ਹਨ ਗੁਰਮੁਖ ਜਨ ਜੀਊਂਦੇ ਵੀ ਪ੍ਰਵਾਨ ਹਨ। ਉਹ ਸਰੀਰ ਦੀ ਮੌਤ ਤੋਂ ਬਾਅਦ ਵੀ ਪ੍ਰਵਾਨ ਹਨ, ਪਰ ਮਨਮੁਖ ਬੰਦਾ ਅਜਿਹਾ ਹੈ, ਜਿਹੜਾ ਜਨਮ ਤੇ ਮਰਨ ਦੇ ਤਾਣੇ ਵਿਚ ਪਿਆ ਰਹਿੰਦਾ ਹੈ। ਜੋ ਪਉੜੀ ਹੈ ਇਸ ਵਿਚ ਹਜ਼ੂਰ ਨੇ ਪ੍ਰਭੂ ਚਰਨਾਂ ਵਿਚ ਜੋ ਸਭ ਤੋਂ ਵੱਡੀ ਕਾਰ ਹੈ ਨਾਮ ਦੀ, ਉਸ ਕਾਰ ਦੀ ਕਮਾਈ ਲਈ ਅਰਦਾਸ ਬੇਨਤੀ ਕੀਤੀ ਹੈ ਤੇ ਨਾਲ ਇਹ ਸ਼ਬਦ ਕਹੇ ਹਨ ਕਿ ਹੇ ਮਾਲਕ ! ਮੈਂ ਆਪ ਜੀ ਦਾ ਗ਼ੁਲਾਮ ਹਾਂ। ਤੁਸੀਂ ਕ੍ਰਿਪਾ ਕਰਕੇ ਫੁਰਮਾਣ ਕਰੋ ਕਿ ਮੈਂ ਆਪ ਜੀ ਦੇ ਹੁਕਮ ਨੂੰ ਕਮਾ ਸਕਾਂ।

ਸਲੋਕ ਮਃ ੩॥

ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ॥

ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਨੇ ਪਹਿਲਾ ਬਚਨ ਬਖ਼ਸ਼ਿਸ਼ ਕੀਤਾ ਹੈ ਕਿ ਹਉਮੈ ਵਿਚ ਸੜੇ ਹੋਏ ਜਿਹੜੇ ਮਨੁੱਖ ਹਨ, ਉਹ ਇਸੇ ਅੱਗ ਵਿਚ ਕਈ ਜਨਮਾਂ ਤੱਕ ਭੱਟਕਦੇ ਰਹੇ ਤੇ ਦਵੈਤ ਭਾਵ ਵਿਚ ਇਹਨਾਂ ਦੀ ਭਟਕਣਾ ਬਣੀ ਰਹੀ।

ਪੂਰੈ ਸਤਿਗੁਰਿ ਰਾਖਿ ਲੀਏ ਆਪਣੈ ਪੰਨੈ ਪਾਇ॥

ਜਦੋਂ ਇਹ ਅੰਦਰੋਂ ਸੜੇ ਹੋਏ ਜੀਵ ਸਤਿਗੁਰੂ ਜੀ ਦੇ ਚਰਨਾਂ ਦੀ ਸ਼ਰਨ ਵਿਚ ਆਏ, ਪੂਰੇ ਸਤਿਗੁਰੂ ਨੇ ਆਪਣੇ ਪੰਨੇ ਵਿਚ, ਆਪਣੇ ਖਾਤੇ ਵਿਚ ਪਾ ਕੇ ਇਹਨਾਂ ਦਾ ਨਾਮ ਲਿਖ ਕੇ ਇਹਨਾਂ ਸੜਿਆਂ ਹੋਇਆਂ ਨੂੰ ਸ਼ਾਂਤੀ ਬਖ਼ਸ਼ ਕੇ ਇਹਨਾਂ ਨੂੰ ਰੱਖ ਲਿਆ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਅਨੇਕ ਤਰ੍ਹਾਂ ਦੀ ਅੱਗ ਦਾ ਜ਼ਿਕਰ ਕੀਤਾ ਹੈ। ਅਸੀਂ ਜਪੁ ਜੀ ਸਾਹਿਬ ਦੇ ਅੰਮ੍ਰਿਤ ਬਚਨਾਂ ਵਿਚ ਇਹ ਪੜ੍ਹਦੇ ਹਾਂ-

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥

(ਜਪੁਜੀ ਸਾਹਿਬ)

ਕਈ ਤਰ੍ਹਾਂ ਦੀ ਪਵਣ ਹੈ, ਕਈ ਤਰ੍ਹਾਂ ਦਾ ਪਾਣੀ ਹੈ ਅਤੇ ਕਈ ਕਿਸਮਾਂ ਦੀ ਅੱਗ ਹੈ। ਜੇ ਅਸੀਂ ਥੋੜ੍ਹਾ ਜਿਹਾ ਬਾਹਰਮੁਖੀ ਅਤੇ ਅੰਤਰਮੁਖੀ ਇਸ ਅੱਗ ਦੀ ਵਿਆਖਿਆ ਕਰ ਲਈਏ ਤਾਂ ਇਸ ਸਲੋਕ ਦੇ ਅਰਥ ਸਮਝਣੇ ਹੋਰ ਵੀ ਸੁਖੈਨ ਹੋਣਗੇ। ਹੁਣ ਇਕ ਅੱਗ ਹੈ, ਜਿਹੜੀ ਪੰਜਾਂ ਤੱਤਾਂ ਦੇ ਵਿਚੋਂ ਇਕ ਤੱਤ ਹੈ। ਉਸ ਨੂੰ ਅਸੀਂ ਅਗਨਿ ਤੱਤ ਕਹਿੰਦੇ ਹਾਂ। ਜਿਸ ਤੱਤ ਦੇ ਸੁਮੇਲ ਨਾਲ ਇਹ ਸੰਸਾਰ ਰਚਿਆ ਹੈ ਤੇ ਜਿਨ੍ਹਾਂ ਪੰਜਾਂ ਤੱਤਾਂ ਵਿਚੋਂ ਅੱਜ ਇਸ ਤੱਤ ਕਰਕੇ ਸਾਡਾ ਇਹ ਤਨ ਮੌਜੂਦ ਹੈ। ਦੂਜੀ ਅੱਗ ਹੈ ਬਾਹਰਮੁਖੀ। ਉਹ ਲੱਕੜਾਂ ਰਾਹੀਂ ਕੋਈ ਬਾਲ ਲਵੇ, ਉਹ ਕੋਲੇ ਰਾਹੀਂ, ਗੈਸ ਰਾਹੀਂ, ਤੇਲ ਰਾਹੀਂ ਜਾਂ ਸੁੱਕੇ ਕੱਖਾਂ ਵਿਚੋਂ ਬਾਹਰਮੁਖੀ

ਅੱਗ ਨਜ਼ਰ ਆਉਂਦੀ ਹੈ। ਤੀਜੀ ਅੱਗ ਹੈ ਜਿਹੜੀ ਸਾਡੇ ਜਿਸਮ ਵਿਚ ਹੈ। ਉਸ ਤੋਂ ਅੱਗੇ ਇਕ ਅੱਗ ਹੈ, ਜਿਹੜੀ ਕੁਦਰਤੀ ਤੋਰ 'ਤੇ ਪ੍ਰਮਾਤਮਾ ਨੇ ਇਹੋ ਜਿਹੀ ਪੈਦਾ ਕੀਤੀ ਹੈ ਕਿ ਉਹ ਜਵਾਲਾਮੁਖੀ ਧਰਤੀ ਵਿਚੋਂ ਲਾਵੇ ਫੁੱਟਦੇ ਹਨ ਤੇ ਉਹ ਵੀ ਅੱਗ ਹੈ। ਜਦੋਂ ਅਸੀਂ ਆਸਮਾਨ ਤੋਂ ਬਿਜਲੀ ਡਿੱਗਦੀ ਹੋਈ ਦੇਖਦੇ ਹਾਂ ਤਾਂ ਉਹ ਵੀ ਅੱਗ ਹੈ। ਇਕ ਪ੍ਰਮਾਤਮਾ ਨੇ ਸਮੁੰਦਰ ਵਿਚ ਅੱਗ ਪੈਦਾ ਕੀਤੀ ਹੈ। ਇਕ ਅੱਗ ਦੋ ਰੁੱਖਾਂ ਦੇ ਰਗੜ ਵਿਚੋਂ ਪੈਦਾ ਹੁੰਦੀ ਹੈ, ਉਸ ਨੂੰ ਦਾਵਾ ਅਗਨਿ ਕਿਹਾ ਜਾਂਦਾ ਹੈ। ਅੱਗ ਦੀਆਂ ਕਈ ਕਿਸਮਾਂ ਹਨ, ਪਰ ਜਿਹੜੀ ਹਜ਼ੂਰ ਨੇ ਬਖ਼ਸ਼ਿਸ਼ ਕੀਤੀ ਹੈ, ਉਹ ਬਾਹਰ ਦੇ ਤੱਤਾਂ ਦੀ ਅੱਗ ਨਹੀਂ, ਉਹ ਸਾਡੇ ਮਾਨਸਿਕ ਪੱਧਰ 'ਤੇ ਲੱਗੀ ਹੋਈ ਅੱਗ ਹੈ। ਉਹ ਅੱਗ ਕੀ ਹੈ ? ਹਜ਼ੂਰ ਨੇ ਹਉਮੈ ਨੂੰ ਵੀ ਅੱਗ ਕਿਹਾ, ਕ੍ਰੋਧ ਨੂੰ ਵੀ ਅੱਗ ਕਿਹਾ, ਕਾਮ ਨੂੰ ਵੀ ਅੱਗ ਕਿਹਾ ਤੇ ਸਤਿਗੁਰੂ ਨੇ ਪਹਿਲੀ ਗਿਣਤੀ ਕੀਤੀ ਤੇ ਕਹਿਣ ਲੱਗੇ ਕਿ ਇਕ ਅੱਗ ਅਜਿਹੀ ਹੈ, ਜਿਹੜੀ ਦਿੱਸਦੀ ਨਹੀਂ, ਪਰ ਬੰਦੇ ਦੇ ਜਿਸਮ ਵਿਚ ਦਿਨ ਰਾਤ ਬੱਲਦੀ ਪਈ ਹੈ। ਨਜ਼ਰ ਨਹੀਂ ਆਉਂਦੀ, ਲਪਟਾਂ ਨਹੀਂ ਦਿੱਸਦੀਆਂ, ਪਰ ਪ੍ਰਗਟ ਹੁੰਦੀ ਹੈ ਜਿੱਥੇ ਇਨਸਾਨ ਵਰਤਦਾ ਹੈ। ਸਤਿਗੁਰੂ ਫ਼ੁਰਮਾਂਦੇ ਹਨ ਕਿ ਇਕ ਉਹ ਅੱਗ ਹੈ ਜਿਹੜੀ ਗੁੱਝੀ-ਗੁੱਝੀ ਬੰਦੇ ਦੇ ਅੰਦਰ ਸੜਦੀ ਰਹਿੰਦੀ ਹੈ, ਪਰ ਪ੍ਰਮਾਤਮਾ ਦੇ ਭਗਤ ਨੂੰ ਇਹ ਅੱਗ ਨਹੀਂ ਵਿਆਪਦੀ। ਦੂਜਾ ਗੁਰੂ ਜੀ ਨੇ ਬਚਨ ਕੀਤਾ ਹੈ ਕਿ ਸਾਡਾ ਜੋ ਜਿਸਮ ਹੈ, ਇਸ ਦੇ ਵਿਚ ਜਿਥੇ ਪ੍ਰਮਾਤਮਾ ਨੇ ਖ਼ੂਨ, ਮਿੱਝ, ਹੱਡੀਆਂ, ਚਮੜੀ ਦਾ ਲੇਪਨ ਕੀਤਾ ਹੈ, ਉਥੇ ਮਨੁੱਖ ਦੇ ਜਿਸਮ ਵਿਚ ਚਾਰ ਦਰਿਆ ਪਏ ਵੱਗਦੇ ਹਨ। ਉਹਨਾਂ ਨੂੰ ਗੁਰੂ ਜੀ ਨੇ ਚਾਰ ਨਦੀਆਂ ਵੀ ਕਿਹਾ ਹੈ। ਉਹ ਚਾਰੇ ਦੀਆਂ ਚਾਰੇ ਨਦੀਆਂ ਅੱਗ ਦੀਆਂ ਹਨ ਤੇ ਬੰਦੇ ਦਾ ਅੰਦਰ ਸਾਰਾ ਦਿਨ ਕਿਸੇ ਨਾ ਕਿਸੇ ਨਦੀ ਵਿਚ ਜ਼ਰੂਰ ਡੁੱਬਿਆ ਰਹਿੰਦਾ ਹੈ। ਇਕ ਨਦੀ ਵਿਚੋਂ ਨਿਕਲਦਾ ਹੈ ਤੇ ਦੂਜੀ ਨਦੀ ਦੀ ਧਾਰਾ ਇਸ ਨੂੰ ਆਪਣੇ ਵਿਚ ਲਪੇਟ ਲੈਂਦੀ ਹੈ। ਉਹ ਵੀ ਜਿਸਮ ਵਿਚ ਹੈ। ਉਹ ਅੱਗ ਕੀ ਹੈ ? ਹਜ਼ੂਰ ਦਾ ਬਚਨ ਹੈ-

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥

(ਅੰਗ ੧੪੭)

ਹੰਸੁ ਦਾ ਅੱਖਰੀ ਅਰਥ ਕਰਾਂਗੇ ਹਿੰਸਾ, ਨਿਰਵੈਰਤਾ, ਕਠੋਰਪੁਣਾ। ਭਾਵੇਂ ਬਾਣੀ ਵਿਚ ਹੰਸੁ ਆਤਮਾ ਨੂੰ ਵੀ ਕਿਹਾ ਹੈ, ਹੰਸੁ ਸਤਿਸੰਗੀ ਨੂੰ ਵੀ ਕਿਹਾ ਹੈ ਤੇ ਹੰਸੁ ਸ਼ਬਦ ਗੁਰੂ ਜੀ ਨੇ ਪੰਛੀ ਲਈ ਵੀ ਵਰਤਿਆ ਹੈ। ਅਸੀਂ ਜਦੋਂ ਪੜ੍ਹਦੇ ਹਾਂ-

ਸਰਵਰ ਹੰਸ ਧੁਰੇ ਹੀ ਮੇਲਾ

(ਅੰਗ ੯੫੬)

ਉਥੇ ਹੰਸ ਦਾ ਅੱਖਰੀ ਅਰਥ ਹੈ ਸੰਤ ਜਨ।

ਉਡਿਆ ਹੰਸੁ ਦਸਾਏ ਰਾਹ॥

(ਅੰਗ ੧੩੭)

ਉਸ ਦਾ ਅਰਥ ਕਰਾਂਗੇ ਅੰਦਰ ਵਾਲੀ ਜੀਵ-ਆਤਮਾ। ਪਰ ਇਥੇ ਹੰਸ ਦਾ ਅਰਥ ਹੈ ਹਿੰਸਾ। ਕਹਿਣ ਲੱਗੇ, ਇਨਸਾਨ ਦੇ ਅੰਦਰ ਪਹਿਲੀ ਜਿਹੜੀ ਅੱਗ ਦੀ ਨਦੀ ਹੈ, ਉਹ ਹਿੰਸਾ ਦੀ ਹੈ। ਹਿੰਸਾ ਬੰਦਾ ਕਈ ਤਰੀਕਿਆਂ ਨਾਲ ਕਰਦਾ ਹੈ। ਇਕ ਹਿੰਸਾ ਅਸੀਂ ਕਹਿੰਦੇ ਹਾਂ ਕਿ ਸਰੀਰਕ ਤੌਰ 'ਤੇ ਕਿਸੇ ਦੇ ਜਿਸਮ ਨੂੰ ਖ਼ਤਮ ਕਰਨਾ -

ਅਸੰਖ ਗਲਵਢ ਹਤਿਆ ਕਮਾਹਿ॥

(ਜਪੁ ਜੀ ਸਾਹਿਬ)

ਪਰ ਕੁਝ ਲੋਕ ਅਜਿਹੇ ਹਨ, ਜਿਹੜੇ ਜਿਸਮਾਨੀ ਤੌਰ 'ਤੇ ਹਿੰਸਾ ਨਹੀਂ ਕਰਦੇ, ਪਰ ਆਪਣੀ ਜ਼ਬਾਨ ਤੋਂ ਇਹੋ ਜਿਹੇ ਸ਼ਬਦ ਬੋਲਦੇ ਹਨ ਕਿ ਉਹ ਬੋਲਾਂ ਕਰਕੇ ਹਿੰਸਾ ਕਰੀ ਜਾਂਦੇ ਹਨ। ਅੰਦਰ ਵੈਰ ਨਾਲ ਭਰਿਆ ਹੈ ਤੇ ਅੰਦਰ ਦੀ ਅੱਗ ਨੂੰ ਜ਼ਬਾਨ ਦੇ ਰਾਹੀਂ ਬਾਹਰ ਪ੍ਰਗਟ ਕਰਦੇ ਹਨ। ਜਿੰਨੀ ਅੱਗ ਇਹ ਪ੍ਰਚਲਿਤ ਹੈ ਸ਼ਾਇਦ ਇੰਨੀ ਅੱਗ ਕੋਈ ਹੋਰ ਨਾ ਹੋਵੇ। ਦੂਜੀ ਅੱਗ ਗੁਰੂ ਜੀ ਨੇ ਕਿਹਾ ਮੋਹ ਤੇ ਮਮਤਾ ਦੀ ਹੈ। ਕਦੀ ਅੰਦਰ ਹਿੰਸਾ ਦੀ, ਕ੍ਰੋਧ ਦੀ ਅੱਗ ਬੱਲਦੀ ਹੈ, ਕਦੀ ਅੰਦਰ ਪਰਿਵਾਰ ਨੂੰ ਲੈ ਕੇ ਮੋਹ ਮਮਤਾ ਦੀ ਅੱਗ ਪੈਦਾ ਹੁੰਦੀ ਹੈ ਤੇ ਤੀਜੀ ਅੱਗ ਹਜ਼ੂਰ ਨੇ ਕਿਹਾ ਕਿ ਇਨਸਾਨ ਦੇ ਅੰਦਰ ਕ੍ਰੋਧ ਦੀ ਅੱਗ ਹੈ। ਸਤਿਗੁਰੂ ਕਹਿੰਦੇ ਹਨ ਕਿ ਬੰਦਾ ਰੋਜ਼ ਇਸ ਦੇ ਵਿਚ ਡਿੱਗਦਾ ਹੈ ਤੇ ਇਸ ਦਾ ਅੰਦਰ ਰੋਜ਼ ਇਸ ਅੱਗ ਨਾਲ ਸੜ ਰਿਹਾ ਹੈ। ਧੰਨ ਗੁਰੂ ਨਾਨਕ ਸਾਹਿਬ ਜੀ ਨੇ ਬਚਨ ਕਹੇ ਹਨ-

ਕਾਇਆ ਆਰਣੁ ਮਨੁ ਵਿਚਿ ਲੋਹਾ

ਸਰੀਰ ਭੱਠੀ ਹੈ ਤੇ ਮਨ ਇਸ ਦੇ ਵਿਚ ਲੋਹਾ ਸੜ ਰਿਹਾ ਹੈ-

ਪੰਚ ਅਗਨਿ ਤਿਤੁ ਲਾਗਿ ਰਹੀ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ॥

(ਅੰਗ ੯੯੦)

ਮਨ ਸੜ ਗਿਆ, ਚਿੰਤਾ ਦੀ ਸੰਨ੍ਹੀ ਨੇ ਕੋਈ ਪਾਸਾ ਨਹੀਂ ਰਹਿਣ ਦਿੱਤਾ। ਇੰਨਾ ਸੜ ਚੁੱਕਾ ਹੈ ਕਿ ਨਿਕੰਮਾ ਹੋ ਚੁੱਕਾ ਹੈ। ਇਸ ਦਾ ਮਤਲਬ ਚਾਰ ਅੱਗ ਦੀਆਂ ਨਦੀਆਂ ਹਨ। ਇਸ ਭੱਠੀ ਵਿਚ ਪੰਜ ਵਿਕਾਰਾਂ ਦੀ ਅੱਗ ਲੱਗੀ ਹੈ। ਪਿਆਰਿਉ ! ਜਿਸ ਬੰਦੇ ਦਾ ਅੰਦਰ ਸੜਦਾ ਹੈ, ਉਸ ਦੀ ਜ਼ਬਾਨ 'ਤੇ ਕਦੀ ਸੀਤਲਤਾਈ ਨਹੀਂ ਆ ਸਕਦੀ। ਜੇ ਸੀਤਲਤਾਈ ਪ੍ਰਗਟ ਕਰਨ ਦਾ ਯਤਨ ਕਰੇਗਾ ਤਾਂ ਦੋ ਚਾਰ ਘੜੀਆਂ ਭਰਮ ਤਾਂ ਪੈਦਾ ਕਰ ਸਕਦਾ ਹੈ, ਪਰ ਅੰਦਰ ਦੀ ਅੱਗ ਨੂੰ ਦੁਨੀਆਂ ਦੀ ਕੋਈ ਤਾਕਤ ਨਹੀਂ ਰੋਕ ਸਕਦੀ। ਬਾਬਾ ਫ਼ਰੀਦ ਸਾਹਿਬ ਦਾ ਇਕ ਅਮੋਲਕ ਬਚਨ ਆਉਂਦਾ ਹੈ। ਉਹ ਕਹਿੰਦੇ ਹਨ ਕਿ ਸਿਆਲ ਦੇ ਦਿਨਾਂ ਵਿਚ ਪੁਰਾਤਨ ਸਮੇਂ ਲੋਕ ਬੱਲਦੀ ਹੋਈ ਅੱਗ ਦੀ ਅੰਗਿਆਰੀ ਲੈ ਕੇ ਉਸ ਨੂੰ ਸੁਆਹ ਦੇ ਵਿਚ ਦੱਬ ਦਿੰਦੇ ਸਨ। ਉਸ ਦਾ ਕੋਈ ਭਾਵ ਸੀ ਕਿ ਸਵੇਰੇ ਦਿਨ ਚੜ੍ਹੇਗਾ ਤਾਂ ਇਸ ਰਾਖ ਨੂੰ ਇਕ ਪਾਸੇ ਕਰਕੇ ਇਸ ਵਿਚੋਂ ਬੱਲਦੀ ਹੋਈ ਅੰਗਿਆਰੀ ਕੱਢਾਂਗੇ ਤੇ ਸਵੇਰੇ ਫਿਰ ਚੁੱਲ੍ਹੇ ਵਿਚ ਅੱਗ ਬਾਲ ਲਵਾਂਗੇ। ਹੁਣ

ਇਕ ਬੰਦਾ ਰਾਤ ਨੂੰ ਉਸ ਰਾਖ ਦੇ ਢੇਰ ਕੋਲ ਆਉਂਦਾ ਹੈ। ਸਾਰੀ ਰਾਤ ਠੰਡ ਪੈਂਦੀ ਰਹੀ। ਸੁਆਹ ਅੱਤ ਦੀ ਠੰਡੀ ਹੈ ਤੇ ਜਦੋਂ ਉਸ ਨੇ ਰਾਖ ਨੂੰ ਹੱਥ ਪਾਇਆ ਤਾਂ ਉਹ ਸੱਚਮੁੱਚ ਬਰਫ਼ ਦੀ ਤਰ੍ਹਾਂ ਠੰਡੀ ਸੀ। ਉੱਪਰ ਕੋਰਾ ਪਿਆ ਹੈ। ਉੱਤੇ ਸਾਰੀ ਰਾਤ ਤਰੇਲ ਪੈਂਦੀ ਰਹੀ। ਮਨ ਵਿਚ ਆਇਆ ਕਿ ਦੇਖੋ ਕਿੰਨੀ ਠੰਡੀ ਇਹ ਰਾਖ ਹੈ, ਪਰ ਬਾਬਾ ਜੀ ਕਹਿੰਦੇ ਹਨ ਕਿ ਭੁਲੇਖੇ ਵਿਚ ਨਾ ਰਹੀਂ, ਇਸ ਨੂੰ ਬਾਹਰੋਂ ਫੜੇਂਗਾ ਤਾਂ ਠੰਡੀ ਜ਼ਰੂਰ ਹੈ, ਪਰ ਇਸ ਨੂੰ ਕਿਤੇ ਅੰਦਰੋਂ ਫਰੋਲ ਨਾ ਲਈਂ। ਜਿਹੜੀ ਬਾਹਰੋਂ ਠੰਡੀ ਪ੍ਰਤੀਤ ਹੁੰਦੀ ਹੈ, ਬਸ ਥੋੜ੍ਹੀ ਜਿਹੀ ਅੰਦਰੋਂ ਫੋਲਣ ਦੀ ਦੇਰ ਹੈ, ਇਸ ਦੇ ਵਿਚੋਂ ਮੱਚਦੀਆਂ ਹੋਈਆਂ ਅੰਗਿਆਰੀਆਂ ਨਿਕਲਣੀਆਂ ਹਨ। ਇਹ ਬਾਹਰੋਂ ਸੀਤਲ ਜ਼ਰੂਰ ਹੈ, ਪਰ ਅੰਦਰੋਂ ਇਹ ਤਪਸ਼ ਨਾਲ ਭਰੀ ਹੋਈ ਹੈ। ਪਿਆਰਿਆ ! ਕਈ ਲੋਕ ਬਾਹਰੋਂ ਅੱਤ ਦੇ ਸੀਤਲ ਦਿੱਸਦੇ ਹਨ। ਉਹਨਾਂ ਦੇ ਚੱਲਣ-ਬੈਠਣ-ਉੱਠਣ ਦਾ ਢੰਗ ਇੰਞ ਲੱਗਦਾ ਹੈ ਕਿ ਬੰਦਾ ਕਦੀ ਉੱਚਾ ਸਾਹ ਨਹੀਂ ਲੈਂਦਾ, ਪਰ ਕਹਿੰਦੇ ਹਨ ਕਿ ਇਹ ਅਜੇ ਰਾਖ ਹੈ, ਤੂੰ ਨੇੜੇ ਹੋ ਕੇ ਇਸ ਨੂੰ ਫਰੋਲ ਨਾ ਲਈਂ। ਜੇ ਤੂੰ ਇਸ ਨੂੰ ਫਰੋਲਿਆ ਤਾਂ ਸੱਚ ਜਾਣੀਂ, ਬਾਹਰੋਂ ਠੰਡਾ ਹੈ, ਪਰ ਅੰਦਰ ਅੰਗਿਆਰੀਆਂ ਹਨ। ਜੇ ਫਰੋਲ ਬੈਠਾ ਤਾਂ ਤੇਰੇ ਹੱਥ ਨੂੰ ਸਾੜ ਦੇਵੇਗਾ। ਗੁਰੂ ਜੀ ਨੇ ਬਾਣੀ ਵਿਚ ਬਚਨ ਕੀਤਾ-

ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ॥

(ਅੰਗ ੧੩੭੮)

ਕੋਈ ਸਮਝ ਨਹੀਂ ਪੈਂਦੀ ਪਈ। ਦੁਨੀਆਂ ਮਾਨੋ ਇਕ ਗੁੱਝੀ ਅੱਗ ਦੀ ਤਰ੍ਹਾਂ ਹੈ।

ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ॥

(ਅੰਗ ੧੩੭੮)

ਰੱਬ ਨੇ ਮੇਹਰ ਕੀਤੀ ਤੇ ਮੈਨੂੰ ਬਚਾ ਲਿਆ, ਨਹੀਂ ਤਾਂ ਇਸ ਅੱਗ ਵਿਚ ਮੈਂ ਵੀ ਸੜ ਜਾਣਾ ਸੀ। ਸਤਿਗੁਰੂ ਨੇ ਕਿਹਾ ਹੈ ਕਿ ਹਉਮੈ ਵਿਚ ਸੜੀ ਪਈ ਹੈ ਦੁਨੀਆਂ ਤੇ ਜਿਹੜੇ ਜ਼ਬਾਨ ਦੇ ਸਾੜੇ ਨਾਲ ਕਿਸੇ ਨੂੰ ਸਾੜਦੇ ਰਹਿਣ, ਖ਼ਾਸ ਕਰਕੇ ਧਰਮ ਅਸਥਾਨਾਂ 'ਤੇ। ਬਾਹਰ ਕੋਈ ਵਿਕਾਰੀ ਬੰਦਾ ਸੜੇ ਤਾਂ ਆਪਾਂ ਕਹਾਂਗੇ ਕਿ ਵਿਚਾਰੇ ਨੂੰ ਪਤਾ ਕੋਈ ਨਹੀਂ ਕਿ ਧਰਮ ਕੀ ਹੈ, ਠੰਡ ਕਿੱਥੇ ਹੈ। ਇਕ ਬੰਦਾ ਬਾਹਰ ਦੁਕਾਨ 'ਤੇ ਬੈਠਾ ਤੱਪੇ ਤਾਂ ਅਸੀਂ ਕਹਾਂਗੇ ਕਿ ਵਿਚਾਰੇ ਨੂੰ ਧਰਮ ਦੀ ਸਮਝ ਕੋਈ ਨਹੀਂ। ਨਾਲ ਦੇ ਦੁਕਾਨਦਾਰ ਨਾਲ ਈਰਖਾ ਕਰ ਰਿਹਾ ਹੈ। ਇਕ ਨੌਕਰੀ ਕਰਦਾ ਹੋਇਆ ਬੰਦਾ ਬਾਹਰ ਸੜੇ ਤਾਂ ਆਪਾਂ ਕਹਾਂਗੇ ਕਿ ਸਮਝ ਕੋਈ ਨਹੀਂ, ਦੂਜੇ ਨਾਲ ਦਵੈਸ਼ ਕਰਦਾ ਹੈ ਤੇ ਜਿਹੜਾ ਧਰਮ ਦੀ ਗੱਲ ਕਰਦਿਆਂ ਧਰਮ ਅਸਥਾਨ 'ਤੇ ਰਹਿੰਦਿਆਂ, ਧਰਮ ਦੀਆਂ ਗੱਲਾਂ ਕਰਦਾ ਸੜੀ ਜਾਏ ਤਾਂ ਪਿਆਰਿਉ ! ਉਸ ਦਾ ਰਹੱਸ ਲੱਭਾਂਗੇ ਕਿ ਕਿਵੇਂ ਸ਼ਾਂਤ ਹੋ ਸਕਦਾ ਹੈ। ਸਤਿਗੁਰੂ ਨੇ ਬਾਣੀ ਵਿਚ ਬਚਨ ਕਿਹਾ ਹੈ ਕਿ ਜਿਹੜੇ ਬਾਣੀ ਤੋਂ ਬਿਨਾਂ ਹਨ, ਉਹ ਸੜਨ ਤਾਂ ਤਰਸ ਆਵੇਗਾ, ਕਿਉਂਕਿ-

ਜੈ ਤਨਿ ਬਾਣੀ ਵਿਸਰਿ ਜਾਇ॥

ਜਿਉ ਪਕਾ ਰੋਗੀ ਵਿਲਲਾਇ॥

(ਅੰਗ ੬੬੧)

ਪਰ ਪਿਆਰਿਉ ! ਜੇ ਧਰਮ ਦੇ ਵਿਚ ਰਹਿੰਦਿਆਂ ਬੰਦਾ ਸੜ ਜਾਏ ਤਾਂ ਫਿਰ ਕੀ ਬਣੇਗਾ। ਬਾਬਾ ਫ਼ਰੀਦ ਜੀ ਨੇ ਆਪਣੇ ਸਲੋਕਾਂ ਵਿਚ ਬਹੁਤ ਸੋਹਣੀ ਉਦਾਹਰਣ ਦਿੱਤੀ ਹੈ। ਗਰਮੀ ਪਵੇ ਤਾਂ ਬਨਸਪਤੀ ਸੁੱਕਦੀ ਹੈ। ਜੇ ਹਾੜ ਦੇ ਮਹੀਨੇ ਵਿਚ ਸੂਰਜ ਤਪੇ ਤਾਂ ਜ਼ਮੀਨ ਖ਼ੁਸ਼ਕ ਹੁੰਦੀ ਹੈ। ਬਨਸਪਤੀ ਦਾ ਰੱਸ ਸੁੱਕਦਾ ਹੈ। ਜੇ ਪੁੱਛੀਏ ਕਿ ਇਹ ਸਾਰੀ ਹਰਿਆਵਲ ਸੀ, ਇਹ ਸਾੜਾ ਕਿਉਂ ਪੈ ਗਿਆ ? ਅੱਗੋਂ ਉੱਤਰ ਮਿਲੇਗਾ ਕਿ ਅਸਲ ਵਿਚ ਮੀਂਹ ਪਿਆਂ ਨੂੰ ਕਈ ਮਹੀਨੇ ਹੋ ਗਏ ਹਨ। ਮੀਂਹ ਨਹੀਂ ਪਿਆ, ਇਸ ਕਰਕੇ ਬਨਸਪਤੀ ਸੁੱਕ ਗਈ ਹੈ, ਸੜ ਗਈ ਹੈ। ਮੀਂਹ ਪਿਆ, ਵਰਖਾ ਹੋਈ ਤੇ ਫਿਰ ਦੁਬਾਰਾ ਜ਼ਮੀਨ ਦੀ ਬਨਸਪਤੀ ਹਰੀ ਭਰੀ ਹੋ ਗਈ, ਪਰ ਸਉਣ ਦਾ ਮਹੀਨਾ ਬਹੁਤ ਮੀਂਹ ਪਿਆ। ਇਹ ਦੇਖਿਆ ਕਿ ਉਹ ਬਨਸਪਤੀ ਜਿਹੜੀ ਹਾੜ ਵਿਚ ਸੜੀ ਸੀ, ਜਿਸ ਦੇ ਪੱਤੇ ਸੁੱਕਦੇ ਪਏ ਸਨ, ਮੀਂਹ ਪਿਆ ਤਾਂ ਉਹ ਹਰੀ ਹੋ ਗਈ ਤੇ ਫਿਰ ਦੁਬਾਰਾ ਸਉਣ ਵਿਚ ਦੇਖਿਆ ਤਾਂ ਉਹ ਪੱਤੇ ਸਾਰੇ ਫਿਰ ਸੜ ਗਏ। ਰੁੱਖ ਪੂਰੇ ਦਾ ਪੂਰਾ ਸੁੱਕ ਗਿਆ। ਜੇ ਪੁੱਛਿਆ ਕਿ ਇਹ ਕਿਉਂ ਸੜ ਗਿਆ ? ਕਹਿਣ ਲੱਗੇ, ਹੁਣ ਇਸ ਦਾ ਇਲਾਜ ਕੋਈ ਨਹੀਂ ਰਿਹਾ, ਤੈਨੂੰ ਦੱਸੀਏ ਕੀ। ਕਿਉਂ ਜੀ ? ਕਹਿਣ ਲੱਗੇ, ਪਾਣੀ ਤੋਂ ਬਿਨਾਂ ਜੇਠ ਵਿਚ ਸੁੱਕਾ ਸੀ, ਮੀਂਹ ਪਿਆ ਤਾਂ ਸੁੱਕੇ ਹੋਏ ਹਰੇ ਹੋ ਗਏ ਤੇ ਜ਼ਿਆਦਾ ਮੀਂਹ ਪੈਣ ਦੇ ਕਾਰਨ ਪਾਣੀ ਵਿਚ ਰਹਿ ਕੇ ਸੜ ਗਏ ਹਨ। ਪਾਣੀ ਤੋਂ ਬਿਨਾਂ ਸੁੱਕਿਆਂ ਦਾ ਇਲਾਜ ਪਾਣੀ ਹੈ, ਪਰ ਜਿਹੜੇ ਪਾਣੀ ਵਿਚ ਰਹਿ ਕੇ ਸੁੱਕ ਗਏ ਪਿਆਰਿਉ ! ਉਹਨਾਂ ਦਾ ਇਲਾਜ ਕਿੱਥੇ ਕਰਾਂਗੇ। ਬਾਣੀ ਤੋਂ ਬਿਨਾਂ ਬੰਦਾ ਸੁੱਕ ਜਾਏ ਤਾਂ ਇਲਾਜ ਕੀਰਤਨ ਹੈ, ਪਾਠ ਹੈ, ਸਿਮਰਨ ਹੈ। ਕਹਾਂਗੇ ਕਿ ਰੁੱਖਾ ਬੋਲਦਾ ਹੈ, ਕਿਉਂਕਿ ਇਸ ਨੂੰ ਪਤਾ ਨਹੀਂ ਬਾਣੀ ਕੀ ਹੈ ਤੇ ਜਿਹੜਾ ਬੰਦਾ ਬਾਣੀ ਵਿਚ ਰਹਿ ਕੇ ਸੁੱਕ ਜਾਏ ਤਾਂ ਖਿਮਾ ਕਰਿਉ, ਉਸ ਬੰਦੇ ਦਾ ਇਲਾਜ ਫਿਰ ਦੁਨੀਆਂ ਵਿਚ ਕੋਈ ਨਹੀਂ ਰਹਿ ਗਿਆ। ਫ਼ਰੀਦ ਜੀ ਨੇ ਫ਼ੁਰਮਾਇਆ–

ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ॥
ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ॥

(ਅੰਗ ੧੩੮੧)

ਭਾਈ ਸਾਹਿਬ ਕਹਿੰਦੇ ਹਨ ਕਿ ਜੇ ਬੰਦਾ ਧਰਮ ਦੀ ਦੁਨੀਆਂ ਵਿਚ ਵਿਚਰ ਕੇ ਸ਼ਾਂਤ ਨਹੀਂ ਤਾਂ ਹਉਮੈ ਦਾ ਮਾਰਿਆ ਹੈ। ਉਸ ਬੰਦੇ ਦਾ ਫਿਰ ਬਣੇਗਾ ਕੀ। ਉਹਨਾਂ ਨੇ ਕਿਹਾ, ਮੰਨ ਲਉ, ਕਿਸੇ ਦੇ ਘਰ ਨੂੰ ਅੱਗ ਲੱਗ ਜਾਏ, ਦੁਕਾਨ ਨੂੰ ਅੱਗ ਲੱਗ ਜਾਏ ਤੇ ਆਪਾਂ ਇਹੀ ਕਹਾਂਗੇ ਕਿ ਪਾਣੀ ਦਾ ਪ੍ਰਬੰਧ ਕਰੋ। ਬਾਹਰ ਦੀਆਂ ਅੱਗ ਦੀਆਂ ਲਪਟਾਂ ਪਾਣੀ ਪਾਇਆਂ ਬੁੱਝ ਜਾਣਗੀਆਂ, ਪਰ ਗੁਰੂ ਕੇ ਸਿੱਖੋ ! ਜੇ ਬੰਦਾ ਕਿਸ਼ਤੀ ਵਿਚ ਬੈਠਾ ਹੋਵੇ ਤੇ ਨਦੀ ਦੇ ਵਿਚ ਪਾਣੀ ਨੂੰ ਅੱਗ ਲੱਗ ਜਾਵੇ ਤਾਂ ਫਿਰ ਕਿੱਥੇ ਜਾ ਕੇ ਬੁਝਾਵਾਂਗੇ। ਦੂਜਾ ਬਚਨ ਹੈ, ਇਕ ਆਦਮੀ ਕਿਤੋਂ

ਡਰਦਾ ਹੋਇਆ ਆਇਆ ਹੈ ਕਿ ਕਿਤੇ ਚੋਰ ਮੇਰੀ ਜੇਬ ਨਾ ਕੱਟ ਲਵੇ, ਮੈਨੂੰ ਡਾਕੂ ਨਾ ਲੁੱਟ ਲੈਣ। ਉਹ ਡਰਦਾ ਮਾਰਾ ਕਿਤੇ ਕਿਲ੍ਹੇ ਵਿਚ ਆ ਗਿਆ ਕਿ ਮੈਂ ਸੇਫ਼ ਹਾਂ, ਕਿਉਂਕਿ ਇਥੇ ਬਾਦਸ਼ਾਹ ਦੇ ਨੌਕਰ ਹਨ। ਉਸ ਦੇ ਸਿਪਾਹੀ ਹਨ, ਉਸ ਦੇ ਸੈਨਾਪਤੀ ਹਨ, ਉਸ ਦੇ ਮੰਤਰੀ, ਅਮੀਰ-ਵਜ਼ੀਰ ਹਨ। ਜੇ ਪਿਆਰਿਓ ! ਕਿਲ੍ਹੇ ਦੇ ਸੰਤਰੀ ਨੇ ਆਉਂਦਿਆਂ ਸਾਰ ਉਸ ਦੀ ਜੇਬ ਕੱਟ ਲਈ ਤਾਂ ਉਹ ਕਿਹੜੀ ਥਾਂ 'ਤੇ ਜਾਵੇਗਾ। ਕੋਈ ਥਾਂ ਨਹੀਂ। ਇਕ ਆਦਮੀ ਨੂੰ ਡਰ ਹੈ ਕਿ ਉਸ ਨੂੰ ਕੋਈ ਮਾਰਨਾ ਚਾਹੁੰਦਾ ਹੈ। ਉਹ ਕਹਿੰਦਾ ਹੈ ਕਿ ਚਲੋ ਰਾਜੇ ਕੋਲ ਜਾਵਾਂ, ਰਾਜੇ ਕੋਲ ਨਿਆਂ ਹੈ। ਰਾਜਾ ਮੈਨੂੰ ਇਨਸਾਫ਼ ਤਾਂ ਦੇਵੇਗਾ। ਉਹ ਰਾਜੇ ਕੋਲ ਜਾਏ ਤੇ ਰਾਜੇ ਸਾਹਮਣੇ ਫ਼ਰਿਆਦ ਕਰਨ ਲਈ ਆਪਣੀ ਗਰਦਨ ਨੂੰ ਝੁਕਾਵੇ ਤੇ ਜੇ ਰਾਜਾ ਹੀ ਆਪਣੀ ਕਿਰਪਾਨ ਕੱਢ ਕੇ ਉਸ ਦੀ ਗਰਦਨ ਉਤਾਰ ਦੇਵੇ ਤਾਂ ਫਿਰ ਦੱਸੋ ਕਿੱਥੋਂ ਇਨਸਾਫ਼ ਦੀ ਗੱਲ ਕਰੇਗਾ, ਜੇ ਰਾਜੇ ਨੇ ਹੀ ਉਸ ਨੂੰ ਕਤਲ ਕਰ ਦਿੱਤਾ।

ਬਾਹਰ ਕੀ ਅਗਨਿ ਬੂਝਤ ਜਲ ਸਰਿਤਾ ਕੈ,
ਨਾਉ ਮੈ ਜਉ ਅਗਨ ਲਾਗੈ ਕੈਸੇ ਕੈ ਬੁਝਾਈਐ॥
ਬਾਹਰ ਸੈ ਭਾਗਿ ਓਟ ਲੀਜੀਅਤ ਕੋਟ ਗੜ,
ਗੜਿ ਮੈ ਜਉ ਲੂਟਿ ਲੀਜੈ ਕਹੋ ਕਤ ਜਾਈਐ॥
ਚੋਰਨ ਕੈ ਤ੍ਰਾਸ ਜਾਇ ਸਰਨਿ ਗਏ ਨਰਿੰਦ,
ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ॥
ਮਾਇਆ ਡਰ ਡਰਪਤ ਹਾਰਿ ਗੁਰ ਦੁਆਰੈ ਜਾਵੈ,
ਤਾਹਾ ਜਉ ਮਾਇਆ ਬਿਆਪੈ ਕਹਾ ਠਹਰਾਈਐ॥

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਜੇ ਉਥੇ ਵੀ ਅੱਗ ਨਾ ਬੁੱਝੀ ਫਿਰ ਬੰਦੇ ਨੇ ਕਿੱਥੇ ਜਾਣਾ ਹੈ। ਸਤਿਗੁਰੂ ਕ੍ਰਿਪਾ ਕਰਨ। ਸਤਿਗੁਰੂ ਕਹਿੰਦੇ ਹਨ ਕਿ ਹਉਮੈ ਵਿਚ ਬੰਦਾ ਸੜਦਾ ਰਿਹਾ, ਦੁਬਿਧਾ ਵਿਚ ਪਿਆ ਰਿਹਾ ਤੇ ਭਟਕ-ਭਟਕ ਕੇ ਕਈ ਜਨਮਾਂ ਤੋਂ ਬਾਅਦ ਆਇਆ। ਜਦੋਂ ਸਤਿਗੁਰੂ ਦੇ ਚਰਨਾਂ ਵਿਚ ਆਇਆ, ਸੱਚਮੁੱਚ ਜੇ ਕਿਤੇ ਸੜਿਆ ਹੋਇਆ ਬੰਦਾ ਵੀ ਅਖ਼ੀਰ 'ਤੇ ਡਿੱਗ ਪਵੇ। ਅਗਲੀ ਤੁੱਕ ਸੀ ਕਿ ਸਤਿਗੁਰੂ ਨੇ ਆਪਣੇ ਪੰਨੇ ਪਾ ਲਿਆ। ਪੰਨੇ ਦਾ ਅਰਥ ਹੈ ਖਾਤਾ। ਕਈ ਵਾਰੀ ਬੰਦਾ ਇੰਨਾ ਕਰਜ਼ਾਈ ਹੋ ਜਾਂਦਾ ਹੈ ਕਿ ਉਹ ਆਪ ਕਰਜ਼ਾ ਨਹੀਂ ਲਾਹ ਸਕਦਾ। ਉਹ ਇਥੋਂ ਤੱਕ ਕਹਿੰਦਾ ਹੈ ਕਿ ਮੇਰਾ ਤਾਂ ਪਰਿਵਾਰ ਵੀ ਵਿੱਕ ਜਾਏ ਤਾਂ ਵੀ ਮੈਂ ਕਰਜ਼ ਨਹੀਂ ਲਾਹ ਸਕਦਾ। ਕਈ ਜਨਮਾਂ ਦਾ ਹਉਮੈ ਦਾ ਕਰਜ਼ਾ ਲੈ ਕੇ, ਵਾਸ਼ਨਾਵਾਂ ਦਾ ਕਰਜ਼ਾ ਲੈ ਕੇ ਇਨਸਾਨ ਤੁਰਿਆ ਫਿਰਦਾ ਹੈ। ਅੱਜ ਸਮਰੱਥ ਗੁਰੂ ਦੇ ਚਰਨਾਂ ਵਿਚ ਆਇਆ, ਉਸ ਸੜੇ ਹੋਏ ਨੇ ਗੁਰੂ ਦੇ ਚਰਨ ਫੜੇ ਤੇ ਕਹਿੰਦਾ ਹੈ, ਦਾਤਾ ! ਮੈਂ ਈਮਾਨਦਾਰੀ ਨਾਲ ਕਹਿੰਦਾ ਹਾਂ ਕਿ ਮੇਰਾ ਅੰਦਰ ਸੜ ਚੁੱਕਾ ਹੈ। ਜਿੰਨਾ ਮੇਰੇ ਸਿਰ 'ਤੇ ਕਰਜ਼ ਹੈ, ਮੈਂ ਕਦੀ ਨਹੀਂ ਉਤਾਰ

ਸਕਦਾ। ਗੁਰੂ ਨੇ ਕਿਹਾ, ਲਿਆ ਤੇਰੇ ਕਰਜ਼ੇ ਨੂੰ ਮੈਂ ਆਪਣੇ ਖਾਤੇ ਵਿਚ ਪਾ ਲੈਂਦਾ ਹਾਂ। ਕਈ ਵਾਰੀ ਅਸੀਂ ਕਹਿੰਦੇ ਹਾਂ ਕਿ ਅੱਜ ਤੋਂ ਬਾਅਦ ਇਸ ਤੋਂ ਪੈਸਾ ਨਾ ਮੰਗੀਂ। ਜਿਹੜਾ ਮੇਰਾ ਖਾਤਾ ਤੇਰੇ ਕੋਲ ਚੱਲਦਾ ਹੈ, ਇਸ ਦੇ ਖਾਤੇ ਪਾੜ ਕੇ ਮੇਰੇ ਪੰਨੇ ਵਿਚ ਲਿਖ ਦੇ। ਗੁਰੂ ਨੇ ਸੜੇ ਹੋਏ ਨੂੰ ਆਪਣੇ ਖਾਤੇ ਵਿਚ ਪਾ ਲਿਆ। ਕਹਿਣ ਲੱਗੇ, ਤੇਰੇ ਕੋਲੋਂ ਕੋਈ ਲੇਖਾ ਨਹੀਂ ਪੁੱਛੇਗਾ। ਕਿੰਨੀ ਸਤਿਗੁਰੂ ਦੀ ਕ੍ਰਿਪਾਲਤਾ ਹੈ ਕਿ ਉਹਨਾਂ ਸੜਿਆ ਹੋਇਆਂ ਨੂੰ ਆਪਣੇ ਸੀਨੇ ਨਾਲ ਲਾਇਆ।

ਇਹੁ ਜਗੁ ਜਲਤਾ ਨਦਰੀ ਆਇਆ ਗੁਰ ਕੈ ਸਬਦਿ ਸੁਭਾਇ॥

ਇਹ ਸੰਸਾਰ ਉਦੋਂ ਸੜਦਾ ਦਿੱਸਿਆ, ਜਦੋਂ ਗੁਰੂ ਦੇ ਸ਼ਬਦ ਨੂੰ ਕੋਈ ਪਿਆਰ ਕਰਦਾ ਹੈ। ਪਿਆਰਿਉ ! ਠੰਡੇ ਨੂੰ ਹੀ ਪਤਾ ਲੱਗਦਾ ਹੈ ਕਿ ਸੜਦਾ ਹੈ। ਹੁਣ ਜੇ ਦੋ ਥਾਵਾਂ 'ਤੇ ਅੱਗ ਲੱਗੀ ਹੋਵੇ ਤੇ ਦੋਨਾਂ ਥਾਵਾਂ 'ਤੇ ਸੇਕ ਇਕੋ ਜਿਹਾ ਹੋਵੇ ਤਾਂ ਕੀ ਪਤਾ ਹੈ ਕਿ ਕਿਹੜਾ ਸੜ ਰਿਹਾ ਹੈ ਤੇ ਕਿਹੜਾ ਠੰਡਾ ਹੈ। ਸ਼ਬਦ ਕਮਾਉਣ ਵਾਲੇ ਨੂੰ ਪਤਾ ਲੱਗਦਾ ਹੈ ਕਿ ਬੰਦਾ ਸੜ ਰਿਹਾ ਹੈ।

ਸਬਦਿ ਰਤੇ ਸੇ ਸੀਤਲ ਭਏ ਨਾਨਕ ਸਚੁ ਕਮਾਇ॥ ੧॥

ਧੰਨ ਗੁਰੂ ਅਮਰਦਾਸ ਜੀ ਨੇ ਨਾਲ ਹੀ ਤਰੁੱਠ ਕੇ ਇਲਾਜ ਦੱਸ ਦਿੱਤਾ। ਕਹਿਣ ਲੱਗੇ, ਜਿਹੜੇ ਸ਼ਬਦ ਵਿਚ ਰੱਤੇ ਹਨ, ਬਾਣੀ ਵਿਚ ਭਿੱਜੇ ਹੋਏ ਹਨ, ਗੁਰਮੁਖੋ ! ਉਹ ਭਿੱਜੇ ਹੋਏ ਜਿਹੜੇ ਸੱਜਣ ਹਨ, ਉਹਨਾਂ ਦਾ ਅੰਦਰ ਸੀਤਲ ਹੋ ਗਿਆ। ਸੀਤਲਤਾ ਦੇ ਤਰੀਕੇ ਗੁਰੂ ਜੀ ਨੇ ਬਾਣੀ ਵਿਚ ਫ਼ੁਰਮਾਏ ਹਨ, ਕਹਿਣ ਲੱਗੇ-

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥
ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥
ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ॥

(ਅੰਗ ੧੦੩)

ਜੱਪਣ ਵਾਲਿਆਂ ਨਾਲ ਕੀ ਵਧੀਕੀ ਨਹੀਂ ਕੀਤੀ ਜਾਂਦੀ ? ਪਰ ਜਿਸ 'ਤੇ ਗੁਰੂ ਦੀ ਮੇਹਰ ਹੈ, ਉਹ ਇਕੋ ਗੱਲ ਸਮਝਦਾ ਹੈ ਕਿ ਪ੍ਰਮਾਤਮਾ ਤੂੰ ਕ੍ਰਿਪਾ ਕੀਤੀ, ਮੈਨੂੰ ਤੂੰ ਆਪਣੇ ਚਰਨਾਂ ਨਾਲ ਜੋੜਿਆ ਤੇ ਅੱਜ ਜਿੰਨੇ ਮੇਰੇ ਉਤੇ ਅੱਗ ਦੇ ਅੰਗਿਆਰੇ ਬਰਸਦੇ ਹਨ, ਤੂੰ ਇਸ ਕਰਕੇ ਮੇਰੇ ਲਈ ਪੈਦਾ ਕੀਤੇ ਤਾਂ ਕਿ ਮੈਂ ਹੋਰ ਤੇਰੀ ਗੋਦ ਦਾ ਸੁੱਖ ਮਾਣ ਸਕਾਂ।

ਮ: ੩॥

ਸਫਲਿਓ ਸਤਿਗੁਰੁ ਸੇਵਿਆ ਧੰਨੁ ਜਨਮੁ ਪਰਵਾਣੁ॥

ਸਤਿਗੁਰੁ ਤੋਂ ਪਹਿਲਾ ਸਬਦ ਆਇਆ ਸਫਲਿਓ। ਉਹ ਸਤਿਗੁਰ ਜਿਸ ਦਾ ਨਾਮ, ਜਿਸ ਦੀ ਸੇਵਾ ਕਦੀ ਨਿਹਫਲ ਨਹੀਂ ਜਾਂਦੀ। ਜਿਸ ਨੇ ਸਤਿਗੁਰੂ ਨੂੰ ਸੇਵਿਆ, ਉਹ ਸਫਲ

ਹੋਇਆ। ਜਨਮ ਤਾਂ ਅਨੇਕਾਂ ਲੈਂਦੇ ਹਨ, ਪਰ ਧੰਨ ਜਨਮ ਉਸ ਦਾ ਹੈ, ਜਿਸ ਨੇ ਗੁਰੂ ਦੀ ਸੇਵਾ ਕੀਤੀ। ਪ੍ਰਵਾਣ ਉਹੀ ਹੁੰਦਾ ਹੈ, ਜਿਹੜਾ ਸਤਿਗੁਰੂ ਦੇ ਚਰਨਾਂ ਨਾਲ ਜੁੜ ਜਾਂਦਾ ਹੈ।

ਜਿਨਾ ਸਤਿਗੁਰੁ ਜੀਵਦਿਆ ਮੁਇਆ ਨ ਵਿਸਰੈ ਸੇਈ ਪੁਰਖ ਸੁਜਾਣ॥

ਉਹ ਪੁਰਖ ਹੀ ਸੁਜਾਣ ਹਨ, ਸਿਆਣੇ ਹਨ, ਜਿਨ੍ਹਾਂ ਨੂੰ ਜੀਉਂਦਿਆਂ ਵੀ ਗੁਰੂ ਨਾ ਭੁੱਲਿਆ ਤੇ ਮਰਦਿਆਂ ਹੋਇਆਂ ਵੀ ਗੁਰੂ ਨਾ ਭੁੱਲਿਆ। ਅੰਤਲੇ ਸਮੇਂ ਗੁਰੂ ਉਸ ਨੂੰ ਹੀ ਯਾਦ ਰਹੇਗਾ, ਜਿਸ ਨੇ ਗੁਰਮੁਖੋ ! ਜੀਉਂਦਿਆਂ ਗੁਰੂ ਨੂੰ ਪੁਕਾਰਿਆ। ਜੋ ਕੁਝ ਸਾਡੇ ਅੰਦਰ ਹੈ, ਮਰਦੇ ਸਮੇਂ ਉਹ ਸਾਡੀਆਂ ਅੱਖਾਂ ਦੇ ਸਾਹਮਣੇ ਆਉਂਦਾ ਹੈ। ਉਹ ਜੀਉਂਦੇ ਵੀ ਪ੍ਰਵਾਣ, ਉਹ ਮਰੇ ਹੋਏ ਵੀ ਪ੍ਰਵਾਣ ਹਨ।

ਕੁਲੁ ਉਧਾਰੇ ਆਪਣਾ ਸੋ ਜਨੁ ਹੋਵੈ ਪਰਵਾਣੁ॥

ਆਪ ਤਰਦੇ ਹਨ ਤੇ ਆਪਣੀ ਕੁਲ ਦਾ ਵੀ ਉਧਾਰ ਕਰ ਜਾਂਦੇ ਹਨ। ਉਹ ਪ੍ਰਮਾਤਮਾ ਦੇ ਪਿਆਰੇ ਸੁਜਾਣ ਸਿੱਖ ਗੁਰਮੁਖ ਜਨ ਮਾਲਕ ਦੇ ਦਰ 'ਤੇ ਕਬੂਲ ਹੁੰਦੇ ਹਨ।

ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ॥

ਗੁਰਮੁਖ ਜੀਊਂਦੇ ਹੋਇਆਂ ਵੀ ਪ੍ਰਵਾਣ ਤੇ ਜਾਣ ਤੋਂ ਬਾਅਦ ਵੀ ਪ੍ਰਵਾਣ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਤਿੰਨ ਤਰ੍ਹਾਂ ਦੀ ਮੌਤ ਮੰਨੀ ਹੈ। ਇਕ ਮੌਤ ਹੈ ਫਿਜ਼ੀਕਲ। ਦੂਜੀ ਮੌਤ ਹੈ ਲੋਕ ਜੀਉਂਦੇ ਹਨ, ਅੱਖਾਂ ਨਾਲ ਦੇਖਦੇ ਹਨ, ਕੰਨਾਂ ਨਾਲ ਸੁਣਦੇ ਹਨ, ਜ਼ਬਾਨ ਨਾਲ ਬੋਲਦੇ ਹਨ, ਹੱਥਾਂ ਨਾਲ ਕਿਰਤ ਕਰਦੇ ਹਨ, ਪੈਰਾਂ ਨਾਲ ਚੱਲਦੇ ਹਨ, ਪਰ ਸਭ ਕੁਝ ਭੋਗ ਕੇ ਵੀ ਪ੍ਰਮਾਤਮਾ ਨੂੰ ਚੇਤੇ ਨਹੀਂ ਕਰਦੇ, ਉਹ ਵੀ ਮੁਰਦਾ ਹਨ। ਤੀਸਰੀ ਤਰ੍ਹਾਂ ਦੀ ਮੌਤ ਹੈ ਪਿਆਰਿਉ ! ਉਹ ਨਾ ਫਿਜ਼ੀਕਲ ਡੈੱਥ ਹੈ ਨਾ ਨਾਮ ਤੋਂ ਵਿਛੁੰਨੀਆਂ ਦੀ ਮੌਤ ਹੈ, ਉਹ ਹੈ –

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ॥

(ਅੰਗ ੬੦੪)

ਇਥੇ ਹਜ਼ੂਰ ਨੇ ਕਿਹਾ ਜੀਊਂਦੇ ਵੀ ਪ੍ਰਵਾਣ ਤੇ ਉਹ ਸ਼ਬਦ ਵਿਚ ਮਰ ਗਏ ਤਾਂ ਕੀ ਉਹਨਾਂ ਦੀ ਮੌਤ ਸੰਸਾਰੀਆਂ ਵਾਲੀ ਮੌਤ ਹੈ ? ਗੁਰਮੁਖ ਦਾ ਜਾਣਾ ਵੱਖਰਾ ਹੈ। ਗੁਰੂ ਜੀ ਨੇ ਸ਼ਬਦ ਕਿਹਾ –

ਕਬੀਰ ਸੰਤ ਮੁਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥
ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥

(ਅੰਗ ੧੩੬੫)

ਗੁਰਮੁਖ ਜੀਊਂਦੇ ਵੀ ਪ੍ਰਵਾਣ ਤੇ ਮੋਏ ਹੋਏ ਵੀ ਪ੍ਰਮਾਤਮਾ ਦੇ ਘਰ ਵਿਚ ਆਤਮਕ ਤੌਰ 'ਤੇ ਪ੍ਰਵਾਣ ਹਨ।

ਨਾਨਕ ਮੁਏ ਨ ਆਖੀਅਹਿ ਜਿ ਗੁਰ ਕੈ ਸਬਦਿ ਸਮਾਹਿ॥ ੨॥

ਜਿਹੜੇ ਜੀਊਂਦੇ ਜੀਅ ਗੁਰੂ ਦੇ ਸ਼ਬਦ ਵਿਚ ਸਮਾਅ ਗਏ, ਗੁਰੂ ਦੇ ਸ਼ਬਦ ਵਿਚ ਮਰ ਗਏ, ਸ਼ਬਦ ਹੀ ਉਹਨਾਂ ਦਾ ਜੀਵਨ ਹੋ ਗਿਆ ਅਤੇ ਦੇਹ ਤੋਂ ਮੁਕਤ ਹੋ ਗਏ। ਹਜ਼ੂਰ ਕਹਿੰਦੇ ਹਨ ਕਿ ਸ਼ਬਦ ਵਿਚ ਜੁੜੇ ਹੋਏ ਨੂੰ ਕਦੀ ਮਰਿਆ ਨਾ ਕਹੋ। ਅਸੀਂ ਸਿੱਖ ਲਈ ਇਹ ਸ਼ਬਦ ਨਹੀਂ ਵਰਤਦੇ ਕਿ ਮਰ ਗਿਆ, ਅਸੀਂ ਦੋ ਸ਼ਬਦ ਵਰਤਦੇ ਹਾਂ ਗੁਰਮਤਿ ਦੀ ਸ਼ੈਲੀ ਵਿਚ ਅਕਾਲ ਚਲਾਊਣਾ ਕਰ ਗਿਆ ਜਾਂ ਕਹਿੰਦੇ ਹਾਂ ਚੜ੍ਹਾਈ ਕਰ ਗਿਆ। ਮਰਦਾ ਸੰਸਾਰ ਹੈ। ਦੁਨੀਆਂ ਹਮੇਸ਼ਾ ਜਦੋਂ ਚਲਾਣਾ ਕਰਦੀ ਹੈ, ਕਾਲ ਵੱਸ ਕਰਦੀ ਹੈ, ਪਰ ਜਪਣ ਵਾਲਾ ਜਦੋਂ ਚਲਾਣਾ ਕਰਦਾ ਹੈ, ਉਸ ਥਾਂ 'ਤੇ ਕਰਦਾ ਹੈ, ਜਿਥੇ ਕਾਲ ਦਾ ਵੀ ਅਸਰ ਨਹੀਂ। ਦੂਜਾ ਬਚਨ ਚੜ੍ਹਾਈ ਕਰ ਗਿਆ। ਮੌਤ ਸਭ 'ਤੇ ਚੜ੍ਹਾਈ ਕਰਦੀ ਹੈ, ਪਰ ਕਮਾਈ ਵਾਲਾ ਮੌਤ 'ਤੇ ਵੀ ਫਤਿਹ ਪਾ ਗਿਆ।

ਪਉੜੀ॥ ਹਰਿ ਪੁਰਖੁ ਨਿਰੰਜਨੁ ਸੇਵਿ ਹਰਿ ਨਾਮੁ ਧਿਆਈਐ॥

ਉਸ ਸਰਵ-ਵਿਆਪਕ ਪ੍ਰਭੂ ਨੂੰ, ਹਰੀ ਨੂੰ ਸਿਮਰ, ਜਿਸ ਉੱਪਰ ਕੋਈ ਲੇਪ-ਸ਼ੇਪ ਨਹੀਂ, ਉਸ ਦਾ ਨਾਮ ਜਪ।

ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ॥

ਸੰਗਤ ਵਿਚ ਸਾਧੂਆਂ ਦੀ ਸੰਗਤ ਕਰ ਤੇ ਹਰੀ ਦੇ ਨਾਮ ਵਿਚ ਸਮਾਅ ਜਾ।

ਹਰਿ ਤੇਰੀ ਵਡੀ ਕਾਰ ਮੈ ਮੂਰਖ ਲਾਈਐ॥

ਇਕ ਕਾਰ ਹੈ, ਜਿਹੜੀ ਸਾਰੀ ਜ਼ਿੰਦਗੀ ਬੰਦਾ ਕਰਦਾ ਹੈ ਤੇ ਮਰਦੇ ਸਮੇਂ ਉਹ ਕਾਰ ਨਾਲ ਨਹੀਂ ਨਿੱਭਦੀ, ਪਰ ਵੱਡੀ ਕਾਰ ਕੀ ਹੈ ? ਉਹ ਵੱਡੀ ਕਾਰ ਹੈ ਸਿਮਰਨ ਦੀ। ਮਾਲਕ ਜੀ ! ਇਹ ਵੱਡੀ ਕਾਰ ਤੁਸੀਂ ਕ੍ਰਿਪਾ ਕਰਕੇ ਬਖ਼ਸ਼ੋ।

ਹਉ ਗੋਲਾ ਲਾਲਾ ਤੁਧੁ ਮੈ ਹੁਕਮੁ ਫੁਰਮਾਈਐ॥

ਹੇ ਪ੍ਰਭੂ ! ਮੈਂ ਆਪ ਜੀ ਦਾ ਗ਼ੁਲਾਮ ਹਾਂ, ਤੁਸੀਂ ਕ੍ਰਿਪਾ ਕਰਕੇ ਹੁਕਮ ਫ਼ੁਰਮਾਉ। ਪਿਆਰਿਉ ! ਇਹ ਗੁਰੂ ਰਾਮਦਾਸ ਜੀ ਹੀ ਮੰਨ ਸਕਦੇ ਹਨ। ਲਾਲਾ ਗੋਲਾ ਜਿਹੜਾ ਬਣ ਜਾਏ, ਉਹ ਕਦੀ ਹੁਕਮ ਵਾਪਿਸ ਨਹੀਂ ਮੋੜਦਾ। ਵਿੱਕਣ ਤੋਂ ਬਾਅਦ ਘਰ ਦੀ ਝਾਤ ਕਿਉਂ ?

ਅਬ ਹਮ ਚਲੀ ਠਾਕੁਰ ਪਹਿ ਹਾਰ॥

ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥੧॥ ਰਹਾਉ॥

(ਅੰਗ ੫੨੭)

ਹਜ਼ੂਰ ਫਿਰ ਬੇਨਤੀ ਕਰਦੇ ਹਨ-

ਹਉ ਗੁਰਮੁਖਿ ਕਾਰ ਕਮਾਵਾ ਜਿ ਗੁਰਿ ਸਮਝਾਈਐ॥ ੨॥

ਹੇ ਸਮਰੱਥ ਸਤਿਗੁਰੂ ਜੀ ! ਤੁਸੀਂ ਸਮਝਾ ਦਿਉ, ਮੈਨੂੰ ਅਕਲ ਕੋਈ ਨਹੀਂ ਤਾਂ ਕਿ ਗੁਰੂ ਜੀ ਦੇ ਸਨਮੁਖ ਰਹਿ ਕੇ ਨਾਮ ਦੀ ਘਾਲ ਕਮਾ ਸਕਾਂ। ਇਸ ਤੋਂ ਵੱਡੀ ਭਾਈ, ਕਾਰ ਕੋਈ ਨਹੀਂ। ਹੋਈਆਂ ਬੇਅੰਤ ਭੁੱਲਾਂ ਬਖ਼ਸ਼ ਦੇਣਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਹਰਿ ਹਰਿ ਕਾਜੁ ਰਚਾਇਆ ਪੂਰੈ

ਵਡਹੰਸੁ ਮਹਲਾ ੪ ਘੋੜੀਆ

੧ੴ ਸਤਿਗੁਰ ਪ੍ਰਸਾਦਿ॥

ਦੇਹ ਤੇਜਣਿ ਜੀ ਰਾਮ ਉਪਾਈਆ ਰਾਮ॥
ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ॥
ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ॥
ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵ ਰੰਗੜੀਆ॥
ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ॥
ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ॥ ੧॥
ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ॥
ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ॥
ਬਿਖਮੁ ਭੁਇਅੰਗਾ ਅਨਤ ਤਰੰਗਾ ਗੁਰਮੁਖਿ ਪਾਰਿ ਲੰਘਾਏ॥
ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ॥
ਅਨਦਿਨੁ ਹਰਿ ਰੰਗ ਹਰਿ ਗੁਣ ਗਾਵੈ ਹਰਿ ਰੰਗੀ ਹਰਿ ਰੰਗਾ॥
ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮੁ ਹਰਿ ਪਦੁ ਚੰਗਾ॥ ੨॥
ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ॥
ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ॥
ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ॥
ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ॥
ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ॥
ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ॥ ੩॥
ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ॥
ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ ਰਾਮ॥

ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ॥
ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ॥
ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ॥
ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਾਧਾਈ॥ ੪ ॥੧ ॥੫ ॥

(ਅੰਗ ੫੭੫)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਜੋ ਹੁਕਮ ਰੂਪ ਵਿਚ ਸ਼ਬਦ ਅਸਾਨੂੰ ਬਖ਼ਸ਼ਿਸ਼ ਕੀਤਾ ਹੈ, ਰਾਗ ਵਡਹੰਸ ਦੇ ਅੰਦਰ ਇਹ ਅਮੋਲਕ ਬਚਨ ਸਤਿਗੁਰੂ ਗੁਰੂ ਰਾਮਦਾਸ ਜੀ ਦੇ ਪਵਿੱਤਰ ਰਸਨਾ ਤੋਂ ਉਚਾਰਨ ਕੀਤੇ ਹੋਏ ਹਨ। ਇਹਨਾਂ ਪਵਿੱਤਰਾਂ ਬਚਨਾਂ ਦਾ ਜੋ ਸਿਰਲੇਖ ਹੈ, ਉਹ ਹੈ ਘੋੜੀਆਂ। ਇਸ ਵਿਚ ਹਜ਼ੂਰ ਨੇ ਸਰੀਰ ਨੂੰ ਇਕ ਘੋੜੀ ਨਾਲ ਤੁਲਨਾ ਦਿੱਤੀ ਹੈ। ਜਿਵੇਂ ਅਸਵਾਰ ਆਪਣੀ ਘੋੜੀ ਨੂੰ ਸ਼ਿੰਗਾਰ ਕੇ, ਉਸ ਉੱਪਰ ਸਫ਼ਰ ਕਰ ਕੇ ਆਪਣੀ ਮੰਜ਼ਿਲ 'ਤੇ ਪਹੁੰਚਦਾ ਹੈ। ਗੁਰੂ ਰਾਮਦਾਸ ਜੀ ਨੇ ਸਰੀਰ ਨੂੰ, ਕਾਇਆ ਨੂੰ ਘੋੜੀ ਦੇ ਰੂਪ ਵਿਚ ਬਿਆਨਿਆ ਹੈ। ਉਸ ਉੱਪਰ ਕਾਠੀ ਕਿਹੜੀ ਪਾਉਣੀ ਹੈ ? ਇਸ ਘੋੜੀ ਨੂੰ ਕਿਸ ਚਾਬਕ ਨਾਲ ਹੱਕਣਾ ਹੈ, ਤੋਰਨਾ ਹੈ ਤੇ ਇਸ ਘੋੜੀ ਦੇ ਮੂੰਹ ਵਿਚ ਲਗਾਮ ਕਿਹੜੀ ਪਾਉਣੀ ਹੈ, ਇਹ ਸਤਿਗੁਰੂ ਜੀ ਨੇ ਅੱਜ ਦੇ ਇਸ ਪਵਿੱਤਰ ਹੁਕਮ ਵਿਚ ਬਖ਼ਸ਼ਿਸ਼ ਕੀਤਾ ਹੈ।

ਵਡਹੰਸੁ ਮਹਲਾ ੪ ਘੋੜੀਆ
ੴ ਸਤਿਗੁਰ ਪ੍ਰਸਾਦਿ॥

ਸਭ ਤੋਂ ਪਹਿਲਾਂ ਧੰਨ ਗੁਰੂ ਰਾਮਦਾਸ ਜੀ ਦੇ ਇਸ ਬਚਨ ਦਾ ਜੋ ਸਿਰਲੇਖ ਹੈ, ਉਹ ਹੈ ਵਡਹੰਸ ਰਾਗ। ਚੌਥੇ ਗੁਰਦੇਵ ਜੀ ਦੇ ਬਚਨ ਤੇ ਇਕ ਨਾਲ ਸਿਰਲੇਖ ਆਇਆ ਘੋੜੀਆਂ, ਇਹਨਾਂ ਘੋੜੀਆਂ ਦਾ ਭਾਵ ਕੀ ਹੈ ? ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਗੁਰਬਾਣੀ ਦੇ ਵਿਚ ਜਿਥੇ ਹਜ਼ੂਰ ਨੇ ਕ੍ਰਿਪਾ ਕਰਕੇ 31 ਰਾਗਾਂ ਦੇ ਵਿਚ ਅੰਮ੍ਰਿਤ ਬਚਨ ਉਚਾਰਨ ਕੀਤੇ ਹਨ, ਉਥੇ ਹਜ਼ੂਰ ਨੇ ਉਸ ਵੇਲੇ ਦੇ ਜਿਹੜੇ ਲੋਕ-ਗੀਤ ਸਨ ਜਾਂ ਲੋਕਾਂ ਦੀਆਂ ਆਪਣੀਆਂ ਘਰੇਲੂ ਰਵਾਇਤਾਂ ਸਨ, ਉਹਨਾਂ ਨੂੰ ਵੀ ਆਧਾਰ ਬਣਾ ਕੇ ਅੰਮ੍ਰਿਤ ਬਾਣੀ ਉਚਾਰਨ ਕੀਤੀ ਹੈ। ਉਦਾਹਰਣ ਦੇ ਤੌਰ 'ਤੇ ਲੋਕ ਬਾਰਹ ਮਾਹ ਦੀ ਕਾਵਿ-ਰਚਨਾ ਨੂੰ ਅਤੀ ਪਸੰਦ ਕਰਦੇ ਸਨ। ਮੇਰੇ ਸਤਿਗੁਰੂ ਨੇ ਉਸੇ ਬਾਰਹ ਮਾਹ 'ਤੇ ਆਧਾਰਿਤ ਬਾਰ੍ਹਾਂ ਮਹੀਨੇ ਉਚਾਰਨ ਕਰਕੇ ਉਸ ਪਰਮ ਪਿਤਾ ਪ੍ਰਮੇਸ਼ਰ ਨਾਲ ਜੁੜਨ ਲਈ ਧੁਰ ਕੀ ਬਾਣੀ ਬਖ਼ਸ਼ ਦਿੱਤੀ।

ਸਮੇਂ ਦੀ ਵੰਡ ਅਨੁਸਾਰ ਜਿਵੇਂ ਇਕ ਹਫ਼ਤੇ ਦੇ ਸੱਤ ਵਾਰ ਮਨੁੱਖ ਨੇ ਲਿਖੇ ਤੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕ੍ਰਿਪਾਲੂ ਦਾਤਾ ਜੀ ਨੇ ਸੱਤ ਵਾਰ ਆਪਣੀ ਰਚਨਾ ਤੋਂ ਉਚਾਰਨ ਕਰ ਦਿੱਤੇ। ਉਸ ਤੋਂ ਅੱਗੇ ਅਸੀਂ ਦੇਖਦੇ ਹਾਂ ਕਿ ਜਿਥੇ ਬਾਰਹ ਮਾਹ ਰਾਹੀਂ ਉਪਦੇਸ਼ ਦਿੱਤਾ, ਸੱਤ ਵਾਰਾਂ ਰਾਹੀਂ ਉਪਦੇਸ਼ ਦਿੱਤਾ, ਦਿਨ ਅਤੇ ਰਾਤ ਨੂੰ ਅੱਠਾਂ ਪਹਿਰਾਂ ਰਾਹੀਂ ਮਨੁੱਖ ਨੇ ਵੰਡਿਆ, ਚਾਰ ਪਹਿਰ ਦਿਨ ਤੇ ਚਾਰ ਪਹਿਰ ਰਾਤ ਸਤਿਗੁਰੂ ਨੇ ਆਪਣੀ ਮੁਬਾਰਕ ਰਸਨਾ ਤੋਂ ਪਹਿਰੇ ਉਚਾਰਨ ਕਰ ਦਿੱਤੇ, ਉਥੇ ਮਨੁੱਖ ਦੀ ਜ਼ਿੰਦਗੀ ਨੂੰ ਰਾਤ ਕਹਿ ਕੇ ਇਸ ਦੇ ਚਾਰ ਪਹਿਰ ਬਣਾ ਦਿੱਤੇ। ਇਸੇ ਤਰ੍ਹਾਂ ਪੁਰਾਤਨ ਸਮਾਜ ਵਿਚ ਜਿਹੜੀਆਂ ਲੋਕ-ਰਵਾਇਤਾਂ ਸਨ ਜਾਂ ਸਮਾਜਿਕ ਰੀਤਾਂ ਸਨ, ਹਜ਼ੂਰ ਨੇ ਉਹਨਾਂ ਸਮਾਜਿਕ ਰੀਤਾਂ ਤੋਂ ਉੱਪਰ ਉਠ ਕੇ ਉਹਨਾਂ 'ਤੇ ਆਧਾਰਿਤ ਸਾਨੂੰ ਪਰਮ-ਪਿਤਾ ਪ੍ਰਮੇਸ਼ਰ ਨਾਲ ਜੋੜਨ ਵਾਲੀ ਧੁਰ ਕੀ ਬਾਣੀ ਉਚਾਰਨ ਕਰ ਦਿੱਤੀ।

ਵਡਹੰਸ ਰਾਗ ਵਿਚ ਪਹਿਲਾਂ ਆਈਆਂ ਹਨ ਘੋੜੀਆਂ। ਜਦੋਂ ਘੋੜੀਆਂ ਦੇ ਸ਼ਬਦ ਸੰਪੰਨ ਹੋਣੇ ਹਨ ਤਾਂ ਇਸ ਤੋਂ ਬਾਅਦ ਆ ਜਾਣੀਆਂ ਹਨ ਅਲਾਹਣੀਆਂ। ਹੁਣ ਘੋੜੀਆਂ ਦਾ ਸੰਬੰਧ ਸੀ, ਪੰਜਾਬ ਦੀ ਉਸ ਰਵਾਇਤ ਨਾਲ ਕਿ ਜਦੋਂ ਘਰ ਦੇ ਵਿਚ ਬੱਚੇ ਦੀ ਸ਼ਾਦੀ ਹੋਣੀ, ਉਸ ਵੇਲੇ ਭੈਣਾਂ ਨੇ ਜਾਂ ਰਿਸ਼ਤੇਦਾਰਾਂ ਨੇ ਕੁਝ ਦਿਨ ਪਹਿਲਾਂ ਹੀ ਰਾਤ ਨੂੰ ਉਸ ਵਿਆਹ ਦੀ ਖ਼ੁਸ਼ੀ ਵਿਚ ਮੰਗਲਮਈ ਗੀਤ ਗਾਉਣ ਲੱਗ ਪੈਣਾ। ਰਾਤ ਨੂੰ ਅੰਨ ਪਾਣੀ ਸਮੇਟ ਕੇ, ਘਰ ਦੇ ਰੁਝੇਵੇਂ ਸੰਕੋਚ ਕੇ ਉਹਨਾਂ ਨੇ ਢੋਲਕੀ ਲੈਣੀ ਤੇ ਅੱਧੀ-ਅੱਧੀ ਰਾਤ ਤੱਕ ਉਹ ਗੀਤ ਗਾਈ ਜਾਣੇ, ਪਰ ਇਹਨਾਂ ਗੀਤਾਂ ਦਾ ਸਿਖਰ ਉਸ ਦਿਨ ਹੁੰਦਾ ਸੀ, ਜਿਸ ਦਿਨ ਵਿਆਹ ਵਾਲਾ ਦਿਨ ਆਉਣਾ ਹੈ ਤੇ ਬੱਚੇ ਨੇ ਜਾਂ ਉਸ ਲਾੜੇ ਨੇ ਘੋੜੀ ਚੜ੍ਹ ਕੇ ਲਾੜੀ ਨੂੰ ਵਿਆਹੁਣ ਲਈ ਤੁਰਨਾ ਹੈ ਤੇ ਭੈਣਾਂ ਉਸ ਵੇਲੇ ਆਪਣੇ ਵੀਰ ਦੀ ਘੋੜੀ ਅੱਗੇ ਉਹਨਾਂ ਨੇ ਥਾਲ ਭਰ ਕੇ ਛੋਲਿਆਂ ਦੀ ਦਾਲ ਦਾ ਘੋੜੀ ਨੂੰ ਖਵਾਉਣਾ ਤੇ ਉਸ ਦੀਆਂ ਵਾਗਾਂ ਗੁੰਦਣੀਆਂ ਤੇ ਨਾਲੇ ਉਹਨਾਂ ਨੇ ਵੀਰ ਦੇ ਘੋੜੀ ਚੜ੍ਹਨ ਲੱਗਿਆਂ ਗੀਤ ਗਾਉਣੇ ਤੇ ਜੋ ਉਦੋਂ ਗੀਤ ਗਾਏ ਜਾਂਦੇ ਸਨ, ਜਿਸ ਤਰਜ਼ ਵਿਚ, ਉਹਨਾਂ ਨੂੰ ਘੋੜੀਆਂ ਕਿਹਾ ਜਾਂਦਾ ਸੀ।

ਇਸੇ ਤਰ੍ਹਾਂ ਅਲਾਹਣੀਆਂ ਸਨ। ਜਦੋਂ ਕਿਸੇ ਇਨਸਾਨ ਦੀ ਮੌਤ ਹੋ ਜਾਣੀ ਤਾਂ ਉਸ ਵੇਲੇ ਪਰਿਵਾਰ ਦੇ ਜੀਆਂ ਨੇ, ਬੀਬੀਆਂ ਨੇ, ਰਿਸ਼ਤੇਦਾਰਣਾਂ ਨੇ ਇਕੱਠੀਆਂ ਹੋਣਾ ਤੇ ਨੈਣ ਨੇ ਜਾਂ ਮਿਰਾਸਣ ਨੇ ਸਾਰੀਆਂ ਨੂੰ ਇਕ ਕਤਾਰ ਵਿਚ ਖੜੇ ਕਰਕੇ ਅਲਾਹਣੀਆਂ ਗਾਉਣੀਆਂ ਤੇ ਅਲਾਹਣੀਆਂ ਗਾਉਣ ਵੇਲੇ ਔਰਤਾਂ ਨੇ ਆਮ ਤੌਰ 'ਤੇ ਆਪਣੇ ਮੁਖ 'ਤੇ, ਆਪਣੀ ਛਾਤੀ 'ਤੇ ਅਤੇ ਆਪਣੇ ਪੱਟਾਂ ਉੱਪਰ ਹੱਥ ਮਾਰਨੇ, ਦੁਹੱਥੜ ਮਾਰ ਕੇ ਪਿੱਟਣਾ। ਅਸਲ ਵਿਚ ਜਦੋਂ ਕਿਸੇ ਜਵਾਨ ਦੀ ਮੌਤ ਹੋਣੀ ਤਾਂ ਉਸ ਦੀ ਅਲਾਹਣੀ ਬਹੁਤ ਦਰਦਨਾਕ ਉਹਨਾਂ ਨੇ ਗਾਉਣੀ, ਜਦੋਂ ਕਿਸੇ ਬੱਚੇ ਦੀ ਮੌਤ ਹੋਣੀ ਤਾਂ ਉਸ ਦੀਆਂ ਅਲਾਹਣੀਆਂ ਅਕਸਰ ਮਿਰਾਸਣਾਂ ਨੇ ਬਹੁਤ ਮਮਤਾ ਭਰੀਆਂ ਗਾਉਣੀਆਂ ਤੇ ਜਦੋਂ ਕਿਸੇ ਬਜ਼ੁਰਗ ਦੀ ਮੌਤ ਹੋਣੀ ਤਾਂ ਉਸ ਦੀਆਂ ਅਲਾਹਣੀਆਂ ਬੜੀਆਂ ਕਰੁਣਾ ਰੱਸ ਵਿਚ ਗਾਉਣੀਆਂ। ਸਤਿਗੁਰੂ ਜੀ ਨੇ

ਦੇਖਿਆ ਕਿ ਵਿਆਹ ਦੇ ਦਿਨ ਆਉਂਦੇ ਹਨ ਤੇ ਕਈ-ਕਈ ਦਿਨ ਬੀਬੀਆਂ ਢੋਲਕੀ ਵਜਾ ਕੇ, ਸਾਜ਼ ਵਜਾ ਕੇ ਘੋੜੀਆਂ ਗਾਉਂਦੀਆਂ ਹਨ। ਕਿੰਨਾ ਚੰਗਾ ਹੋਵੇ ਕਿ ਇਹ ਵਿਆਹ ਦੀਆਂ ਘੋੜੀਆਂ ਗਾਉਣ ਵਾਲੀਆਂ ਬੀਬੀਆਂ ਨੂੰ ਇਹ ਦਰਸਾ ਦਿੱਤਾ ਜਾਵੇ ਕਿ ਉਹ ਤਾਂ ਕੇਵਲ ਘੋੜੀਆਂ ਦੇ ਗੀਤ ਹਨ। ਜਿਸ ਘੋੜੀ 'ਤੇ ਲਾੜਾ ਚੜ੍ਹ ਕੇ ਲਾੜੀ ਨੂੰ ਵਿਆਹ ਕੇ ਲਿਆਉਂਦਾ ਹੈ, ਭਾਈ ਸੱਜਣੋਂ ! ਇਹ ਸਰੀਰ ਵੀ ਇਕ ਘੋੜੀ ਹੈ। ਜੇ ਆਤਮਾ ਇਸ ਘੋੜੀ ਦਾ ਸਫ਼ਰ ਕਰਕੇ ਪ੍ਰਮਾਤਮਾ ਵਾਲੇ ਪਾਸੇ ਤੁਰ ਪਏ ਤਾਂ ਇਸ ਘੋੜੀ ਦੇ ਰਾਹੀਂ ਪ੍ਰਮਾਤਮਾ ਦੇ ਘਰ ਵਿਚ ਪਹੁੰਚਿਆ ਜਾ ਸਕਦਾ ਹੈ। ਹਜ਼ੂਰ ਨੇ ਉਸ ਤਰਜ਼ ਵਿਚ ਆਪਣੀ ਰਸਨਾ ਤੋਂ ਘੋੜੀਆਂ ਉਚਾਰਨ ਕਰ ਦਿੱਤੀਆਂ ਤੇ ਜਿਹੜੀਆਂ ਅਲਾਹਣੀਆਂ ਸਨ, ਹਜ਼ੂਰ ਨੇ ਰੋਣ ਦੀ ਥਾਂ 'ਤੇ ਅਲਾਹਣੀਆਂ ਰਾਹੀਂ ਇਸ ਸਰੀਰ ਦੀ ਨਾਸ਼ਵਾਨਤਾ, ਪ੍ਰਮਾਤਮਾ ਦੇ ਅਟੱਲ ਹੁਕਮ ਨੂੰ ਜਿਹੜਾ ਉਮਰ ਨਹੀਂ ਦੇਖਦਾ, ਜਦੋਂ ਸਮਾਂ ਆ ਜਾਂਦਾ ਹੈ ਤਾਂ ਪ੍ਰਮਾਤਮਾ ਜੀਵ ਨੂੰ, ਮਨੁੱਖ ਨੂੰ ਮੌਤ ਦੇ ਸੱਦੇ ਰਾਹੀਂ ਆਪਣੇ ਕੋਲ ਬੁਲਾ ਲੈਂਦਾ ਹੈ। ਹਜ਼ੂਰ ਨੇ ਪਹਿਲਾ ਬਚਨ ਕਿਹਾ ਕਿ ਸਰੀਰ ਇਕ ਘੋੜੀ ਹੈ। ਇਹ ਘੋੜੀ ਪਰਮ ਪਿਤਾ ਪ੍ਰਮਾਤਮਾ ਨੇ ਸਾਨੂੰ ਬਖ਼ਸ਼ਿਸ਼ ਕੀਤੀ ਹੈ ਤੇ ਇਸ ਦਾ ਸਿਰਲੇਖ ਸੀ ਵਡਹੰਸ ਰਾਗ। ਉਚਾਰਨ ਕਰਤਾ ਧੰਨ ਗੁਰੂ ਰਾਮਦਾਸ ਜੀ ਤੇ ਅੱਗੇ ਸ਼ਬਦ ਹੈ ਘੋੜੀਆ ਤੇ ਘੋੜੀਆਂ ਤੋਂ ਅੱਗੇ ਹੈ ਮੰਗਲ-

ੴ ਸਤਿਗੁਰ ਪ੍ਰਸਾਦਿ ॥

ਉਹ ਪਰੀਪੂਰਨ ਪ੍ਰਮਾਤਮਾ ਅਦੁੱਤੀ ਵਾਹਿਗੁਰੂ ਇਕ ਹੈ, ਉਸ ਵਰਗਾ ਹੋਰ ਕੋਈ ਨਹੀਂ ਤੇ ਉਸ ਨੂੰ ਪਾਉਣ ਦਾ ਤਰੀਕਾ ਸਿਰਫ਼ ਸਤਿਗੁਰ ਪ੍ਰਸਾਦਿ ਹੈ। ਸਮਰੱਥ ਸਤਿਗੁਰੂ ਦੀ ਕ੍ਰਿਪਾ ਹੈ।

ਦੇਹ ਤੇਜਣਿ ਜੀ ਰਾਮ ਉਪਾਈਆ ਰਾਮ॥

ਧੰਨ ਗੁਰੂ ਰਾਮਦਾਸ ਜੀ ਪਹਿਲਾ ਬਚਨ ਕਰਦੇ ਹਨ ਦੇਹ। ਦੇਹ ਦਾ ਅੱਖਰੀ ਅਰਥ ਹੈ ਸਰੀਰ 'ਤੇ ਤੇਜਣਿ ਦਾ ਅਰਥ ਹੈ ਘੋੜੀ। ਕਹਿੰਦੇ ਹਨ, ਮਨੁੱਖ ਦਾ ਸਰੀਰ ਇਕ ਘੋੜੀ ਹੈ। ਇਸ ਨੂੰ ਪਰਮ ਪਿਤਾ ਵਾਹਿਗੁਰੂ ਨੇ ਆਪ ਪੈਦਾ ਕੀਤਾ ਹੈ।

ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ॥

ਇਹ ਜਿਹੜੀ ਮਨੁੱਖਾ ਦੇਹੀ ਮਿਲੀ ਹੈ, ਧੰਨ ਗੁਰੂ ਰਾਮਦਾਸ ਜੀ ਬਖ਼ਸ਼ਿਸ਼ ਕਰ ਰਹੇ ਹਨ ਕਿ ਕਿੰਨੇ ਵੱਡੇ ਪੁੰਨ ਹਨ, ਜਿਸ ਪੁੰਨ ਕਰਕੇ ਇਸ ਦੇਹੀ ਦੀ ਪ੍ਰਾਪਤੀ ਹੋਈ ਹੈ। ਇਸ ਦੇਹ ਦੀ ਕੋਈ ਮੰਜ਼ਿਲ ਹੈ। ਇਸ ਦੇਹੀ ਨੂੰ ਪ੍ਰਾਪਤ ਕਰਕੇ ਅਸੀਂ ਕਿਸੇ ਨਿਸ਼ਾਨੇ 'ਤੇ ਪਹੁੰਚਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਮਨੁੱਖਾ ਦੇਹੀ ਦੇ ਸਬੰਧ 'ਚ ਅਨੇਕਾਂ ਬਚਨ ਬਾਣੀ ਰੂਪ ਵਿਚ ਸਾਨੂੰ ਬਖ਼ਸ਼ਿਸ਼ ਕੀਤੇ ਹਨ। ਸਤਿਗੁਰੂ ਦਾ ਇਕ ਬਚਨ ਅਸੀਂ ਰੋਜ਼ ਪੜ੍ਹਦੇ ਹਾਂ -

ਭਈ ਪਰਾਪਤਿ ਮਾਨੁਖ ਦੇਹੁਰੀਆ॥

ਇਹ ਪ੍ਰਾਪਤ ਹੋਈ ਹੈ ਵੱਡੇ ਪੁੰਨ ਕਰਕੇ।

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

(ਰਹਰਾਸਿ ਸਾਹਿਬ)

ਇਹ ਇਸ ਕਰਕੇ ਪ੍ਰਾਪਤ ਹੋਈ ਕਿ ਪ੍ਰਮਾਤਮਾ ਨੂੰ ਮਿਲਣ ਲਈ ਇਹ ਵਾਰੀ ਤੈਨੂੰ ਪ੍ਰਮੇਸ਼ਵਰ ਨੇ ਦੇਹ-ਰੂਪ ਵਿਚ ਦੇ ਦਿੱਤੀ। ਕਬੀਰ ਸਾਹਿਬ ਨੇ ਇਸ ਦੇਹ ਦੀ ਅਮੋਲਕਤਾ, ਇਸ ਦੇਹ ਦੀ ਦੁਰਲੱਭਤਾ ਬਾਰੇ ਆਪਣੀ ਰਸਨਾ ਤੋਂ ਇਹ ਬਚਨ ਕਹੇ ਕਿ ਜਿਹੜਾ ਤਨ ਅਸੀਂ ਅੱਜ ਪ੍ਰਾਪਤ ਕਰਕੇ ਬੈਠੇ ਹਾਂ, ਇਹ ਤਨ ਪ੍ਰਮਾਤਮਾ ਦੀ ਕ੍ਰਿਪਾ ਨਾਲ ਪੁੰਨ ਕਰਮਾਂ ਦੀ ਪ੍ਰਾਪਤੀ ਹੈ। ਕਬੀਰ ਸਾਹਿਬ ਕਹਿੰਦੇ ਹਨ ਕਿ ਦੇਖੋ ਹੁਣ ਇਹ ਸਰੀਰ ਮਿਲਿਆ ਹੈ। ਕੋਈ ਜ਼ਰੂਰੀ ਨਹੀਂ ਕਿ ਮੌਤ ਤੋਂ ਬਾਅਦ ਇਸ ਤਨ ਦੀ ਪ੍ਰਾਪਤੀ ਹੋ ਜਾਏ। ਉਹ ਕਹਿੰਦੇ ਹਨ ਕਿ ਜਿਵੇਂ ਅਸੀਂ ਰੁੱਖ ਨੂੰ ਲੱਗੇ ਹੋਏ ਪੱਤੇ ਦੇਖਦੇ ਹਾਂ ਤੇ ਪੱਤੇ ਕੁਝ ਮਹੀਨੇ ਰੁੱਖ ਦੀ ਟਾਹਣੀ ਉੱਪਰ ਸ਼ੋਭਦੇ ਹਨ, ਪਰ ਇਕ ਸਮਾਂ ਅਜਿਹਾ ਆਉਂਦਾ ਹੈ ਕਿ ਜਦੋਂ ਟਾਹਣੀ ਦੇ ਨਾਲ ਜੁੜਿਆ ਹੋਇਆ ਪੱਤਾ ਟੁੱਟ ਕੇ ਧਰਤੀ 'ਤੇ ਡਿੱਗ ਪੈਂਦਾ ਹੈ ਤੇ ਟਾਹਣੀ ਨਾਲੋਂ ਟੁੱਟੇ ਹੋਏ ਪੱਤੇ ਵਾਪਿਸ ਕਦੀ ਦਰੱਖ਼ਤ 'ਤੇ ਜੁੜ ਨਹੀਂ ਸਕਦੇ। ਕਬੀਰ ਸਾਹਿਬ ਕਹਿੰਦੇ ਹਨ ਕਿ ਜਿਹੜਾ ਸਮਾਂ ਤੈਨੂੰ ਹੁਣ ਪ੍ਰਾਪਤ ਹੋਇਆ ਹੈ, ਸੱਚ ਜਾਣ, ਇਕ ਵਾਰੀ ਦੇਹੀ ਦਾ ਸਮਾਂ ਹੱਥੋਂ ਨਿਕਲ ਗਿਆ ਤਾਂ ਜਿਵੇਂ ਟੁੱਟੇ ਹੋਏ ਪੱਤੇ ਕਦੀ ਜੁੜਦੇ ਨਹੀਂ ਤੇ ਬਾਰੰਬਾਰ ਮਨੁੱਖਾ ਦੇਹੀ ਦੀ ਪ੍ਰਾਪਤੀ ਵੀ ਨਹੀਂ। ਬਾੜੀ ਪੜ੍ਹਨ ਵਾਲਿਆਂ ਨੂੰ ਇਹ ਸਲੋਕ ਚੇਤੇ ਹੋਵੇਗਾ-

ਪਹਿਲੈ ਪਿਆਰਿ ਲਗਾ ਥਣ ਦੁਧਿ॥
ਦੂਜੈ ਮਾਇ ਬਾਪ ਕੀ ਸੁਧਿ॥
ਤੀਜੈ ਭਯਾ ਭਾਭੀ ਬੇਬ॥
ਚਉਥੈ ਪਿਆਰਿ ਉਪੰਨੀ ਖੇਡ॥
ਪੰਜਵੈ ਖਾਣ ਪੀਅਣ ਕੀ ਧਾਤੁ॥
ਛਿਵੈ ਕਾਮੁ ਨ ਪੁਛੈ ਜਾਤਿ॥
ਸਤਵੈ ਸੰਜਿ ਕੀਆ ਘਰ ਵਾਸੁ॥
ਅਠਵੈ ਕ੍ਰੋਧੁ ਹੋਆ ਤਨ ਨਾਸੁ॥
ਨਾਵੈ ਧਉਲੇ ਉਭੇ ਸਾਹ॥
ਦਸਵੈ ਦਧਾ ਹੋਆ ਸੁਆਹ॥

(ਅੰਗ ੧੩੭)

ਹੁਣ ਦੱਸ ਪੜਾਅ ਆ ਗਏ। ਆਪ ਸੂਝਵਾਨ ਬੈਠੇ ਹੋ, ਕਿਸੇ ਪੜਾਅ ਵਿਚ ਜੀਵਨ ਦਾ ਜ਼ਿਕਰ ਹੈ ? ਸਿਰਫ਼ ਜਨਮ ਹੋਇਆ ਤੇ ਦੁੱਧ ਦੀ ਪਹਿਚਾਣ ਹੋ ਗਈ। ਦੁੱਧ ਤੋਂ ਬਾਅਦ

ਮਾਂ ਤੇ ਬਾਪ ਦੀ ਪਹਿਚਾਣ ਹੋ ਗਈ। ਭੈਣਾਂ-ਭਰਾਵਾਂ ਦੀ ਪਹਿਚਾਣ ਹੋ ਗਈ। ਖਾਣ-ਪੀਣ ਦਾ ਪਤਾ ਲੱਗ ਗਿਆ। ਜਵਾਨੀ ਦੇ ਦਿਨ ਆਏ ਤਾਂ ਵਾਸ਼ਨਾ ਦੀ ਹਨੇਰੀ ਚੱਲੀ। ਆਪਣੇ ਬੇਗ਼ਾਨੇ ਕਿਸੇ ਨੂੰ ਪਹਿਚਾਣਿਆ ਨਾ। ਉਸ ਤੋਂ ਬਾਅਦ ਗ੍ਰਹਿਸਤ ਵਿਚ ਪੈ ਗਿਆ। ਘਰ ਬੱਚੇ ਪਰਿਵਾਰ ਹੋਇਆ। ਜਦੋਂ ਘਰ ਦੀਆਂ ਲੋੜਾਂ ਵਧੀਆਂ ਤਾਂ ਬੰਦਾ ਗ਼ੁੱਸੇ ਦੀ ਅੱਗ ਵਿਚ ਸੜਨ ਲੱਗਾ। ਨੌਵਾਂ ਪੜਾਅ ਆਇਆ ਤਾਂ ਕੇਸ ਦੁੱਧ ਵਰਗੇ ਚਿੱਟੇ ਹੋ ਗਏ ਤੇ ਦੱਸਵਾਂ ਪੜਾਅ ਆਇਆ ਤਾਂ ਚਾਰ ਬੰਦੇ ਚੁੱਕ ਕੇ ਸ਼ਮਸ਼ਾਨ ਭੂਮੀ ਵਿਚ ਲੈ ਗਏ। ਰਾਖ ਦੀ ਢੇਰੀ ਬਣ ਗਿਆ ਪਰ ਪਿਆਰਿਉ ! ਜੀਵਨ ਤਾਂ ਇਕ ਪੜਾਅ 'ਤੇ ਵੀ ਨਹੀਂ ਜੀਵਿਆ। ਮਨੁੱਖਾ ਦੇਹੀ ਦਾ ਮਕਸਦ ਕੀ ਹੈ ? ਅੱਜ ਗੁਰੂ ਰਾਮਦਾਸ ਜੀ ਨੇ ਕਿਹਾ ਹੈ ਕਿ ਪੁੰਨ ਕਰਕੇ ਇਹ ਦੇਹ ਪ੍ਰਾਪਤ ਕੀਤੀ। ਹਜ਼ੂਰ ਦੇ ਬਚਨਾਂ ਵਿਚ ਵੀ ਆਉਂਦਾ ਹੈ ਕਿ

ਦੁਲਭ ਦੇਹ ਪਾਈ ਵਡਭਾਗੀ॥

(ਅੰਗ ੧੮੮)

ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ ਦੇਹੁ ਦਰਸੁ ਹਰਿ ਰਾਇਆ॥

(ਅੰਗ ੨੦੭)

ਮਾਨਸ ਜਨਮੁ ਅਮੋਲਕੁ

(ਅੰਗ ੨੧੯)

ਭਾਈ ਗੁਰਦਾਸ ਜੀ ਕਹਿ ਰਹੇ ਹਨ ਕਿ ਮਨੁੱਖਾ ਦੇਹੀ ਦੁਰਲੱਭ ਹੈ। ਇਸ ਦੀ ਸਫਲਤਾ ਕੀ ਹੈ ? ਜੀਵਨ ਕੀ ਹੈ ? ਕੀ ਸੁਆਸ ਲੈਣ ਦਾ ਨਾਮ ਜੀਵਨ ਹੈ ? ਕੀ ਸੰਸਾਰ ਦੇ ਸੁੱਖ ਭੋਗਣ ਦਾ ਨਾਮ ਜੀਵਨ ਹੈ ? ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ ਆਪਣੇ ਦੀਵਾਨ ਵਿਚ ਆਪਣੀ ਪਹਿਲੀ ਗ਼ਜ਼ਲ ਦਾ ਪਹਿਲਾ ਸ਼ੇਅਰ ਹੀ ਇਹ ਉਚਾਰਨ ਕੀਤਾ ਕਿ ਹੇ ਸਮਰੱਥ ਸਤਿਗੁਰੂ ! ਲੋਕ ਸਮਝਦੇ ਹਨ ਕਿ ਤਨ ਦਾ ਅਰਥ ਹੈ ਖਾਣਾ-ਪੀਣਾ ਤੇ ਮੌਜ ਕਰਨਾ। ਇਹ ਪਰਤ ਕੇ ਤਨ ਕਿਹੜਾ ਲੱਭਣਾ ਹੈ। ਵਿਕਾਰੀ ਨੂੰ ਵੀ ਇਹ ਪਤਾ ਹੈ ਕਿ ਇਹ ਤਨ ਦੁਬਾਰਾ ਨਹੀਂ ਲੱਭਣਾ ਤੇ ਭਗਤੀ ਕਰਨ ਵਾਲੇ ਨੂੰ ਵੀ ਪਤਾ ਹੈ ਕਿ ਇਹ ਬਾਰੰਬਾਰ ਨਹੀਂ ਮਿਲਣਾ, ਪਰ ਦੋਨਾਂ ਦੇ ਰਸਤੇ ਵੱਖਰੇ-ਵੱਖਰੇ ਹਨ। ਵਿਕਾਰੀ ਬੰਦਾ ਵਾਸ਼ਨਾਵਾਂ ਵਿਚ ਗ਼ਲਤਾਨ ਹੈ ਤੇ ਇਕੋ ਗੱਲ ਕਹਿੰਦਾ ਹੈ ਕਿ ਜੋ ਕੁਝ ਜੀਉਂਦੇ ਜੀਅ ਭੋਗ ਸਕਦੇ ਹੋ ਭੋਗ ਲਉ, ਇਹ ਦੇਹੀ ਪਰਤ ਕੇ ਮਿਲਣੀ ਨਹੀਂ, ਪਰ ਭਗਤ ਕਹਿੰਦਾ ਹੈ ਕਿ ਜਿੰਨੀ ਸ਼ਬਦ ਦੀ ਕਮਾਈ ਕਰ ਸਕਦਾ ਹੈਂ, ਰੱਜ ਕੇ ਕਰ ਲੈ, ਕਿਉਂਕਿ ਇਹ ਦੇਹੀ ਪਰਤ ਕੇ ਮਿਲਣੀ ਨਹੀਂ। ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ ਕਿਹਾ, ਹੇ ਸਮਰੱਥ ਸਤਿਗੁਰੂ ! ਇਸ ਤਨ ਵਿਚ ਆਉਣ ਦਾ ਮੇਰਾ ਮਨੋਰਥ ਕੀ ਸੀ ? ਉਹਨਾਂ ਦੇ ਸ਼ਬਦ ਹਨ ਹੇ ਸਤਿਗੁਰੂ ! ਆਪ ਜੀ ਨੇ ਨਿਰਾਕਾਰ ਤੋਂ ਸਾਕਾਰ ਦਾ ਰੂਪ ਧਾਰਨ ਕੀਤਾ। ਆਪ ਜੀ ਨੇ ਪੰਜਾਂ ਤੱਤਾਂ ਦੇ ਚੋਲੇ ਵਿਚ ਆਪਣੀ ਜੋਤ ਨੂੰ ਵਿਦਮਾਨ ਕੀਤਾ ਤੇ ਮੈਂ ਇਸ ਤਨ ਵਿਚ ਇਸ ਕਰਕੇ ਆਇਆ ਸੀ ਕਿ ਤੇਰੇ ਪਵਿੱਤਰ ਤਨ ਦੇ ਕੋਲ

ਬੈਠ ਕੇ ਮੈਂ ਇਸ ਤਨ ਰਾਹੀਂ ਤੇਰੀ ਇਬਾਦਤ, ਤੇਰੀ ਸੇਵਾ ਕਰ ਸਕਾਂ ਤੇ ਜੇ ਇਹ ਤਨ ਪ੍ਰਾਪਤ ਕਰਕੇ ਤੇਰੀ ਭਗਤੀ ਨਹੀਂ ਕਰਨੀ ਤਾਂ ਮੈਨੂੰ ਇਸ ਸਰੀਰ ਵਿਚ ਰਹਿਣ ਦਾ ਕੋਈ ਸ਼ੌਂਕ ਨਹੀਂ। ਇਸ ਦਾ ਮਤਲਬ ਕਿ ਭਗਤ ਦਾ ਜੀਵਨ ਬੰਦਗੀ ਹੈ। ਭਾਈ ਸਾਹਿਬ ਦੇ ਸ਼ਬਦ ਹਨ -

ਹਵਾਇ ਬੰਦਗੀ ਅਵੁਰਦ ਦਰ ਵਜੂਦ ਮਰਾ।
ਵਗਰਨਾ ਜ਼ੌਕਿ ਚੁਨੀਂ ਆਮਦਨ ਨ ਬੂਦ ਮਰਾ॥

(ਗ਼ਜ਼ਲ ਭਾਈ ਨੰਦ ਲਾਲ)

ਜੇ ਤੇਰੀ ਬੰਦਗੀ ਨਹੀਂ ਫਿਰ ਮੈਨੂੰ ਇਸ ਤਨ ਵਿਚ ਰਹਿਣ ਦਾ ਕੋਈ ਸ਼ੌਕ ਨਹੀਂ। ਮੈਂ ਤੇਰੀ ਬੰਦਗੀ ਕਰਕੇ ਇਸ ਤਨ ਵਿਚ ਰਹਿਣਾ ਚਾਹੁੰਦਾ ਹਾਂ।

ਸਰੀਰ ਇਕ ਘੋੜੀ ਹੈ, ਇਸ ਨੂੰ ਸਫ਼ਰ ਕਰਨ ਲਈ ਪਰੀਪੂਰਨ ਪ੍ਰਮਾਤਮਾ ਨੇ ਦਿੱਤਾ ਹੈ। ਜਾਣਾ ਆਪਾਂ ਸਭ ਨੇ ਹੈ। ਦੇਹੀ ਸਭ ਦੀ ਸਮੇਟੀ ਜਾਏਗੀ, ਪਰ ਸਫ਼ਰ ਦੇਹੀ ਸਾਰਿਆਂ ਦੀ ਨਹੀਂ। ਜਨਮ ਹੋਇਆ ਤਾਂ ਮੌਤ ਆਏਗੀ, ਪਰ ਸਫਲਤਾ ਤਾਂ ਉਹਨਾਂ ਨੂੰ ਹੈ, ਜਿਨ੍ਹਾਂ ਨੇ ਆਪਣੇ ਜੀਵਨ ਵਿਚ ਸ਼ਬਦ ਨੂੰ ਕਮਾਇਆ ਹੈ। ਭਾਈ ਗੁਰਦਾਸ ਜੀ ਨੇ ਆਪਣੀ ਰਸਨਾ ਤੋਂ ਕਿਹਾ ਹੈ, ਦੇਖੋ, ਇਕ ਦੇਹੀ ਆਪਣੇ ਪੇਕੇ ਘਰ ਵਿਚ ਮਾਪਿਆਂ ਦੇ ਘਰ ਰਹਿੰਦੀ ਹੈ। ਜਨਮ ਹੋਇਆ, ਮਾਪਿਆਂ ਦੇ ਲਾਡ ਦੇਖੇ। ਭੈਣਾਂ-ਭਰਾਵਾਂ ਨੇ ਪਿਆਰ ਦਿੱਤਾ। ਰਿਸ਼ਤੇਦਾਰਾਂ ਨੇ ਰੱਜ ਕੇ ਪਿਆਰ ਦਿੱਤਾ। ਭਾਵੇਂ ਬੱਚੀ ਪੇਕੇ ਘਰ ਵਿਚ ਸੂਰਜ ਚੜ੍ਹੇ ਉੱਠੇ ਤੇ ਮਾਂ ਫਿਰ ਵੀ ਲਾਡ ਦੇਈ ਜਾਂਦੀ ਹੈ। ਧੀ ਭਾਵੇਂ ਰਸੋਈ ਵਿਚ ਕੋਈ ਕੰਮ ਕਰ ਨਾ ਸਕੇ, ਕੱਪੜੇ ਸੀਅ ਨਾ ਸਕੇ, ਘਰ ਦਾ ਕੋਈ ਕੰਮ ਨਾ ਕਰ ਸਕੇ, ਪਰ ਮਾਂ ਫਿਰ ਵੀ ਕਹੀ ਜਾਏਗੀ ਕਿ ਮੇਰੀ ਧੀ ਨਾਲੋਂ ਚੰਗਾ ਕੋਈ ਨਹੀਂ।

ਭਾਈ ਸਾਹਿਬ ਕਹਿੰਦੇ ਹਨ ਕਿ ਮਾਪੇ ਕੇਵਲ ਲਾਡ ਕਰਦੇ ਹਨ। ਲਾਡ ਵਿਚ ਕਦੀ ਵੀ ਔਗੁਣ ਨਹੀਂ ਦਿੱਸਦੇ। ਲਾਡ ਵਿਚ ਤਾਂ ਮਾਪੇ ਬੁਰੇ ਤੋਂ ਬੁਰੇ ਪੁੱਤਰ ਨੂੰ ਵੀ ਕਹੀ ਜਾਂਦੇ ਹਨ ਕਿ ਸਾਡਾ ਪੁੱਤਰ ਅੱਤ ਦਾ ਚੰਗਾ ਹੈ। ਪੇਕੇ ਘਰ ਵਿਚ ਲਾਡ ਦੇਖਿਆ ਜਾਂਦਾ ਹੈ, ਪਰ ਸਹੁਰੇ ਘਰ ਵਿਚ ਲਾਡ ਨਹੀਂ ਦੇਖਿਆ ਜਾਣਾ। ਸਹੁਰੇ ਘਰ ਵਿਚ ਤਾਂ ਔਰਤ ਦੇ ਗੁਣਾਂ ਕਰਕੇ ਕੀਮਤ ਪੈਂਦੀ ਹੈ। ਇਹ ਦੇਹੀ ਪੇਕੇ ਘਰ ਵਿਚ ਵਿਚਰਦੀ ਹੈ। ਇਥੇ ਪਿਆਰਿਓ ! ਮਾਇਆ ਦੇ ਕਲੋਲ ਦੇਖੇ ਜਾਂਦੇ ਹਨ। ਇਥੇ ਕੇਵਲ ਧਨ ਪਦਾਰਥਾਂ ਦੀ ਖੇਡ ਦੇਖੀ ਜਾਂਦੀ ਹੈ, ਪਰ ਪ੍ਰਮਾਤਮਾ ਦੇ ਘਰ ਵਿਚ ਇਹ ਨਹੀਂ ਪੁੱਛਿਆ ਜਾਣਾ ਕਿ ਤੂੰ ਦੁਨੀਆਂ ਵਿਚ ਕਿੰਨਾ-ਕੁ ਕਮਾ ਕੇ ਰੱਖ ਕੇ ਆਇਆ ਹੈਂ। ਇਥੇ ਮਾਇਆ ਦੇ ਲਾਡ ਹਨ, ਪਰ ਪ੍ਰਮਾਤਮਾ ਦੇ ਘਰ ਵਿਚ ਤਾਂ ਬੰਦਗੀ ਤੇ ਗੁਣ ਦੀ ਹੀ ਕੀਮਤ ਪਵੇਗੀ।

ਭਾਈ ਸਾਹਿਬ ਨੇ ਦੂਜਾ ਬਚਨ ਕਿਹਾ ਕਿ ਇਕ ਇਨਸਾਨ ਨੇ ਆਪਣੇ ਬੱਚਿਆਂ ਨੂੰ ਬਰਾਬਰ ਪੂੰਜੀ ਵੰਡ ਕੇ ਦੇ ਦਿੱਤੀ ਤੇ ਨਾਲ ਕਿਹਾ ਕਿ ਮੈਂ ਤੁਹਾਨੂੰ ਆਪਣੇ ਕੋਲੋਂ ਇੰਨੀ ਪੂੰਜੀ

ਦਿੰਦਾ ਹਾਂ। ਤੁਸੀਂ ਪ੍ਰਦੇਸ ਵਿਚ ਜਾਉ ਤੇ ਇਸ ਪੂੰਜੀ ਰਾਹੀਂ ਵਪਾਰ ਕਰਕੇ ਵਾਪਿਸ ਆਉਣਾ, ਪਰ ਵਪਾਰ ਉਹ ਕਰਿਉ, ਜਿਸਦੇ ਵਿਚ ਕੋਈ ਲਾਭ ਹੋਵੇ। ਪੂੰਜੀ ਲੈ ਕੇ ਬੱਚਾ ਘਰੋਂ ਤੁਰ ਪਿਆ। ਪ੍ਰਦੇਸ ਵਿਚ ਆਇਆ। ਪ੍ਰਦੇਸ ਦੀ ਚਮਕ-ਦਮਕ, ਰੰਗ-ਰਲੀਆਂ ਨੂੰ ਦੇਖ ਕੇ ਭੁੱਲ ਹੀ ਗਿਆ ਕਿ ਜਿਹੜੀ ਪੂੰਜੀ ਮੈਨੂੰ ਮੇਰੇ ਬਾਪ ਨੇ ਦਿੱਤੀ ਹੈ, ਇਸ ਪੂੰਜੀ ਨਾਲ ਮੈਂ ਕੋਈ ਸੌਦਾ ਖਰਾ ਕਰਕੇ ਲਿਜਾਣਾ ਹੈ। ਪੂੰਜੀ ਤਾਂ ਉਸ ਨੇ ਖ਼ਰਚੀ, ਪਰ ਚਮਕ ਦਮਕ ਨੂੰ ਦੇਖ ਕੇ ਰੰਗ-ਰਲੀਆਂ ਵਿਚ ਹੀ ਪੂੰਜੀ ਤਬਾਹ ਕਰ ਦਿੱਤੀ। ਜਿਹੜਾ ਬੱਚਾ ਆਪਣੇ ਪਿਤਾ ਦੀ ਦਿੱਤੀ ਹੋਈ ਪੂੰਜੀ ਨੂੰ ਵਿਅਰਥ ਗਵਾ ਦੇਵੇ, ਨਸ਼ੇ ਵਿਚ ਗਵਾ ਦੇਵੇ, ਵਿਸ਼ੇ-ਵਿਕਾਰਾਂ ਵਿਚ ਗਵਾ ਦੇਵੇ, ਉਹ ਨਾ ਤਾਂ ਬਾਪ ਦੀ ਚਿੱਠੀ ਪੜ੍ਹਨ ਲਈ ਤਿਆਰ ਹੁੰਦਾ ਹੈ, ਨਾ ਉਹ ਬਾਪ ਦਾ ਫ਼ੋਨ ਸੁਣਨ ਲਈ ਤਿਆਰ ਹੁੰਦਾ ਹੈ। ਇਥੋਂ ਤੱਕ ਕਿ ਵਿਸ਼ਈ ਪੁੱਤਰ ਆਪਣੇ ਮਾਪਿਆਂ ਨੂੰ ਕਈ ਵਾਰੀ ਘਰ ਦਾ ਸਹੀ ਅਡਰੈੱਸ ਵੀ ਨਹੀਂ ਦਿੰਦਾ ਤੇ ਜੇ ਉਹ ਕਹਿਣ ਵਾਪਿਸ ਆ ਜਾ ਤਾਂ ਉਸ ਦਾ ਕਦੀ ਚਿੱਤ ਹੀ ਨਹੀਂ ਕਰਦਾ ਕਿ ਮੈਂ ਵਾਪਿਸ ਆਪਣੇ ਦੇਸ਼ ਵਿਚ ਜਾਵਾਂ, ਕਿਉਂਕਿ ਉਸ ਨੂੰ ਭੈਅ ਹੈ ਕਿ ਜੋ ਕੁਝ ਮਾਪਿਆਂ ਦਿੱਤਾ ਹੈ, ਮੈਂ ਸਭ ਕੁਝ ਤਬਾਹ ਕਰ ਦਿੱਤਾ ਹੈ। ਹੁਣ ਮੈਂ ਕਿਹੜਾ ਮੂੰਹ ਲੈ ਕੇ ਆਪਣੇ ਪਿਤਾ ਦੇ ਕੋਲ ਜਾਵਾਂ। ਬਸ ਇਹੀ ਤਾਂ ਅੰਦਰ ਦੀ ਗੱਲ ਹੈ।

ਪ੍ਰਮਾਤਮਾ ਨੇ ਪੂੰਜੀ ਦੇ ਕੇ ਹਰ ਇਕ ਨੂੰ ਭੇਜਿਆ ਹੈ ਤੇ ਇਸ ਪੂੰਜੀ ਦੀ ਦੁਨੀਆਂ ਵਿਚ ਕੋਈ ਕੀਮਤ ਨਹੀਂ ਪਾ ਸਕਦਾ। ਕੀ ਇਕ ਸੁਆਸ ਦੀ ਕੋਈ ਕੀਮਤ ਹੈ ? ਸਾਰੀ ਦੁਨੀਆਂ ਦੀ ਦੌਲਤ ਇਕ ਪਾਸੇ ਰੱਖ ਦੇਈਏ, ਪਰ ਇਸ ਸੁਆਸ ਦੀ ਕੀਮਤ ਕੋਈ ਨਹੀਂ ਪਾ ਸਕਦਾ। ਸੁਆਸ ਦਿੱਤੇ ਨਾਮ ਦਾ ਵਣਜ ਕਰਨ ਲਈ, ਰੂਹਾਨੀਅਤ ਦੀ ਕਮਾਈ ਕਰਨ ਲਈ, ਪਰ ਜਿਸ ਇਨਸਾਨ ਨੇ ਸੁਆਸਾਂ ਦੀ ਪੂੰਜੀ ਨੂੰ ਸੰਸਾਰ ਦੇ ਧੰਦੇ ਤੇ ਵਿਸ਼ੇ ਵਿਕਾਰਾਂ ਵਿਚ ਖ਼ਰਬਾਦ ਕਰ ਦਿੱਤਾ, ਉਸ ਨੂੰ ਨਾ ਤਾਂ ਪ੍ਰਮਾਤਮਾ ਦਾ ਸ਼ਬਦ ਚੰਗਾ ਲੱਗਦਾ ਹੈ, ਨਾ ਉਸ ਨੂੰ ਗੁਰੂ ਦਾ ਕੀਰਤਨ ਚੰਗਾ ਲੱਗਦਾ ਹੈ। ਯਾਦ ਰੱਖੋ, ਇਹ ਮੌਤ ਦੇ ਦਿਨ ਨੂੰ ਸੁਣ ਕੇ ਵੀ ਤਰਹਿੰਦਾ ਹੈ, ਕਿਉਂਕਿ ਉਸ ਨੂੰ ਡਰ ਹੈ ਕਿ ਮਰਨ ਤੋਂ ਬਾਅਦ ਪ੍ਰਮਾਤਮਾ ਦੇ ਸਾਹਮਣੇ ਜਾਵਾਂਗਾ, ਜਿਸ ਨੇ ਪੂੰਜੀ ਦਿੱਤੀ ਤੇ ਉਸ ਦੇ ਵਿਚੋਂ ਮੈਂ ਕੁਝ ਕਮਾਇਆ ਨਹੀਂ। ਕਪੁੱਤਰ ਵਾਪਿਸ ਘਰ ਆਉਣ ਤੋਂ ਘਬਰਾਉਂਦਾ ਹੈ, ਪਰ ਪੁੱਤਰ ਜਿਸ ਨੇ ਪੂੰਜੀ ਨੂੰ ਸਹੀ ਵਰਤਿਆ, ਉਹ ਇਸ ਦਿਨ ਦੀ ਇੰਤਜ਼ਾਰ ਕਰਦਾ ਹੈ ਕਿ ਬਾਪੂ ਕਿਸ ਦਿਨ ਤੇਰੇ ਘਰ ਵਿਚੋਂ ਸੁਨੇਹਾ ਆਵੇ ਤੇ ਵਾਪਿਸ ਮੈਂ ਤੇਰੇ ਦਰ 'ਤੇ ਪਹੁੰਚਾਂ ਤੇ ਕਹਾਂ ਕਿ ਜੋ ਕੁਝ ਤੁਸੀਂ ਮੇਰੀ ਝੋਲੀ ਵਿਚ ਪਾਇਆ ਸੀ, ਦੇਖੋ ਮੈਂ ਉਸ ਨਾਲ ਕੁਝ ਖੱਟ ਕੇ ਲੈ ਆਇਆ ਹਾਂ।

ਅਸੀਂ ਸਾਰੇ ਵਪਾਰੀ ਬਣ ਕੇ ਆਏ ਹਾਂ। ਪੂੰਜੀ ਸੁਆਸਾਂ ਦੀ ਲੈ ਕੇ ਆਏ ਹਾਂ। ਜਿਹੜੇ ਬੰਦਗੀ ਕਰਨਗੇ, ਉਹ ਸਾਈਂ ਦੇ ਦਰ 'ਤੇ ਕਬੂਲ ਹੋਣਗੇ ਤੇ ਜਿਹੜੇ ਵਿਅਰਥ ਗਵਾ ਕੇ ਚਲੇ ਗਏ, ਉਹਨਾਂ ਦੀ ਦੇਹੀ ਵੀ ਤਬਾਹ ਹੋ ਗਈ ਤੇ ਸੁਆਸ ਵੀ ਕੀਮਤੀ ਵਿਅਰਥ ਚਲੇ ਗਏ। ਜੀਵਨ ਉਮਰ ਭੋਗਣ ਦਾ ਨਾਮ ਨਹੀਂ, ਜੀਵਨ ਸੁਆਸ ਲੈਣ ਦਾ ਨਾਮ ਨਹੀਂ, ਜੀਵਨ ਤਾਂ ਕੇਵਲ ਆਪਣੇ ਅੰਤਰ-ਆਤਮੇ ਸ਼ਬਦ ਦੀ ਕਮਾਈ ਵਿਚ ਬਤੀਤ ਕੀਤੀਆਂ ਹੋਈਆਂ

ਘੜੀਆਂ ਦਾ ਨਾਮ ਹੈ। ਤੀਜਾ ਬਚਨ ਭਾਈ ਸਾਹਿਬ ਨੇ ਕੀਤਾ ਕਿ ਸੂਰਮੇ ਸਾਰੇ ਮੈਦਾਨ ਵਿਚ ਉਤਰਦੇ ਹਨ। ਬਾਹਵਾਂ ਦਾ ਸਾਰੇ ਮਾਣ ਕਰਦੇ ਹਨ, ਪਰ ਸਤਿਕਾਰ ਉਹਨਾਂ ਨੂੰ ਮਿਲਦਾ ਹੈ, ਜਿਹੜੇ ਰਣ-ਤੱਤੇ ਵਿਚ ਜੂਝ ਕੇ ਜਿੱਤ ਕੇ ਜਾਂਦੇ ਹਨ ਤੇ ਜਿਹੜੇ ਪਿੱਠ ਦਿਖਾ ਕੇ, ਕਾਇਰ ਬਣ ਕੇ ਭੱਜਦੇ ਹਨ, ਉਹਨਾਂ ਨੂੰ ਸਮਾਜ ਤੇ ਪਰਿਵਾਰ ਵੀ ਕਦੀ ਥਾਂ ਨਹੀਂ ਦਿੰਦਾ।

ਪਿਆਰਿਉ ! ਇਹ ਸੰਸਾਰ ਇਕ ਰਣ-ਭੂਮੀ ਹੈ। ਅਸੀਂ ਸਾਰੇ ਸੂਰਮੇ ਬਣ ਕੇ ਆਏ ਹਾਂ ਤੇ ਰੋਜ਼ ਖੇਡਾਂ ਖੇਡੀਆਂ ਜਾਂਦੀਆਂ ਹਨ। ਕਿਤੇ ਛਿੰਜ ਪੈ ਰਹੇ ਹਨ, ਕਿਤੇ ਘੋਲ ਪਏ ਹੁੰਦੇ ਹਨ, ਪਰ ਸੂਰਮਾ ਉਹ ਹੈ, ਜਿਹੜਾ ਇਥੇ ਵਿਕਾਰਾਂ ਤੇ ਵਾਸ਼ਨਾਵਾਂ ਨੂੰ ਜਿੱਤ ਕੇ ਪ੍ਰਮਾਤਮਾ ਦੇ ਘਰ ਪ੍ਰਵਾਨ ਹੋ ਗਿਆ। ਭਾਈ ਸਾਹਿਬ ਫ਼ੁਰਮਾਉਂਦੇ ਹਨ-

ਨੈਹਰ ਕੁਆਰਿ ਕੰਨਿਆ ਲਾਡਿਲੀ ਕੈ ਮਾਨੀਅਤ,
ਬਿਆਹੇ ਸਸੁਰਾਰ ਜਾਇ ਗੁਨਨ ਕੈ ਮਾਨੀਐ॥
ਬਨਜ ਬਿਉਹਾਰ ਲਗਿ, ਜਾਤ ਹੈ ਬਿਦੇਸਿ ਪ੍ਰਾਨੀ ਕਹੀਏ
ਸਪੂਤੁ ਲਾਭ ਲਭਤ ਕੈ ਆਨੀਐ॥
ਜੈਸੇ ਤਉ ਸੰਗ੍ਰਾਮ ਸਮੈ ਪਰ-ਦਲ ਮੈ ਅਕੇਲੋ ਜਾਇ,
ਜੀਤਿ ਆਵੈ ਸੋਈ ਸੂਰੋ ਸੁਭਟੁ ਬਖਾਨੀਐ॥
ਮਾਨਸ ਜਨਮੁ ਪਾਇ ਚਰਨ ਸਰਨਿ ਗੁਰ,
ਸਾਧ ਸੰਗਿ ਮਿਲੈ ਗੁਰ ਦਵਾਰਿ ਪਹਿਚਾਨੀਐ॥ ੧੧੮॥

(ਕਬਿੱਤ ਸਵੱਯੇ ਭਾ: ਗੁਰਦਾਸ)

ਮਨੁੱਖਾ ਦੇਹੀ ਵੀ ਉਹ ਸਫ਼ਲ ਹੈ, ਜਿਹੜਾ ਗੁਰੂ ਦੀ ਸ਼ਰਨ ਵਿਚ, ਪ੍ਰਮਾਤਮਾ ਦੀ ਬੰਦਗੀ ਵਿਚ ਤੇ ਸਾਧ ਸੰਗਤ ਵਿਚ ਆਪਣੇ ਸਮੇਂ ਨੂੰ ਬਤੀਤ ਕਰਦਾ ਹੈ।

ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ॥

ਇਹ ਮਨੁੱਖਾ ਜਨਮ ਵੱਡੇ ਪੁੰਨ ਕਰਕੇ ਪਾਇਆ ਹੈ। ਇਹ ਦੇਹ ਸੋਨੇ ਵਰਗੀ ਹੈ, ਇਹ ਬੜੀ ਚੰਗੀ ਹੈ।

ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵ ਰੰਗੜੀਆ॥

ਉਹ ਹੀ ਦੇਹੀ ਕੰਚਨ ਵਰਗੀ ਹੈ, ਉਹ ਹੀ ਦੇਹੀ ਚੰਗੀ ਹੈ, ਜਿਸ ਦੇਹੀ ਨੇ ਗੁਰੂ ਜੀ ਦੇ ਸਾਹਮਣੇ ਹੋ ਕੇ ਅੰਦਰ ਗੂੜ੍ਹਾ ਨਾਮ ਦਾ ਰੰਗ ਚੜ੍ਹਾ ਲਿਆ।

ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ॥

ਉਹ ਦੇਹ ਹੀ ਬਾਕੀ ਹੈ, ਸੋਹਣੀ ਹੈ, ਜਿਸ ਦੇਹੀ ਵਿਚ ਪ੍ਰਮਾਤਮਾ ਦੀ ਬੰਦਗੀ ਹੋਵੇ।

ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ॥ ੧॥

ਵੱਡੇ ਭਾਗਾਂ ਨਾਲ ਇਸ ਦੇਹੀ ਦੀ ਪ੍ਰਾਪਤੀ ਹੋਈ। ਨਾਮ ਕਰਕੇ ਹੀ ਇਹ ਦੇਹੀ ਸੁਭਾਏਮਾਨ ਹੈ। ਇਹ ਸੀ ਪਹਿਲਾ ਪਦਾ।

ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ॥

ਹੁਣ ਆਮ ਤੌਰ 'ਤੇ ਪੁਰਾਤਨ ਸੱਜਣ ਜਦੋਂ ਘੋੜੀ 'ਤੇ ਸਫ਼ਰ ਕਰਦੇ ਸਨ ਤਾਂ ਉਸ ਉੱਪਰ ਕਾਠੀ ਪਾਈ ਜਾਂਦੀ ਸੀ। ਕਹਿਣ ਲੱਗੇ ਕਿ ਸਰੀਰ ਘੋੜੀ ਹੈ। ਇਸ ਉੱਪਰ ਕਾਠੀ ਕੀ ਪਾਉਣੀ ਹੈ ?

ਬੁਝਿ ਚੰਗਾ ਰਾਮ॥

ਜਿਸ ਦਿਨ ਭਾਣੇ ਨੂੰ ਤੂੰ ਚੰਗਾ ਕਰਕੇ ਮੰਨਣ ਲੱਗ ਪਵੇਂ, ਉਸ ਦਿਨ ਸੱਚ ਜਾਣੀਂ ਤੂੰ ਘੋੜੀ ਦੇ ਉੱਪਰ ਕਾਠੀ ਪਾ ਲਈ ਹੈ।

ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ॥

ਹੁਣ ਜੇ ਚੰਗਾ ਮੰਨਾਂਗੇ, ਫਿਰ ਇਹ ਜਿਹੜਾ ਬਿਖਮ ਸਾਗਰ ਹੈ, ਇਸਨੂੰ ਤੂੰ ਤਰ ਸਕੇਂਗਾ।

ਬਿਖਮੁ ਭੁਇਅੰਗਾ ਅਨਤ ਤਰੰਗਾ ਗੁਰਮੁਖਿ ਪਾਰਿ ਲੰਘਾਏ॥

ਹੁਣ ਇੰਨਾ ਬਿਖਮ ਸਫ਼ਰ ਹੈ ਕਿ ਅਨੇਕਾਂ ਤਰੰਗਾਂ ਹਨ। ਇਥੇ ਵਿਸ਼ੇ ਵਿਕਾਰਾਂ ਦੀਆਂ ਲਹਿਰਾਂ ਹਨ, ਪਰ ਉਸ ਦੇ ਭਾਣੇ ਨੂੰ ਚੰਗਾ ਸਮਝਣ ਵਾਲਾ ਗੁਰਮੁਖ ਹੀ ਇਸ ਨਾ ਤਰੇ ਜਾਣ ਵਾਲੇ ਭਵ-ਸਾਗਰ ਦੀਆਂ ਤਰੰਗਾਂ ਨੂੰ ਤਰ ਸਕਦਾ ਹੈ।

ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ॥

ਉਹ ਭਾਗਾਂ ਵਾਲਾ ਹੈ, ਜਿਹੜਾ ਪ੍ਰਮਾਤਮਾ ਦੇ ਨਾਮ ਬੋਹਿਥ ਵਿਚ, ਜਹਾਜ਼ ਵਿਚ ਬੈਠਦਾ ਹੈ ਤੇ ਗੁਰੂ ਸਮਰੱਥ ਸਤਿਗੁਰੂ ਖੇਵਟੂ ਬਣ ਕੇ, ਮਲਾਹ ਬਣ ਕੇ ਇਸ ਦੇ ਜ਼ਿੰਦਗੀ ਦੇ ਬੇੜੇ ਨੂੰ ਦੂਜੇ ਕਿਨਾਰੇ ਲਾਉਂਦਾ ਹੈ।

ਅਨਦਿਨੁ ਹਰਿ ਰੰਗਿ ਹਰਿ ਗੁਣ ਗਾਵੈ ਹਰਿ ਰੰਗੀ ਹਰਿ ਰੰਗਾ॥

ਉਸ ਉੱਪਰ ਪ੍ਰਮਾਤਮਾ ਦੀ ਦਇਆ ਹੋ ਗਈ ਤੇ ਉਹ ਦਿਨ ਰਾਤ ਪਿਆਰ ਵਿਚ ਭਿੱਜ ਕੇ ਉਸ ਹਰੀ ਪ੍ਰਮਾਤਮਾ ਦੇ ਗੁਣਾਂ ਨੂੰ ਗਾਇਨ ਕਰਦਾ ਹੈ।

ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮੁ ਹਰਿ ਪਦੁ ਚੰਗਾ॥ ੨ ॥

ਧੰਨ ਗੁਰੂ ਰਾਮਦਾਸ ਜੀ ਮੇਹਰ ਕਰਦੇ ਹਨ ਕਿ ਸਭ ਤੋਂ ਚੰਗੀ ਪੱਦਵੀ ਹੈ ਨਿਰਬਾਣ ਪਦ। ਨਿਰਬਾਣ ਦਾ ਅੱਖਰੀ ਅਰਥ ਇਹੀ ਕਰਦੇ ਹਾਂ ਕਿ ਜਿਥੇ ਕੋਈ ਵੀ ਵਾਸ਼ਨਾ ਨਾ ਰਹਿ ਜਾਏ। ਪਿਆਰਿਉ ! ਹਜ਼ੂਰ ਕਹਿ ਰਹੇ ਹਨ ਕਿ ਨਿਰਬਾਣ ਪਦ ਦੀ ਪ੍ਰਾਪਤੀ ਹੋਈ ਹੈ।

ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ॥

ਉਹੀ ਘੋੜੀ ਹੈ। ਕਾਠੀ ਪਾ ਦਿੱਤੀ, ਪ੍ਰਮਾਤਮਾ ਦਾ ਭਾਣਾ ਮੰਨਣਾ, ਹੁਕਮ ਮੰਨਣਾ ਹੈ। ਹੁਣ ਇਸ ਨੂੰ ਲਗਾਮ ਵੀ ਚਾਹੀਦੀ ਹੈ, ਕਿਉਂਕਿ ਕੜੀਆਲੇ ਤੋਂ ਬਿਨਾਂ ਇਸ ਨੇ ਕਾਬੂ ਨਹੀਂ ਆਉਣਾ। ਕਹਿੰਦੇ ਹਨ ਕਿ ਇਹ ਦੇਹੀ ਆਪ-ਹੁਦਰਾਪਨ ਕਰਦੀ ਹੈ। ਜਿਵੇਂ ਇਕ ਦੇ ਮੂੰਹ ਵਿਚ ਲਗਾਮ ਪਾਈ ਜਾਂਦੀ ਹੈ, ਭਾਈ ਇਸ ਦੇਹੀ ਦੇ ਮੂੰਹ ਵਿਚ ਗੁਰੂ ਦੇ ਗਿਆਨ ਦੀ ਕੜੀਆਲ ਪਾ।

ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ॥

ਕਈ ਵਾਰੀ ਜਦੋਂ ਘੋੜੀ ਤੁਰਦੀ ਨਹੀਂ ਤਾਂ ਉਸ ਨੂੰ ਚਾਬਕ ਲਾਇਆ ਜਾਂਦਾ ਹੈ। ਕਹਿੰਦੇ ਹਨ ਕਿ ਇਸ ਦੇ ਤਨ ਨੂੰ ਜਿਹੜਾ ਚਾਬਕ ਲਾਇਆ, ਉਹ ਪ੍ਰੇਮ ਦਾ ਹੈ। ਉਹ ਦਰਦ ਨੂੰ ਜਨਮ ਨਹੀਂ ਦਿੰਦਾ। ਗੁਰੂ ਦੇ ਪ੍ਰੇਮ ਦਾ ਚਾਬਕ ਤਾਂ ਮਿਲਾਪ ਨੂੰ ਜਨਮ ਦਿੰਦਾ ਹੈ।

ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ॥

ਪ੍ਰੇਮ ਦਾ ਤਨ ਨੂੰ ਚਾਬਕ ਲਾ ਕੇ ਗੁਰੂ ਦੇ ਸਨਮੁਖ ਹੋ ਕੇ ਇਸ ਮਨ ਨੂੰ ਜਿੱਤ ਲਿਆ।

ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ॥

ਅਘੜਿਆ ਹੋਇਆ ਮਨ ਗੁਰੂ ਨੇ ਕ੍ਰਿਪਾ ਕੀਤੀ, ਇਹ ਘੜਿਆ ਗਿਆ। ਉਹ ਨਾਮ ਰੱਸ, ਜਿਹੜਾ ਅੱਜ ਤੱਕ ਚੱਖਿਆ ਨਹੀਂ ਸੀ, ਉਸ ਨੂੰ ਚੱਖ ਲਿਆ।

ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ॥

ਤੁਸੀਂ ਦੇਖਦੇ ਹੋ ਕਿ ਕਈ ਬੰਦਿਆਂ ਦਾ ਸੁਭਾਅ ਹੁੰਦਾ ਹੈ, ਜਿਹੜੇ ਘੋੜੀਆਂ ਦੀ ਅਸਵਾਰੀ ਕਰਦੇ ਸਨ, ਉਹਨਾਂ ਨੂੰ ਕਈ ਤਰ੍ਹਾਂ ਦਾ ਰੰਗ ਚੜ੍ਹਦਾ ਸੀ। ਕਹਿੰਦੇ ਹਨ ਕਿ ਘੋੜੀ ਉੱਪਰ ਰੰਗਦਾਰ ਕੱਪੜੇ ਪਾਉਣੇ। ਜੇ ਇਸ ਤਨ ਘੋੜੀ ਨੂੰ ਸ਼ਿੰਗਾਰਨਾ ਹੈ ਤਾਂ ਬਾਣੀ ਸੁਣ, ਜਿਹੜੀ ਗੁਰੂ ਨੇ ਵਖਾਣੀ ਹੈ। ਜੇ ਸੁਣੇਗਾ ਤਾਂ ਤੇਰੀ ਦੇਹੀ ਉੱਤੇ ਰੰਗ ਚੜ੍ਹ ਜਾਏਗਾ।

ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ॥ ੩॥

ਧੰਨ ਗੁਰੂ ਰਾਮਦਾਸ ਜੀ ਇਸ ਪਦੇ ਦੀ ਸੰਪੰਨਤਾ 'ਤੇ ਕਹਿ ਰਹੇ ਹਨ ਕਿ ਮਾਰਗ ਬੜਾ ਬਿਖਮ ਹੈ, ਪਰ ਸਮਰੱਥ ਦਾਤੇ ਨੇ ਮੇਹਰ ਕੀਤੀ ਹੈ ਤੇ ਇਸ ਬਿਖਮ ਮਾਰਗ ਤੋਂ ਸਾਨੂੰ ਪਾਰ ਕਰ ਦਿੱਤਾ ਹੈ।

ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ॥

ਇਹ ਦੇਹ ਰੂਪੀ ਘੋੜੀ ਪਰੀਪੂਰਨ ਪ੍ਰਮਾਤਮਾ ਨੇ ਆਪ ਪੈਦਾ ਕੀਤੀ ਹੈ।

ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ ਰਾਮ॥

ਇਸ ਦੇਹੀ ਨਾਲ ਪ੍ਰਮਾਤਮਾ ਦੇ ਨਾਮ ਨੂੰ ਜਪਿਆ ਜਾਣਾ ਹੈ। ਉਹੀ ਦੇਹੀ ਧੰਨਤਾ ਯੋਗ ਹੋ ਜਾਏਗੀ, ਜਿਸ ਦੇਹੀ ਨਾਲ ਪ੍ਰਮਾਤਮਾ ਨੂੰ ਜਪਿਆ ਜਾਏਗਾ।

ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ॥

ਜੋ ਪ੍ਰਮਾਤਮਾ ਨੇ ਧੁਰ ਦਰਗਾਹ ਤੋਂ ਲਿਖਿਆ ਸੀ, ਉਹ ਇਕ ਰਹਿਮਤ ਹੋ ਗਈ ਤੇ ਸਮਰੱਥ ਗੁਰੂ ਮਿਲ ਗਿਆ। ਉਸ ਦੇਹੀ ਨੂੰ ਸ਼ਾਬਾਸ਼ ਹੈ।

ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ॥

ਸਤਿਗੁਰੂ ਬਖ਼ਸ਼ਿਸ਼ ਕਰਦੇ ਹਨ ਕਿ ਇਸ ਦੇਹ-ਰੂਪੀ ਘੋੜੀ ਉੱਪਰ ਚੜ੍ਹਾ ਕੇ ਪ੍ਰਭੂ ਨੇ ਇਸ ਨਾ ਸਫਲ ਹੋਣ ਵਾਲੇ ਬਿਖਮ ਮਾਰਗ ਤੋਂ ਪਾਰ ਲੰਘਾ ਦਿੱਤਾ। ਇਸ ਨਾਲ ਪਰਮ ਆਨੰਦ ਦੀ ਪ੍ਰਾਪਤੀ ਹੋ ਗਈ।

ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ॥

ਕਹਿੰਦੇ ਹਨ ਕਿ ਉਸ ਪਰੀਪੂਰਨ ਪ੍ਰਮਾਤਮਾ ਨੇ ਮਿਲਾਪ ਦਾ ਕਾਜ ਰਚਾ ਦਿੱਤਾ। ਸੰਤ ਜਨਾਂ ਦੀ ਬੰਦਗੀ ਕਰਨ ਵਾਲਿਆਂ ਵੀ ਜੰਝ ਆ ਗਈ।

ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਾਧਾਈ॥੪॥੧॥੫॥

ਹਜ਼ੂਰ ਕਹਿ ਰਹੇ ਹਨ ਕਿ ਭਾਈ ਦੇਖੋ, ਪਰੀਪੂਰਨ ਪ੍ਰਮਾਤਮਾ ਵਾਹਿਗੁਰੂ ਰੂਪੀ ਵਰ ਮਿਲ ਗਿਆ। ਸਤਿਗੁਰੂ ਕਹਿੰਦੇ ਹਨ ਕਿ ਤੇਰਾ ਸਰੀਰ ਘੋੜੀ ਹੈ। ਇਸ ਗੰਦੇ ਗੀਤਾਂ ਤੋਂ ਉੱਪਰ ਉੱਠ। ਤੂੰ ਅੰਦਰ ਦੀ ਘੋੜੀ ਨਾਲ ਜੁੜ ਤੇ ਸੰਖੇਪ ਜਿਹਾ ਇਸ ਦਾ ਭਾਵ ਇਹ ਸੀ ਕਿ ਦੇਹ ਘੋੜੀ ਹੈ, ਹੈ ਦੁਰਲੱਭ। ਬਸ ਇਕ ਕੰਮ ਕਰ ਲੈ, ਕਾਠੀ ਪਾਉਣੀ ਹੈ ਤੇ ਕਾਠੀ ਪਾ ਕਿ ਰੱਬ ਚੰਗਾ ਲੱਗੇ। ਇਸ ਦੇ ਮੂੰਹ ਵਿਚ ਗੁਰੂ ਦੇ ਗਿਆਨ ਦੀ ਲਗਾਮ ਪਾ। ਇਸ ਨੂੰ ਚਾਬਕ ਲਾ ਪ੍ਰੇਮ ਦਾ। ਪਿਆਰਿਉ ! ਇਸ ਘੋੜੀ 'ਤੇ ਚੜ੍ਹੀ ਹੋਈ ਜੀਵ-ਆਤਮਾ ਪ੍ਰਮਾਤਮਾ ਦੇ ਘਰ ਵਿਚ ਸਵੀਕਾਰ ਹੋ ਜਾਂਦੀ ਹੈ। ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਮੇਹਰ ਕਰਨ, ਸਾਨੂੰ ਵੀ ਅੰਦਰ ਦੀ ਸੋਝੀ ਬਖ਼ਸ਼ਣ ਤਾਂਕਿ ਇਸ ਦੇਹੀ ਨੂੰ ਅਸੀਂ ਸਫਲ ਕਰ ਸਕੀਏ। ਭੁੱਲਾਂ ਚੁੱਕਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸੰਤਾਂ ਸੰਗਿ ਉਧਾਰੁ

ਸਲੋਕ॥

ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ॥
ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ॥ ੧॥
ਹਭਿ ਕੂੜਾਵੇ ਕੰਮ ਇਕਸੁ ਸਾਈ ਬਾਹਰੇ॥
ਨਾਨਕ ਸੇਈ ਧੰਨੁ ਜਿਨਾ ਪਿਰਹੜੀ ਸਚ ਸਿਉ॥ ੨॥
ਪਉੜੀ॥ ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ॥
ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭਿ ਮਥਾ॥
ਹਰਿ ਜਸੁ ਲਿਖਹਿ ਬੇਅੰਤੁ ਸੋਹਹਿ ਸੇ ਹਥਾ॥
ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ॥
ਸੰਤਾਂ ਸੰਗਿ ਉਧਾਰੁ ਸਗਲਾ ਦੁਖੁ ਲਥਾ॥

(ਅੰਗ ੭੦੯)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਹਜ਼ੂਰੀ ਵਿਚ ਸੁਭਾਏਮਾਨ ਸਤਿਸੰਗੀ ਜਨੋਂ! ਅੱਜ ਦਾ ਹੁਕਮ ਸ੍ਰੀ ਗੁਰੂ ਪੰਚਮ ਪਾਤਿਸ਼ਾਹ ਧੰਨ ਗੁਰੂ ਅਰਜਨ ਦੇਵ ਜੀ ਦੀ ਮੁਬਾਰਕ ਰਸਨਾ ਤੋਂ ਉਚਾਰਨ ਕੀਤਾ ਹੋਇਆ ਹੈ।

ਸਲੋਕ॥ ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ॥

ਵਡਭਾਗੀ ਗੁਰਮੁਖਾਂ ਦੀ ਰਸਨਾ ਉਸ ਪ੍ਰਮਾਤਮਾ ਵਾਹਿਗੁਰੂ ਜੀ ਦੇ ਨਾਮ ਨੂੰ ਉਚਾਰਨ ਕਰਦੀ ਹੈ ਅਤੇ ਜਿਹੜੇ ਪ੍ਰਮਾਤਮਾ ਨੇ ਕੰਨ ਦਿੱਤੇ ਹਨ, ਇਹਨਾਂ ਕੰਨਾਂ ਦੇ ਰਾਹੀਂ ਗੁਰਮੁਖ ਅੰਮ੍ਰਿਤ ਸ਼ਬਦ ਨੂੰ ਭਾਵਨਾ ਨਾਲ ਸੁਣਦੇ ਹਨ।

ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ॥ ੧॥

ਪੰਚਮ ਗੁਰਦੇਵ ਪਹਿਲੇ ਸਲੋਕ ਵਿਚ ਬਖ਼ਸ਼ਿਸ਼ ਕਰਦੇ ਹਨ ਕਿ ਜਿਨ੍ਹਾਂ ਦੀ ਰਸਨਾ

ਨਾਮ ਦਾ ਜਪ ਕਰੇ, ਕੰਨ ਉਸ ਜਪੇ ਹੋਏ ਸ਼ਬਦ ਨੂੰ ਸੁਣ ਲੈਣ ਤੇ ਉਹਨਾਂ ਦਾ ਧਿਆਨ ਪਾਰਬ੍ਰਹਮ ਪ੍ਰਮੇਸ਼ਰ ਵਿਚ ਹਰ ਸਮੇਂ ਰਹੇ, ਹਜ਼ੂਰ ਕਹਿੰਦੇ ਹਨ ਕਿ ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਬਾਰ-ਬਾਰ ਹਜ਼ੂਰ ਨੇ ਇਸ ਮਨੁੱਖਤਾ ਦੇਹੀ ਦੀ ਸਫਲਤਾ ਦੇ ਲਈ, ਇਸ ਸਰੀਰ ਦੀ ਪ੍ਰਮਾਤਮਾ ਦੇ ਘਰ ਵਿਚ ਪ੍ਰਵਾਨਗੀ ਦੇ ਲਈ ਜਾਂ ਸਮੇਂ ਦਾ ਕਬੂਲ ਹੋ ਜਾਣਾ ਪ੍ਰਮਾਤਮਾ ਦੇ ਘਰ ਵਿਚ ਇਸ ਲਈ ਪ੍ਰੇਰਨਾ ਵੀ ਦਿੱਤੀ ਤੇ ਨਾਲ ਬਾਣੀ ਵਿਚ ਉਪਦੇਸ਼ ਰੂਪ ਹਜ਼ੂਰ ਨੇ ਸ਼ਬਦ ਵੀ ਬਖ਼ਸ਼ਿਸ਼ ਕੀਤੇ ਕਿ ਇਹ ਸਰੀਰ ਪ੍ਰਵਾਨ ਕਿਵੇਂ ਹੋਏ। ਅਸੀਂ ਹਜ਼ੂਰ ਦੇ ਅਮੋਲਕ ਬਚਨ ਰੋਜ਼ ਪੜ੍ਹਦੇ ਹਾਂ -

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ॥

ਹੇ ਮੇਰੇ ਸਰੀਰ ! ਇਸ ਜਗਤ ਵਿਚ ਆ ਕੇ ਤੂੰ ਕੀ ਕੰਮ ਕੀਤਾ, ਕਿਹੜੇ ਕਰਮ ਕਮਾਏ।

ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ॥
ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ॥
ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ॥

ਹਜ਼ੂਰ ਕਹਿ ਰਹੇ ਹਨ ਕਿ ਜਿਸ ਨੇ ਤੇਰੀ ਰਚਨਾ ਕੀਤੀ, ਉਸ ਨੂੰ ਤੂੰ ਆਪਣੇ ਹਿਰਦੇ ਵਿਚ ਵਸਾਇਆ ਨਹੀਂ, ਤੂੰ ਕੀ ਕੰਮ ਕਰਦਾ ਰਿਹਾ। ਅਖ਼ੀਰਲਾ ਬਚਨ ਕਿਹਾ -

ਕਹੈ ਨਾਨਕ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ॥

(ਅੰਗ ੯੨੨)

ਉਹ ਹੀ ਸਰੀਰ ਕਬੂਲ ਹੋਇਆ, ਪ੍ਰਵਾਨ ਹੋਇਆ ਜਿਸ ਨੇ ਆਪਣਾ ਚਿੱਤ ਸਤਿਗੁਰੂ ਜੀ ਨਾਲ ਲਾ ਦਿੱਤਾ। ਇਹ ਸਰੀਰ ਕਿਵੇਂ ਸਤਿਗੁਰੂ ਜੀ ਦੇ ਨਾਲ ਲੱਗੇ ? ਹਜ਼ੂਰ ਨੇ ਆਨੰਦ ਸਾਹਿਬ ਦੀ ਬਾਣੀ ਵਿਚ ਇਕ ਹੋਰ ਬਚਨ ਬਖ਼ਸ਼ਿਸ਼ ਕੀਤਾ-

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥

ਉਸ ਪਰੀਪੂਰਨ ਪ੍ਰਮਾਤਮਾ ਨੇ ਇਸ ਸਰੀਰ ਗੁਫਾ ਵਿਚ ਜਿੰਦ ਟਿਕਾਅ ਦਿੱਤੀ ਤੇ ਸੁਆਸਾਂ ਦਾ ਵਾਜਾ ਉਸ ਨੇ ਵਜਾ ਦਿੱਤਾ।

ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ॥

ਮਹਾਰਾਜ ! ਇਹ ਕਿਵੇਂ ਪ੍ਰਵਾਨ ਹੋਵੇਗਾ ? ਗੁਪਤ ਤੱਕ ਕਿਵੇਂ ਪਹੁੰਚਾਂਗੇ ? ਅਗਲੀ ਤੁੱਕ ਹੈ-

ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥

(ਅੰਗ ੯੨੨)

ਜਿਹੜਾ ਆਪਣੇ ਅੰਦਰ ਦੀ ਭਾਵਨਾ ਨੂੰ, ਸ਼ਰਧਾ ਨੂੰ, ਪੂਰਨ ਬਿਰਤੀ ਨੂੰ ਸਮਰੱਥ ਗੁਰੂ ਦੇ ਦਰ 'ਤੇ ਲਾ ਦੇਵੇਗਾ, ਹਜ਼ੂਰ ਕਹਿੰਦੇ ਹਨ ਕਿ ਮਾਲਕ ਨੇ ਉਹ ਗੁਪਤ ਦਰਵਾਜ਼ਾ ਵੀ ਉਸ ਨੂੰ ਦਿਖਾ ਦਿੱਤਾ। ਸਾਨੂੰ ਪ੍ਰਮਾਤਮਾ ਨੇ ਇੰਦਰੇ ਦਿੱਤੇ ਹਨ ਤੇ ਇੰਦਰੇ ਸਾਡੇ ਅੰਦਰ ਨੂੰ ਬਾਹਰਮੁਖੀ ਵੀ ਕਰ ਸਕਦੇ ਹਨ ਤੇ ਇਹ ਇੰਦਰੇ ਸਾਨੂੰ ਅੰਦਰਮੁਖੀ ਵੀ ਕਰ ਸਕਦੇ ਹਨ, ਜਦੋਂ ਇਹਨਾਂ ਇੰਦਰਿਆਂ ਦੇ ਨਾਲ ਆਪਾਂ ਬਾਹਰ ਦੇ ਰੰਗ-ਤਮਾਸ਼ੇ ਵੀ ਦੇਖਦੇ ਹਾਂ। ਬਾਹਰ ਦੀਆਂ ਰੰਗ-ਰਲੀਆਂ ਨੂੰ ਨੇਤਰਾਂ ਨਾਲ ਦੇਖਦੇ ਹਾਂ। ਕੰਨਾਂ ਨਾਲ ਸੁਣਦੇ ਹਾਂ। ਚਮੜੀ ਕਰਕੇ ਸਪਰਸ਼ਤਾ ਆਉਂਦੀ ਹੈ ਤੇ ਜੋ ਕੁਝ ਅਸੀਂ ਦੇਖਦੇ ਹਾਂ, ਕੁਦਰਤੀ ਤੌਰ 'ਤੇ ਇੰਦਰਿਆਂ ਰਾਹੀਂ ਪਹੁੰਚਿਆ ਹੋਇਆ ਉਹ ਵਿਚਾਰ, ਉਹ ਗਿਆਨ ਸਾਡੇ ਮਨ ਦੇ ਉੱਪਰ ਬਹੁਤ ਪ੍ਰਭਾਵ ਪਾਉਂਦਾ ਹੈ।

ਅੱਜ ਅਸੀਂ ਨਰੋਏ ਸਰੀਰ ਦੀ ਗੱਲ ਕਰਦੇ ਹਾਂ। ਨਰੋਏ ਸਰੀਰ ਦਾ ਅਰਥ ਕੇਵਲ ਇਹ ਨਹੀਂ ਕਿ ਇਸ ਬੰਦੇ ਦੀ ਖ਼ੁਰਾਕ ਬੜੀ ਸ਼ੁੱਧ ਹੈ। ਇਹ ਠੀਕ ਹੈ ਕਿ ਜੇ ਆਹਾਰ ਚੰਗਾ ਹੋਵੇਗਾ ਤਾਂ ਸਰੀਰ ਅਰੋਗ ਰਹੇਗਾ। ਜੇ ਆਹਾਰ ਮਾੜਾ ਹੋਵੇਗਾ ਤਾਂ ਸਰੀਰ ਰੋਗੀ ਹੋ ਜਾਵੇਗਾ, ਪਰ ਇਸ ਤੋਂ ਅਗਲਾ ਇਕ ਹੋਰ ਕਦਮ ਗੁਰੂ ਜੀ ਨੇ ਕਿਹਾ ਕਿ ਚੰਗੇ ਆਹਾਰ ਨਾਲ ਚੰਗਾ ਨਰੋਆ ਸਰੀਰ ਰਹਿੰਦਾ ਹੈ ਤੇ ਜੇ ਵਿਚਾਰ ਚੰਗੇ ਹੋਣਗੇ ਤਾਂ ਮਨ ਨਰੋਆ ਰਹੇਗਾ। ਜਿਸ ਬੰਦੇ ਦੇ ਅੰਦਰ ਦੇ ਵਿਚਾਰ ਗੰਦੇ ਹੋ ਗਏ, ਸੱਚ ਜਾਣੋ, ਉਸ ਦਾ ਮਨ ਵੀ ਗੰਦਾ ਹੋ ਗਿਆ। ਗੁਰੂ ਜੀ ਅੱਜ ਕਹਿ ਰਹੇ ਹਨ ਕਿ ਜੇ ਇਸ ਸਰੀਰ ਨੂੰ ਪ੍ਰਵਾਨ ਕਰਾਉਣਾ ਹੈ ਤਾਂ ਆਪਣੇ ਇੰਦਰਿਆਂ ਤੋਂ ਕੁਝ ਕੰਮ ਲੈ। ਰਸਨਾ ਹੈ ਤੇਰੇ ਕੋਲ, ਕੰਨ ਹਨ ਤੇਰੇ ਕੋਲ, ਅੱਖਾਂ ਹਨ ਤੇਰੇ ਕੋਲ, ਹੱਥ ਹਨ ਤੇਰੇ ਕੋਲ ਤੇ ਪ੍ਰਮਾਤਮਾ ਨੇ ਦੋ ਪੈਰ ਦਿੱਤੇ ਹਨ, ਇਹਨਾਂ ਦੀ ਸਹੀ ਵਰਤੋਂ ਕਰਨੀ ਸਿਖ ਲੈ।

ਜੇਕਰ ਅਸੀਂ ਬਾਰੀਕੀ ਨਾਲ ਦੇਖੀਏ ਤਾਂ ਜੋ ਕੁਝ ਵੀ ਸਾਡੇ ਤਨ ਦੇ ਇੰਦਰੇ ਕਰਦੇ ਹਨ, ਇਸ ਦਾ ਪੂਰੇ ਦਾ ਪੂਰਾ ਰੱਸ ਇੰਦਰਾ ਨਹੀਂ ਮਾਣਦਾ, ਸਹੀ ਅਰਥਾਂ ਵਿਚ ਮਨ ਹੀ ਮਾਣਦਾ ਹੈ। ਅੱਖਾਂ ਦੇਖਦੀਆਂ ਹਨ। ਇਹ ਤਾਂ ਕੇਵਲ ਇਕ ਵਸੀਲਾ ਹੈ, ਪਰ ਪਿਆਰਿਉ ! ਅੱਖਾਂ ਰਾਹੀਂ ਜੋ ਕੁਝ ਅੰਦਰ ਜਾ ਰਿਹਾ ਹੈ, ਉਸ ਸੁਆਦ ਨੂੰ ਤਾਂ ਇਹ ਮਨ ਮਾਣਦਾ ਹੈ। ਕੰਨਾਂ ·ਲ ਆਪਾਂ ਸੁਣਦੇ ਹਾਂ, ਪਰ ਇਸ ਸੁਣੇ ਹੋਏ ਸ਼ਬਦ ਦਾ, ਇਸ ਸ੍ਰੋਤ ਦਾ ਜੇ ਚੰਗਾ ਜਾਂ ਮੰਦਾ .ਸਰ ਮਾਣਦਾ ਪਿਆ ਹੈ ਤਾਂ ਉਹ ਇਨਸਾਨ ਦਾ ਮਨ ਮਾਣਦਾ ਪਿਆ ਹੈ। ਜੀਭ ਉੱਤੇ ਸੁਆਦ ਜ਼ਰੂਰ ਆਉਂਦਾ ਪਿਆ ਹੈ, ਪਰ ਅਸਲੀ ਆਨੰਦ ਤਾਂ ਅੰਦਰ ਵਾਲਾ ਮਨ ਮਾਣਦਾ ਹੈ, ਜਿਸ ਨੂੰ ਇਹ ਪੂਰੀ ਜਾਣਕਾਰੀ ਮਿਲਦੀ ਹੈ। ਭਾਈ ਗੁਰਦਾਸ ਜੀ ਦੀ ਰਚਨਾ ਵਿਚ ਇਕ ਪਉੜੀ ਹੈ। ਇਹ ਮਨ ਕਿਵੇਂ ਸਾਡੀਆਂ ਸਾਰੀਆਂ ਇੰਦਰੀਆਂ 'ਤੇ ਰਾਜ ਕਰਦਾ ਪਿਆ ਹੈ। ਭਾਈ ਸਾਹਿਬ ਫ਼ੁਰਮਾਉਂਦੇ ਹਨ ਕਿ ਮਨ ਅੱਖਾਂ ਵਿਚ ਬੈਠਾ ਦੇਖੀ ਜਾ ਰਿਹਾ ਹੈ। ਕੰਨਾਂ ਵਿਚ ਬੈਠਾ ਸੁਣੀ ਜਾ ਰਿਹਾ ਹੈ। ਜ਼ਬਾਨ ਵਿਚੋਂ ਬੋਲੀ ਜਾ ਰਿਹਾ ਹੈ ਤੇ ਸੁਆਸ ਲਈ ਜਾ ਰਿਹਾ ਹੈ, ਹੱਥਾਂ ਰਾਹੀਂ ਕੋਈ ਨਾ ਕੋਈ ਕੰਮ ਕਰੀ ਜਾ ਰਿਹਾ ਹੈ ਤੇ ਪੈਰਾਂ ਨਾਲ ਚੱਲਦਾ ਪਿਆ ਹੈ। ਇਕ ਮਨ ਪੂਰੇ ਦੇ ਪੂਰੇ ਤਨ ਦੀਆਂ ਇੰਦਰੀਆਂ 'ਤੇ ਆਪਣਾ ਕਾਬੂ ਪਾਈ ਬੈਠਾ ਹੈ। ਭਾਈ ਸਾਹਿਬ

ਦਾ ਬਚਨ ਹੈ-

ਅਖੀ ਅੰਦਰਿ ਦੇਖਦਾ ਸਭ ਚੋਜ ਵਿਡਾਣਾ।

ਅੱਖਾਂ ਵਿਚ ਬੈਠਾ ਦੇਖੀ ਜਾ ਰਿਹਾ ਹੈ। ਅੱਖਾਂ ਦੀ ਮੈਲ ਦੀ, ਕੰਨਾਂ ਦੀ ਮੈਲ ਦੀ, ਜ਼ਬਾਨ ਦੀ ਮਲੀਨਤਾ ਦੀ ਗੱਲ ਕਰਦੇ ਹਾਂ, ਪਰ ਪਿਆਰਿਉ ! ਜੇ ਸੂਖਸ਼ਮਤਾਈ ਨਾਲ ਇਸ ਤਨ ਦੇ ਇਕ-ਇਕ ਇੰਦਰੇ ਦਾ ਮੰਥਨ ਕੀਤਾ ਜਾਏ ਅਤੇ ਜੇ ਕਿਸੇ ਨੂੰ ਮੈਲ ਨਜ਼ਰ ਆਉਂਦੀ ਹੋਵੇ ਤਾਂ ਉਹ ਅੱਖਾਂ ਵਿਚੋਂ ਕੱਢ ਕੇ ਅੱਖਾਂ ਨੂੰ ਸ਼ੁੱਧ ਨਾ ਕਰ ਲਵੇ। ਉਹ ਮੈਲ ਕਿਹੜੀ ਹੈ, ਜਿਹੜੀ ਅੱਖਾਂ ਵਿਚ ਗਈ ਤੇ ਅੱਖਾਂ ਨੇ ਅੰਦਰ ਪਹੁੰਚਾ ਦਿੱਤੀ ? ਕੋਈ ਇਨਸਾਨ ਇਸ ਅੱਖ ਦੀ ਪੁਤਲੀ ਦੀ ਸਰਜਰੀ ਕਰ ਸਕਦਾ ਹੈ, ਇਸ ਅੱਖ ਦੇ ਬਾਹਰਮੁਖੀ ਢਾਂਚੇ ਦਾ ਓਪਰੇਸ਼ਨ ਕਰ ਸਕਦਾ ਹੈ, ਬਾਹਰ ਦੀਆਂ ਪੁਤਲੀਆਂ ਅੱਖਾਂ ਦਾ ਸਰੀਰ ਹਨ, ਪਰ ਇਹਨਾਂ ਅੱਖਾਂ ਦੀਆਂ ਪੁਤਲੀਆਂ ਦੀ ਜੜ੍ਹ ਵਿਚ ਜਾਉ ਤਾਂ ਇਕ ਉਹ ਸ਼ਕਤੀ ਪ੍ਰਮਾਤਮਾ ਨੇ ਰੱਖੀ ਹੈ, ਜਿਹੜੀ ਦਿੱਸਦੀ ਨਹੀਂ, ਪਰ ਹੈ ਜ਼ਰੂਰ। ਇਹੀ ਕਾਰਨ ਹੈ ਕਿ ਬੰਦੇ ਦਾ ਤਨ ਭਾਵੇਂ ਮੌਜੂਦ ਹੋਵੇ ਤੇ ਵਿਚੋਂ ਪ੍ਰਾਣ ਨਿਕਲ ਜਾਣ ਤਾਂ ਵੈਦ-ਡਾਕਟਰ-ਹਕੀਮ ਸ਼ਬਦ ਕਹਿ ਦਿੰਦੇ ਹਨ ਕਿ ਸਰੀਰ ਤਾਂ ਬਿਲਕੁਲ ਤੰਦਰੁਸਤ ਦਿੱਸਦਾ ਹੈ, ਪਰ ਕੀ ਕਰ ਸਕਦੇ ਹਾਂ, ਇਸ ਦੇ ਅੰਦਰ ਵਾਲਾ ਭਵਰ ਉਡਾਰੀ ਮਾਰ ਗਿਆ ਹੈ।

ਕਈ ਵਾਰੀ ਦੇਖਣ ਵਿਚ ਇੰਝ ਲੱਗਦਾ ਹੈ ਕਿ ਆਦਮੀ ਸਾਡੇ ਵੱਲ ਦੇਖ ਰਿਹਾ ਹੈ, ਪਰ ਜਦੋਂ ਉਹਨਾਂ ਦਾ ਕੋਈ ਹੱਥ-ਬਾਂਹ ਫੜ ਕੇ ਤੁਰਦਾ ਹੈ ਤਾਂ ਫਿਰ ਇਨਸਾਨ ਹੈਰਾਨ ਹੁੰਦਾ ਹੈ ਕਿ ਕੀ ਇਸ ਨੂੰ ਨਜ਼ਰ ਨਹੀਂ ਆਉਂਦਾ ? ਅੱਗੋਂ ਉੱਤਰ ਮਿਲੇਗਾ ਨਹੀਂ। ਪੁੱਛੀਏ ਕਿ ਅੱਖਾਂ ਤਾਂ ਇੰਝ ਲੱਗਦੀਆਂ ਨੇ ਜਿਵੇਂ ਬਿਲਕੁਲ ਠੀਕ ਹਨ ਤਾਂ ਕਹਿਣਗੇ ਕਿ ਅੱਖਾਂ ਤਾਂ ਠੀਕ ਲੱਗਦੀਆਂ ਹਨ, ਪਰ ਅੱਖਾਂ ਦੀ ਆਤਮਾ ਜਿਹੜੀ ਦੇਖਣ ਵਾਲੀ ਸ਼ਕਤੀ ਸੀ, ਉਸ ਦੀ ਮੌਤ ਹੋ ਚੁੱਕੀ ਹੈ। ਇਸ ਦਾ ਮਤਲਬ ਢਾਂਚਾ ਕੁਝ ਹੋਰ ਚੀਜ਼ ਹੈ ਤੇ ਦੇਖਣ ਵਾਲੀ ਚੀਜ਼ ਕੁਝ ਹੋਰ ਹੈ। ਸਰੀਰ ਦਾ ਬਾਹਰਮੁਖੀ ਢਾਂਚਾ ਕੁਝ ਹੋਰ ਹੈ, ਪਰ ਇਸ ਨੂੰ ਚਲਾਉਣ ਵਾਲੀ ਆਤਮਾ ਕੁਝ ਹੋਰ ਹੈ। ਹਰ ਇੰਦਰੇ ਦਾ ਆਪਣਾ ਤਨ ਹੈ, ਹਰ ਇੰਦਰੇ ਦੀ ਆਪਣੀ ਚੱਲਣ ਵਾਲੀ ਸ਼ਕਤੀ ਹੈ। ਇਸੇ ਤਰ੍ਹਾਂ ਹੈ ਵਾਸ਼ਨਾ। ਦੇਖਣ ਨੂੰ ਤਨ ਦੀਆਂ ਨਾਲੀਆਂ ਇੰਦਰੇ ਹਨ, ਪਰ ਇਹ ਦਵਾਈ ਨਾਲ ਸ਼ੁੱਧ ਨਹੀਂ ਹੁੰਦੇ। ਜੇ ਸਰਜਰੀ ਨਾਲ, ਦਵਾਈ ਨਾਲ ਸ਼ੁੱਧ ਹੁੰਦੇ ਤਾਂ ਸਾਰੇ ਨੌਂ ਦੁਆਰੇ ਸ਼ੁੱਧ ਨਾ ਹੋ ਜਾਂਦੇ। ਉਹ ਕਿਹੜੀ ਥਾਂ ਹੈ ਕਿ ਜਿੱਥੇ ਮੈਲ ਪਈ ਹੈ, ਪਰ ਉਹ ਦਿੱਸਦੀ ਨਹੀਂ ? ਭਾਈ ਗੁਰਦਾਸ ਕਹਿ ਰਹੇ ਹਨ, ਉਹ ਹੈ ਸਾਡਾ ਮਨ। ਮਨ ਅੱਖਾਂ ਵਿਚ ਬੈਠਾ ਦੇਖੀ ਜਾਂਦਾ ਹੈ।

ਅਖੀ ਅੰਦਰਿ ਦੇਖਦਾ ਸਭ ਚੋਜ ਵਿਡਾਣਾ।
ਕੰਨੀ ਸੁਣਦਾ ਸੁਰਤਿ ਕਰਿ ਆਖਾਣਿ ਵਖਾਣਾ।
ਜੀਭੈ ਅੰਦਰਿ ਬੋਲਦਾ ਬਹੁ ਸਾਦ ਲੁਭਾਣਾ।

ਹਥੀਂ ਕਿਰਤਿ ਕਮਾਂਵਦਾ ਪਗਿ ਚਲੈ ਸੁਜਾਣਾ।
ਦੇਹੀ ਅੰਦਰਿ ਇਕੁ ਮਨੁ ਇੰਦ੍ਰੀ ਪਰਵਾਣਾ।
ਆਪੇ ਆਪਿ ਵਰੱਤਦਾ ਗੁਰਮੁਖਿ ਸੁਖੁ ਮਾਣਾ ॥੧੮॥

(ਵਾਰ ੨, ਪਉੜੀ ੧੮)

ਇਹਨਾਂ ਸਾਰੀਆਂ ਇੰਦਰੀਆਂ ਨੇ ਇਕ ਮਨ ਦੀ ਪ੍ਰਧਾਨਗੀ ਨੂੰ, ਉਸ ਦੀ ਤਾਕਤ ਨੂੰ ਕਬੂਲ ਲਿਆ। ਇੰਦਰੀਆਂ ਵਿਚ ਬੈਠਾ ਉਹ ਰੱਸ ਮਾਣੀ ਜਾ ਰਿਹਾ ਹੈ, ਪਰ ਇਸ ਤਨ ਨੂੰ ਜੋ ਇੰਦਰੀਆਂ ਵਿਚ ਮਨ ਵਰਤਦਾ ਪਿਆ ਹੈ, ਉਸ ਤੱਕ ਸਹੀ ਵਿਚਾਰ ਕਿਵੇਂ ਪਹੁੰਚਾਏ ਜਾਣ ? ਦੇਖੋ ਇੰਦਰੀਆਂ ਦਰਵਾਜ਼ੇ ਹਨ। ਇਹ ਸਾਡੇ ਲਈ ਸਹਾਇਕ ਵੀ ਹੋ ਸਕਦੇ ਹਨ। ਦਰਵਾਜ਼ਾ ਖੁੱਲ੍ਹਾ ਹੋਵੇ ਤੇ ਕੋਈ ਪ੍ਰਮਾਤਮਾ ਦੀ ਭੈਅ ਭਾਵਨੀ ਵਾਲਾ ਅੰਦਰ ਸਾਧੂ ਵੀ ਆ ਸਕਦਾ ਹੈ ਤੇ ਕਈ ਵਾਰੀ ਦਰਵਾਜ਼ਾ ਖੁੱਲ੍ਹਾ ਹੋਵੇ ਤਾਂ ਦਰਵਾਜ਼ੇ ਰਾਹੀਂ ਚੋਰ ਵੀ ਅੰਦਰ ਆ ਸਕਦਾ ਹੈ। ਦਰਵਾਜ਼ੇ ਦਾ ਕੰਮ ਸਿਰਫ਼ ਇੰਨਾ ਹੈ ਕਿ ਬਾਹਰੋਂ ਅੰਦਰ ਕਿਸੇ ਨੂੰ ਲੈ ਕੇ ਆਉਣਾ ਤੇ ਅੰਦਰੋਂ ਕਿਸੇ ਨੂੰ ਬਾਹਰ ਤੋਰ ਦੇਣਾ। ਜੇ ਦਰਵਾਜ਼ੇ ਰਾਹੀਂ, ਸਾਧ-ਅਸਾਧ, ਚੋਰ-ਸੰਤ, ਕੁਕਰਮੀ-ਧਰਮੀ ਆ ਸਕਦੇ ਹਨ ਤਾਂ ਇਹ ਤਾਂ ਦਰਵਾਜ਼ੇ ਹਨ। ਇਹਨਾਂ ਰਾਹੀਂ ਕਦੀ ਚੋਰ ਅੰਦਰ ਆ ਜਾਂਦੇ ਹਨ ਤੇ ਜਦੋਂ ਅਸੀਂ ਗੁਰਮੁਖ ਪਿਆਰਿਆਂ ਦੇ ਦੀਦਾਰ ਕਰਦੇ ਹਾਂ, ਬਾਣੀ ਪੜ੍ਹਦੇ ਹਾਂ, ਜ਼ਬਾਨ ਤੋਂ ਸਿਮਰਨ ਕਰਦੇ ਹਾਂ ਤਾਂ ਉਦੋਂ ਇਉਂ ਕਹਿ ਲਉ ਕਿ ਇਹਨਾਂ ਦਰਵਾਜ਼ਿਆਂ ਰਾਹੀਂ, ਇਹਨਾਂ ਦੁਆਰਿਆਂ ਰਾਹੀਂ ਗੁਰੂ ਰੂਪ ਸੰਤ ਸਾਡੇ ਅੰਦਰ ਆ ਰਿਹਾ ਹੈ। ਗੁਰੂ ਜੀ ਕਹਿ ਰਹੇ ਹਨ ਕਿ ਉਸ ਜ਼ਬਾਨ ਤੋਂ ਕੁਰਬਾਨ ਜਾਵਾਂ, ਜਿਹੜੀ ਜ਼ਬਾਨ ਪ੍ਰਮਾਤਮਾ ਦਾ ਨਾਮ ਉਚਾਰਦੀ ਹੈ। ਉਹਨਾਂ ਕੰਨਾਂ ਤੋਂ ਬਲਿਹਾਰ ਜਾਵਾਂ, ਜਿਹੜੇ ਕੰਨ ਪ੍ਰਮਾਤਮਾ ਦਾ ਸ਼ਬਦ ਸੁਣਦੇ ਹਨ।

ਗੁਰਮਤਿ ਵਿਚ ਸਭ ਤੋਂ ਪਹਿਲਾਂ ਸਬਕ ਹੀ ਇਹ ਹੈ ਕਿ ਜ਼ਬਾਨ ਨਾਲ ਜਪੀਏ ਤੇ ਕੰਨਾਂ ਨਾਲ ਸੁਣੀਏ ਕਿਉਂਕਿ ਜੇ ਪ੍ਰਮਾਰਥ ਦੇ ਮਾਰਗ 'ਤੇ ਚੱਲਣਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਜੋ ਕੁਝ ਆਪਾਂ ਬੋਲਦੇ ਹਾਂ, ਉਸ ਨੂੰ ਆਪਣੇ ਕੰਨਾਂ ਨਾਲ ਸੁਣੀ ਜਾਈਏ। ਕੁਝ ਦਿਨਾਂ ਦੇ ਅਭਿਆਸ ਤੋਂ ਬਾਅਦ ਜੇ ਵਾਹਿਗੁਰੂ ਸ਼ਬਦ ਬੋਲਦੇ ਹਾਂ, ਗੁਰਬਾਣੀ ਦਾ ਕੋਈ ਸ਼ਬਦ ਬੋਲਦੇ ਹਾਂ ਤਾਂ ਜ਼ਬਾਨ ਨਾਲ ਬੋਲਦਿਆਂ-ਬੋਲਦਿਆਂ, ਕੰਨਾਂ ਨਾਲ ਸੁਣਦਿਆਂ-ਸੁਣਦਿਆਂ ਇਕ ਦਿਨ ਅਭਿਆਸ ਇੰਨਾ ਪੱਕ ਜਾਵੇਗਾ ਕਿ ਜੋ ਕੁਝ ਜ਼ਬਾਨ ਨਾਲ ਸੁਣਿਆ ਹੈ, ਇਸ ਨੂੰ ਕੰਨ ਜ਼ਬਾਨ ਤੋਂ ਬਿਨਾਂ ਵੀ ਸੁਣਨ ਲੱਗ ਪੈਣਗੇ। ਪਰ ਪਹਿਲੀ ਗੱਲ ਹੈ ਰਸਨਾ। ਰਸਨਾ ਦਾ ਅਰਥ ਵੀ ਇਹ ਹੈ ਰੱਸਾਂ ਦਾ ਘਰ। ਇਹ ਹੈ ਨਿੱਕਾ ਜਿਹਾ ਮਾਸ ਦਾ ਟੁੱਕੜਾ ਪਰ ਕੰਮ ਬਹੁਤ ਜ਼ਿਆਦਾ ਕਰਦਾ ਹੈ। ਗੁਰੂ ਅਰਜਨ ਦੇਵ ਜੀ ਦਾ ਇਕ ਬਚਨ ਆਉਂਦਾ ਹੈ-

ਹੇ ਜਿਹਬੇ ਹੇ ਰਸਗੇ ਮਧੁਰ ਪ੍ਰਿਅ ਤੁਯੰ॥

ਹੇ ਬੋਲਣ ਵਾਲੀ ਜ਼ਬਾਨ ! ਹੇ ਰੱਸਾਂ ਨੂੰ ਚੱਖਣ ਵਾਲੀਏ ਰਸਨਾ !

ਮਧੁਰ ਪ੍ਰਿਅ ਭੁਯੰ॥

ਤੈਨੂੰ ਮਿਠਾਸ ਬਹੁਤ ਚੰਗੀ ਲੱਗਦੀ ਹੈ, ਮਿੱਠੇ ਨੂੰ ਤੂੰ ਬਹੁਤ ਪਿਆਰ ਕਰਦੀ ਹੈਂ। ਪਰ ਤੇਰੀ ਇਕ ਥਾਂ 'ਤੇ ਮੌਤ ਹੋ ਜਾਂਦੀ ਹੈ, ਇਕ ਥਾਂ 'ਤੇ ਤੂੰ ਲੋਕਾਂ ਨੂੰ ਕਤਲ ਤੱਕ ਲੈ ਜਾਂਦੀ ਹੈਂ। ਸਤ ਹਤੰ, ਜਦੋਂ ਸਤਿਨਾਮ ਦੀ ਗੱਲ ਚੱਲੀ, ਉਦੋਂ ਜ਼ਬਾਨ ਮਰ ਜਾਣੀ ਹੈ। ਤੂੰ ਆਮ ਤੌਰ 'ਤੇ ਘੰਟਿਆਂ ਬੱਧੀ ਬੋਲ ਸਕਦੀ ਹੈਂ, ਪਰ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮੋਈਏ ! ਨਾਮ ਜਪਦਿਆਂ ਪੰਜ ਮਿੰਟ ਵੀ ਨਹੀਂ ਲੱਗਦੇ ਤੇ ਥੱਕ ਜਾਂਦੀ ਹੈਂ।

ਸਤ ਹਤੰ ਪਰਮ ਬਾਦੰ

ਪਰਮ ਦਾ ਅਰਥ ਹੈ ਵੱਡਾ। ਵੱਡੇ ਤੋਂ ਵੱਡੇ ਝਗੜੇ ਨੂੰ ਤੂੰ ਜਨਮ ਦਿੰਦੀ ਹੈਂ। ਜੇ ਤੂੰ ਨਾ ਬੋਲੇਂ ਤਾਂ ਹੋ ਸਕਦਾ ਹੈ ਵੱਡੀਆਂ-ਵੱਡੀਆਂ ਮੁਸੀਬਤਾਂ ਵੀ ਟੱਲ ਜਾਣ। ਤੇਰਾ ਫੱਟ ਤਾਂ ਇੰਨਾ ਭੈੜਾ ਹੈ ਕਿ ਲੋਹੇ ਦੇ ਸ਼ਸਤਰਾਂ ਦੇ ਫੱਟ ਤਾਂ ਭਰੇ ਜਾਂਦੇ ਹਨ, ਪਰ ਜਿਸ ਉੱਪਰ ਤੂੰ ਸੱਟ ਮਾਰਦੀ ਹੈਂ, ਤੇਰੇ ਪਾਏ ਹੋਏ ਜ਼ਖ਼ਮ ਤਾਂ ਬੰਦੇ ਨੂੰ ਮਰਦੇ ਦਮ ਤੱਕ ਨਹੀਂ ਭੁੱਲਦੇ।

ਸਤ ਹਤੰ ਪਰਮ ਬਾਦੰ ਅਵਰਤ ਏਥਹ ਸੁਧ ਅਛਰਣਹ॥

ਜੇ ਤੂੰ ਬੋਲਣਾ ਚਾਹੁੰਦੀ ਹੈਂ ਤਾਂ ਸ਼ੁੱਧ ਅੱਖਰ ਬੋਲ, ਪਵਿੱਤਰ ਅੱਖਰ ਬੋਲ। ਉਹ ਕੀ ਹਨ ?

ਗੋਬਿੰਦ ਦਾਮੋਦਰ ਮਾਧਵੇ॥

(ਅੰਗ ੧੩੫੯)

ਹੇ ਜ਼ਬਾਨ ! ਇਹ ਸ਼ੁੱਧ ਅੱਖਰ ਹੈ, ਪ੍ਰਮਾਤਮਾ ਦੇ ਨਾਮ ਨੂੰ ਜਪ, ਪ੍ਰਮਾਤਮਾ ਦਾ ਸਿਮਰਨ ਕਰ, ਉਸ ਦੀ ਬੰਦਗੀ ਵਿਚ ਤੁਰ।

ਤਿੰਨ ਇੰਦਰੇ ਗੁਰੂ ਅਰਜਨ ਦੇਵ ਜੀ ਨੇ ਕਹੇ ਹਨ। ਹਰ ਬੰਦੇ ਦਾ ਇਹ ਸੁਆਲ ਹੈ, ਭਾਵੇਂ ਬਾਣੀ ਪੜ੍ਹਦਾ ਹੈ, ਸਿਮਰਨ ਕਰਦਾ ਹੈ, ਪਰ ਕਈ ਵਾਰੀ ਜਦੋਂ ਬੰਦਾ ਦਿਲ ਦੀ ਗੱਲ ਖੋਲ੍ਹਦਾ ਹੈ ਤਾਂ ਫਿਰ ਪੁੱਛ ਬੈਠਦਾ ਹੈ ਕਿ ਕਰਦੇ ਤਾਂ ਬਹੁਤ ਕੁਝ ਹਾਂ, ਪਰ ਪਤਾ ਨਹੀਂ ਮਨ ਕਿਉਂ ਨਹੀਂ ਟਿੱਕਦਾ ? ਕਈ ਵਾਰੀ ਅਸੀਂ ਇਹ ਵੀ ਸ਼ਬਦ ਕਹਿੰਦੇ ਹਾਂ ਕਿ ਕੁਝ ਦਿਨਾਂ ਤੋਂ ਪਤਾ ਨਹੀਂ ਅੰਦਰ ਦਾ ਰੱਸ ਮੁੱਕ ਜਿਹਾ ਗਿਆ। ਜਿਹੜਾ ਸੁਆਦ ਅੱਗੇ ਬਾਣੀ ਪੜ੍ਹ ਕੇ ਆਉਂਦਾ ਸੀ, ਅੱਜ ਨਹੀਂ ਆਉਂਦਾ। ਧੰਨ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ ਕਿ ਇਸ ਦੇ ਕਾਰਨ ਹਨ, ਤੇਰੇ ਤਿੰਨ ਇੰਦਰੇ। ਮਹਾਰਾਜ ! ਉਹ ਤਿੰਨ ਇੰਦਰੇ ਕਿਹੜੇ ਹਨ ? ਕਹਿਣ ਲੱਗੇ, ਪਹਿਲੀ ਗੱਲ ਹੈ ਤੇਰੇ ਨੇਤਰ। ਜਿਹੜੀਆਂ ਅੱਖਾਂ ਹਨ ਜੇ ਇਹ ਸਾਧੂ ਦੇ ਦਰਸ਼ਨ ਨਹੀਂ ਕਰਨਗੀਆਂ, ਗੁਰਮਤਿ ਪਿਆਰਿਆਂ ਦੇ ਦਰਸ਼ਨ ਨਹੀਂ ਕਰਨਗੀਆਂ। ਜੇ ਇਹ ਅੱਖਾਂ ਗੁਰੂ ਜੀ ਦੀ ਬਾਣੀ ਦੇ ਦੀਦਾਰ ਨਹੀਂ ਪਾਉਣਗੀਆਂ ਤਾਂ ਸੱਚ ਜਾਣੀ, ਜੇ ਤੂੰ ਪੰਜ-ਦੱਸ ਦਿਨ,

ਮਹੀਨਾ ਸਤਿਸੰਗੀਆਂ ਦੇ ਦੀਦਾਰ ਤੋਂ ਵਾਂਝਾ ਰਹਿ ਗਿਆ ਤਾਂ ਕੁਦਰਤੀ ਤੌਰ 'ਤੇ ਤੇਰੀਆਂ ਅੱਖਾਂ ਨੇ ਤੇਰੇ ਅੰਦਰ ਦੇ ਰੱਸ ਨੂੰ ਸੁਕਾਉਣਾ ਸ਼ੁਰੂ ਕਰ ਦੇਣਾ ਹੈ, ਕਿਉਂਕਿ ਜੋ ਕੁਝ ਅਸੀਂ ਦੇਖਦੇ ਹਾਂ, ਸਾਨੂੰ ਚਾਉ ਮਿਲਦਾ ਹੈ। ਜੋ ਕੁਝ ਅਸੀਂ ਦੇਖਾਂਗੇ, ਉਹ ਸਾਡੇ 'ਤੇ ਪ੍ਰਭਾਵ ਪਾਵੇਗਾ। ਜੋ ਕੁਝ ਅਸੀਂ ਸਪਰਸ਼ ਕਰਾਂਗੇ, ਉਹ ਵੀ ਮਨ ਉੱਤੇ ਪ੍ਰਭਾਵ ਪਾਵੇਗਾ। ਲੱਕੜ ਨੂੰ ਹੱਥ ਨਾਲ ਫੜੀਏ ਤਾਂ ਮਨ 'ਤੇ ਪ੍ਰਭਾਵ ਕਠੋਰਤਾ ਜਿਹਾ ਹੈ। ਲੋਹੇ ਨੂੰ ਹੱਥ ਨਾਲ ਫੜੀਏ ਤਾਂ ਉਸ ਦਾ ਅਸਰ ਹੋਰ ਹੈ। ਯਾਦ ਰੱਖੋ, ਗਰਮ ਚੀਜ਼ ਨੂੰ ਹੱਥ ਦੀ ਤਲੀ 'ਤੇ ਰੱਖੀਏ ਤਾਂ ਅਸਰ ਹੋਰ ਹੈ। ਠੰਡੀ ਬਰਫ਼ ਨੂੰ ਹੱਥ 'ਤੇ ਪਕੜੀਏ ਤਾਂ ਮਨ ਉੱਤੇ ਹੋਰ ਅਸਰ ਹੈ। ਗੁਰਮੁਖੋ ! ਯਾਦ ਰੱਖੋ, ਬੇਟੀ ਦੇ ਸਿਰ 'ਤੇ ਹੱਥ ਰੱਖਿਆਂ ਅਸਰ ਹੋਰ ਹੈ। ਜੀਵਨ ਸਾਥਣ ਦੇ ਤਨ ਨੂੰ ਸਪਰਸ਼ ਕੀਤਿਆਂ ਅਸਰ ਹੋਰ ਹੈ। ਭੀੜ ਵਿਚ ਲੰਘਦਿਆਂ ਹੋਇਆਂ ਕਿਸੇ ਦੇ ਬਦਨ ਨੂੰ ਬਦਨ ਸਪਰਸ਼ ਕਰਦਾ ਹੈ ਤਾਂ ਉਸ ਦਾ ਅਸਰ ਹੋਰ ਹੈ। ਸੱਚ ਜਾਣੀ, ਜੋ ਕੁਝ ਤੂੰ ਦੇਖਦਾ ਹੈਂ, ਜੋ ਕੁਝ ਤੂੰ ਸਪਰਸ਼ ਕਰਦਾ ਹੈਂ, ਵੱਖ-ਵੱਖ ਤਰੀਕਿਆਂ ਨਾਲ ਤੇਰੇ ਮਨ ਉੱਤੇ ਅਸਰ ਪਾਉਂਦਾ ਹੈ।

ਗੁਰੂ ਜੀ ਫ਼ੁਰਮਾਉਂਦੇ ਹਨ ਕਿ ਪਹਿਲੀ ਗੱਲ ਅੰਦਰ ਦਾ ਰੱਸ ਤਾਂ ਸੁੱਕਦਾ ਹੈ, ਜਦੋਂ ਅੱਖਾਂ ਗੁਰੂ ਦਾ ਦੀਦਾਰ ਨਹੀਂ ਕਰਦੀਆਂ। ਸਹਿਜ ਪਾਠ ਛੁੱਟ ਜਾਏ, ਨਿਤਨੇਮ ਦੀ ਬਾਣੀ ਛੁਟ ਜਾਏ, ਰੰਗ-ਰਤੜਿਆਂ ਦੀ ਸੰਗਤ ਛੁਟ ਜਾਏ। ਗੁਰੂ ਜੀ ਦੇ ਸ਼ਬਦ ਹਨ –

ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ॥

ਇਹਨਾਂ ਅੱਖਾਂ ਦਾ ਬੜਾ ਮੰਦਾ ਹਾਲ ਹੋ ਗਿਆ।

ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ॥
ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥
ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ॥

(ਅੰਗ ੧੩੬੨)

ਜੇ ਜ਼ਬਾਨ ਰਾਹੀਂ ਚੱਖਿਆ ਹੋਇਆ ਭੋਜਨ ਸਾਡੇ ਉੱਪਰ ਆਪਣਾ ਪੂਰਾ ਪ੍ਰਭਾਵ ਪਾਉਂਦਾ ਹੈ ਤਾਂ ਰਸਨਾ ਨਾਲ ਕੀਤਾ ਹੋਇਆ ਭਜਨ ਇਹ ਵੀ ਸਰੀਰ ਉੱਪਰ ਪੂਰਾ ਪ੍ਰਭਾਵ ਪਾਵੇਗਾ। ਜਦੋਂ ਅਸੀਂ ਸ਼ਬਦ ਨਾਲ ਆਪਣੇ ਆਪ ਨੂੰ ਜੋੜਨ ਲੱਗਦੇ ਹਾਂ ਤਾਂ ਮੇਰਾ ਖ਼ਿਆਲ ਹੈ, ਸਾਨੂੰ ਗੁਰਮਤਿ ਦੇ ਪ੍ਰਮਾਰਥ ਦੇ ਮਾਰਗ 'ਤੇ ਉਤਾਵਲਾ ਨਹੀਂ ਹੋਣਾ ਚਾਹੀਦਾ ਤੇ ਬੇਧੀਰਜੇ ਨਹੀਂ ਹੋਣਾ ਚਾਹੀਦਾ। ਜੇ ਅਸੀਂ ਬੇਧੀਰਜੇ ਹੋ ਕੇ, ਉਤਾਵਲੇ ਹੋ ਕੇ, ਅੰਦਰੋਂ ਹੋਛੇ ਹੋ ਕੇ ਤੁਰਾਂਗੇ ਤਾਂ ਪਿਆਰਿਓ ! ਅੰਦਰ ਦਾ ਰੱਸ ਨਹੀਂ ਬਣੇਗਾ। ਧੀਰਜ ਦਾ ਅਰਥ ਆਲਸ-ਪੁਣਾ ਨਾ ਸਮਝਣਾ। ਧੀਰਜ ਦਾ ਅਰਥ ਹੈ ਤੂੰ ਕੰਮ ਕਰ, ਤੂੰ ਸਾਧਨਾ ਕਰ। ਇਹ ਜਿਹੜਾ ਤੈਨੂੰ ਫਲ ਮਿਲਣਾ ਹੈ, ਦਰਸ਼ਨ ਹੋਣੇ ਹਨ, ਝੱਲਕਾਂ ਮਿਲਣੀਆਂ ਹਨ, ਇਹ ਪਿਆਰੇ ਦੇ ਹੱਥ ਵਿਚ ਹੈ। ਤੇਰਾ ਕੰਮ ਹੈ ਸਿਰਫ਼ ਹੁਕਮ ਨੂੰ ਸਤਿ ਬਚਨ ਕਰਕੇ ਮੰਨਣਾ।

ਮਾਲੀ ਬਾਗ਼ ਦੀ ਸੰਭਾਲ ਕਰਦਾ ਹੈ। ਕਈ ਤਰ੍ਹਾਂ ਦੇ ਬੂਟੇ ਬਾਗ਼ ਵਿਚ ਹਨ। ਅਸੀਂ

ਦੇਖਦੇ ਹਾਂ ਕਿ ਉਹ ਸਿਰਫ਼ ਬੂਟਿਆਂ ਨੂੰ ਗੋਡੀ ਕਰਦਾ ਹੈ। ਬੂਟਿਆਂ ਨੂੰ ਪਾਣੀ ਲਾਉਂਦਾ ਹੈ। ਬਾਗ਼ ਦੇ ਚਾਰ ਚੁਫੇਰੇ ਉਹ ਕੰਡਿਆਂ ਦੀ ਵਾੜ ਕਰਦਾ ਹੈ। ਉਹ ਸੰਭਾਲ ਕਰਦਾ ਹੈ ਤਾਂਕਿ ਬਾਹਰ ਦੇ ਪਸ਼ੂ ਇਸ ਬਾਗ਼ ਵਿਚ ਨਾ ਆ ਜਾਣ। ਇਹ ਮਾਲੀ ਦਾ ਕਰਮ ਹੈ, ਉਸ ਦਾ ਫਰਜ਼ ਹੈ, ਪਰ ਮਾਲੀ ਕਦੀ ਇਹ ਕਹਿੰਦਾ ਨਹੀਂ ਸੁਣੋਗੇ ਕਿ ਅੱਜ ਮੈਂ ਆਪਣੇ ਬਾਗ਼ ਵਿਚ ਚੱਲਿਆ ਹਾਂ। ਅੰਬਾਂ ਦੀਆਂ ਸ਼ਾਖ਼ਾਵਾਂ ਨੂੰ ਅੰਬ ਲੱਗੇ ਹਨ, ਮੈਂ ਉਸ ਦੇ ਫਲਾਂ ਵਿਚ ਅੱਜ ਰੱਸ ਭਰਨ ਚੱਲਿਆ ਹਾਂ। ਕੋਈ ਵੀ ਰੁੱਖ ਹੈ, ਮਾਲੀ ਉਸ ਦੇ ਫਲਾਂ ਵਿਚ ਰੱਸ ਨਹੀਂ ਪਾਉਣ ਜਾਂਦਾ। ਉਹ ਰੱਸ ਕੌਣ ਭਰਦਾ ਹੈ ? ਚੰਦਰਮਾ ਦੀ ਚਾਨਣੀ, ਸੂਰਜ ਦੀਆਂ ਕਿਰਨਾਂ। ਮਾਲੀ ਦਾ ਕੰਮ ਹੈ ਪਾਣੀ ਲਾਉਣਾ, ਗੋਡੀ ਕਰਨੀ ਤੇ ਰੁੱਖ ਦੀ ਸੰਭਾਲ ਕਰਨੀ। ਰੱਸ ਪਾਉਣਾ ਸੂਰਜ ਤੇ ਚੰਦਰਮਾ ਦਾ ਕੰਮ ਹੈ। ਗੁਰਸਿੱਖਾ ! ਤੇਰਾ ਕੰਮ ਹੈ ਜੋ ਗੁਰੂ ਨੇ ਕਿਹਾ ਹੈ, ਰਸਨਾ ਨਾਲ ਜਪ, ਕੰਨਾਂ ਨਾਲ ਸੁਣ। ਤੂੰ ਆਪਣੀ ਸਾਧਨਾ ਕਰੀ ਜਾ, ਰੱਸ ਭਰਨਾ ਉਸ ਪਿਆਰੇ ਦਾ ਕੰਮ ਹੈ। ਜਦੋਂ ਵਕਤ ਆਇਆ, ਰੱਸ ਆਪਣੇ ਆਪ ਹੀ ਭਰ ਜਾਏਗਾ। ਮਾਲੀ ਸਿਰਫ਼ ਆਪਣਾ ਕਰਮ ਕਰਦਾ ਹੈ। ਅੱਜ ਹਜ਼ੂਰ ਨੇ ਕਿਹਾ ਹੈ ਕਿ ਰਸਨਾ ਤੋਂ ਜਪ ਤੇ ਕੰਨਾਂ ਤੋਂ ਸੁਣ।

ਗੁਰੂ ਤੇਗ਼ ਬਹਾਦਰ ਜੀ ਨੇ ਪ੍ਰਮਾਤਮਾ ਦੀ ਪ੍ਰੀਤ ਲਈ ਪਹਿਲਾਂ ਦੋ ਇੰਦਰੇ ਵਰਤੇ।

ਰੇ ਮਨ ਰਾਮ ਸਿਉ ਕਰਿ ਪ੍ਰੀਤਿ॥

ਪ੍ਰਮਾਤਮਾ ਨੂੰ ਪਿਆਰ ਕਰ। ਮਹਾਰਾਜ ਕਿਵੇਂ ?

ਸ੍ਰਵਨ ਗੋਬਿੰਦ ਗੁਨੁ ਸੁਨਉ

ਕੰਨਾਂ ਨਾਲ ਗੋਬਿੰਦ ਦੇ ਗੁਣ ਸੁਣ।

ਅਰੁ ਗਾਉ ਰਸਨਾ ਗੀਤਿ॥ ੧ ॥ ਰਹਾਉ॥

(ਅੰਗ ੬੩੧)

ਆਪਣੀ ਜ਼ਬਾਨ ਨਾਲ ਉਸ ਪ੍ਰਮਾਤਮਾ ਦੇ ਗੀਤ ਨੂੰ, ਪ੍ਰਭੂ ਦੇ ਸ਼ਬਦ ਨੂੰ ਗਾ। ਹੁਣ ਰਸਨਾ ਨਾਲ ਜੋ ਗਾਉਂਦੇ ਹਾਂ, ਉਹ ਧੁਰ ਅੰਦਰ ਜਾਏਗਾ। ਅੱਜ ਜਦੋਂ ਕੋਈ ਨਾਮ ਜਪਦਾ ਹੈ, ਸਿਮਰਨ ਕਰਦਾ ਹੈ ਤਾਂ ਕਈ ਵਾਰੀ ਅਸੀਂ ਬਿਨਾਂ ਮਤਲਬ ਤੋਂ ਨਿੰਦਿਆ ਕਰਨ ਵਾਲੇ ਪਾਸੇ ਤੁਰ ਪੈਂਦੇ ਹਾਂ ਕਿ ਦੇਖੋ ਜੀ, ਇਹ ਤਾਂ ਉੱਚੀ-ਉੱਚੀ ਬੋਲਦੇ ਪਏ ਹਨ। ਮੈਂ ਕਹਿੰਦਾ ਹਾਂ ਕਿ ਭਲੇ ਬੰਦਿਆ, ਤੈਨੂੰ ਕਿਸ ਨੇ ਜੱਜ ਬਣਾ ਦਿੱਤਾ ? ਤੂੰ ਥੱਲੇ ਬੈਠਾ ਜੇ ਨਹੀਂ ਜਪ ਸਕਦਾ, ਜੇ ਤੇਰੇ ਕੰਨਾਂ ਨੂੰ ਚੰਗਾ ਨਹੀਂ ਲੱਗਦਾ ਤਾਂ ਸੱਚ ਜਾਣ ਇਹ ਤੇਰੀ ਬਦ-ਕਿਸਮਤੀ ਹੋਵੇਗੀ, ਪਰ ਜਪਣ ਵਾਲੇ ਲਈ ਇਹ ਸ਼ਬਦ ਨਾ ਕਹਿ। ਗੁਰਮਤਿ ਹੈ ਹੀ ਕੇਵਲ ਕਰਨੀ ਪ੍ਰਧਾਨ, ਗੁਰਮਤਿ ਵਿਚ ਕਥਨੀ ਨੂੰ ਇੰਨੀ ਥਾਂ ਨਹੀਂ। ਜਿੱਥੇ ਕਥਨੀ ਦੀ ਗੱਲ ਆਈ, ਉਥੇ ਕਮਾਈ ਵਾਲੇ ਮਹਾਂਪੁਰਸ਼ ਚੁੱਪ ਕਰ ਗਏ। ਉਹਨਾਂ ਇਥੋਂ ਤੱਕ ਕਹਿ ਦਿੱਤਾ ਕਿ ਜੇ ਉਸ ਬਾਰੇ ਕੁਝ ਪ੍ਰਸ਼ਨ ਪੁੱਛਣਾ ਚਾਹੁੰਦਾ ਹੈਂ ਤਾਂ ਮੈਂ ਮਾਣਿਆ ਜ਼ਰੂਰ ਹੈ, ਪਰ ਮੈਂ ਤੈਨੂੰ ਦੱਸਣਾ ਨਹੀਂ। ਕਿਉਂ ਨਹੀਂ ਤੁਸੀਂ ਦੱਸਣਾ ? ਕਹਿਣ ਲੱਗੇ ਕਿ ਉਹ ਦੱਸਿਆ ਜਾਂਦਾ ਹੀ ਨਹੀਂ, ਉਥੇ ਪਹੁੰਚ ਕੇ

ਕੇਵਲ ਸੁਆਦ ਹੀ ਚੱਖਿਆ ਜਾਂਦਾ ਹੈ। ਕਬੀਰ ਸਾਹਿਬ ਜੀ ਦੇ ਸਲੋਕ ਹਨ। ਉਹਨਾਂ ਦਾ ਬਚਨ ਆਉਂਦਾ ਹੈ–

ਕਬੀਰ ਸੁਰਗ ਨਰਕ ਤੇ ਮੈ ਰਹਿਓ

ਸੁਰਗ ਦਾ ਲਾਲਚ ਤੇ ਨਰਕ ਦਾ ਡਰ ਮੈਂ ਇਸ ਤੋਂ ਬੱਚ ਗਿਆ ਹਾਂ।

ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥

(ਅੰਗ ੧੩੭੦)

ਹੁਣ ਜਿਹੜਾ ਮੌਜ ਸ਼ਬਦ ਹੈ, ਇਹ ਮੌਜ ਬਾਹਰ ਵਾਲੀਆਂ ਮੌਜਾਂ ਨਹੀਂ ਕਿ ਖਾ ਲਿਆ, ਪੀ ਲਿਆ, ਹੱਸ ਲਿਆ, ਨੱਚ ਲਿਆ। ਉਹ ਮੌਜ ਅੰਦਰ ਦੀ ਹੈ। ਉਸ ਮੌਜ ਨੂੰ ਭਗਤ ਰਵਿਦਾਸ ਨੇ ਕਿਹਾ ਹੈ–

ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥

(ਅੰਗ ੩੪੫)

ਆਪਣੀ ਮੌਜ ਵਿਚ ਤੁਰੇ ਫਿਰਦੇ ਹਨ। ਉਸ ਮੌਜ ਵਿਚ ਕਬੀਰ ਸਾਹਿਬ ਨੇ ਕਿਹਾ ਹੈ ਕਿ ਚਰਨ ਕਮਲ ਦੀ ਮੌਜ ਵਿਚ ਮੈਂ ਰਹਿੰਦਾ ਹਾਂ।

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥

ਫਿਰ ਪੁੱਛਿਆ ਜਿਹੜੀ ਮੌਜ ਤੁਸੀਂ ਮਾਣਦੇ ਹੋ, ਸਾਨੂੰ ਵੀ ਦੱਸੋ ? ਅਗਲਾ ਬਚਨ ਹੈ, ਇਥੇ ਭਗਤ ਚੁੱਪ ਹਨ।

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥

(ਅੰਗ ੧੩੭੦)

ਮੈਂ ਕਹਿ ਕੇ ਤੈਨੂੰ ਬੋਲ ਕੇ ਕੀ ਦੱਸਾਂ, ਉਸਨੂੰ ਕੇਵਲ ਮਾਣ। ਪਹਿਲੀ ਬੇਨਤੀ ਹੈ ਕਿ ਭਾਈ ! ਰਸਨਾ ਨਾਲ ਅਸੀਂ ਜਪ ਕਰੀਏ ਤੇ ਜਿੰਨਾ ਕੋਈ ਜਪ ਕਰੇਗਾ, ਸ਼ਬਦ ਉਸ ਦੇ ਤਨ ਦੇ ਉੱਪਰ ਅਸਰ ਕਰਨ ਲੱਗ ਪਵੇਗਾ। ਕਈ ਵਾਰੀ ਤੁਸੀਂ ਮਹਿਸੂਸ ਕਰੋਗੇ ਕਿ ਸ਼ਬਦ ਜਪਦਿਆਂ-ਜਪਦਿਆਂ ਅੰਦਰ ਝਰਨਾਹਟ ਉੱਠੇਗੀ, ਸ਼ਬਦ ਜਪਦਿਆਂ-ਜਪਦਿਆਂ ਇਕੋ ਦਮ ਕੰਬਣੀ ਆਵੇਗੀ, ਪਰ ਉਹ ਕੰਬਣੀ ਭਾਰ ਨੂੰ, ਬੋਝ ਨੂੰ ਜਨਮ ਨਹੀਂ ਦੇਵੇਗੀ। ਮੈਂ ਗੁਰੂ 'ਤੇ ਭਰੋਸਾ ਕਰਕੇ ਕਹਿੰਦਾ ਹਾਂ ਕਿ ਸਿਰ ਦੁੱਖਦਾ ਹੋਵੇ ਤਾਂ ਬੰਦਾ ਧਿਆਨ ਟਿਕਾਅ ਕੇ ਪੰਜ

ਮਿੰਟ ਸਿਮਰਨ ਸ਼ੁਰੂ ਕਰ ਦੇਵੇ ਤਾਂ ਖਿਮਾ ਕਰਿਉ, ਪੰਜਾਂ ਮਿੰਟਾਂ ਤੋਂ ਬਾਅਦ ਉਸ ਦੇ ਤਨ ਦਾ ਦੁੱਖ ਵੀ ਦੂਰ ਹੋ ਜਾਂਦਾ ਹੈ, ਪਰ ਧਿਆਨ ਹੋਵੇ ਸਹੀ। ਹਜ਼ੂਰ ਨੇ ਕਿਹਾ ਕਿ ਤੂੰ ਰਸਨਾ ਨਾਲ ਉਸ ਨੂੰ ਜਪ।

ਧੰਨ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਨੇ ਬਚਨ ਕੀਤਾ ਹੈ ਕਿ ਜਿਹੜੀ ਰਸਨਾ ਪਰੀਪੂਰਨ ਪ੍ਰਮਾਤਮਾ ਦੇ ਨਾਮ ਨੂੰ ਉਚਾਰਦੀ ਹੈ ਤੇ ਜਿਹੜੇ ਕੰਨ ਪ੍ਰਮਾਤਮਾ ਦੇ ਅੰਮ੍ਰਿਤ ਸ਼ਬਦ ਨੂੰ ਸੁਣਦੇ ਹਨ ਤਾਂ ਭਾਈ ! ਜਿਸ ਮਨੁੱਖ ਦਾ ਧਿਆਨ ਪਰੀਪੂਰਨ ਪ੍ਰਮਾਤਮਾ ਵਿਚ ਟਿੱਕਿਆ ਹੈ, ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਮੈਂ ਉਸ ਗੁਰਮੁਖ ਤੋਂ ਕੁਰਬਾਨ ਜਾਂਦਾ ਹਾਂ, ਉਸ ਤੋਂ ਵਾਰਨੇ ਜਾਂਦਾ ਹਾਂ।

ਹਭਿ ਕੂੜਾਵੇ ਕੰਮ ਇਕਸੁ ਸਾਈ ਬਾਹਰੇ॥

ਹਭਿ ਦਾ ਅਰਥ ਹੈ ਸਾਰੇ। ਕਹਿੰਦੇ ਹਨ, ਇਸ ਪ੍ਰਮਾਤਮਾ ਦੇ ਪਿਆਰ ਤੋਂ ਬਿਨਾਂ ਜਿੰਨੇ ਵੀ ਬਾਕੀ ਕੰਮ ਹਨ, ਪਿਆਰਿਉ ! ਸਾਰੇ ਕੰਮ ਕੂੜੇ ਹਨ। ਉਹ ਕਿਸੇ ਅਰਥ ਨਹੀਂ। ਕੰਮ ਉਹੀ ਸਫਲ ਹੈ, ਜਿਸ ਦੇ ਵਿਚ ਪ੍ਰਮਾਤਮਾ ਦੀ ਯਾਦ ਆਵੇ। ਤਾਂ ਹੀ ਗੁਰੂ ਜੀ ਨੇ ਕਿਹਾ-

ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥

(ਅੰਗ ੩੭੮)

ਉਸ ਪ੍ਰਮਾਤਮਾ ਤੋਂ ਬਿਨਾਂ ਜਿਹੜੇ ਕੰਮ ਹਨ, ਉਹ ਵਿਅਰਥ ਹਨ। ਨਾਮ ਹੀ ਅਸਲ ਵਿਚ ਕੰਮ ਹੈ। ਫਿਰ ਆਪਾਂ ਕਹਾਂਗੇ ਕਿ ਦੁਨੀਆਂ ਦੇ ਕੰਮ ਨਾ ਕਰੀਏ ? ਇਸ ਦਾ ਮਤਲਬ ਹੈ, ਵਿਹਲੇ ਬੈਠੇ ਰਹੀਏ ? ਗੁਰੂ ਜੀ ਨੇ ਕਿਹਾ ਨਹੀਂ, ਉਸ ਕੰਮ ਨੂੰ ਕਰ, ਪਰ ਅੰਦਰ ਵਾਲਾ ਚਿੱਤ ਆਪਣੇ ਸਾਈਂ ਨਾਲ ਜੋੜ ਕੇ ਰੱਖ।

ਨਾਨਕ ਸੇਈ ਧੰਨੁ ਜਿਨਾ ਪਿਰਹੜੀ ਸਚ ਸਿਉ॥੨॥

ਭਾਈ, ਉਹ ਧੰਨਤਾ ਯੋਗ ਹਨ, ਜਿਨ੍ਹਾਂ ਦਾ ਪਿਆਰ ਸੱਚ ਨਾਲ ਪੈ ਗਿਆ। ਜਿਹੜੇ ਸੱਚੇ ਨਾਮ ਨਾਲ ਜੁੜ ਗਏ। ਉਹ ਸਤਿਕਾਰ ਯੋਗ ਹਨ, ਜਿਨ੍ਹਾਂ ਦੇ ਅੰਦਰ ਸੱਚੇ ਨਾਮ ਦਾ ਨਿਵਾਸ ਹੋ ਗਿਆ। ਅੱਗੇ ਸਤਿਗੁਰੂ ਨੇ ਜੋ ਪਹਿਲੇ ਸਲੋਕ ਵਿਚ ਕਿਹਾ ਹੈ, ਉਸ ਦੀ ਵਿਆਖਿਆ ਕੀਤੀ ਹੈ।

ਪਉੜੀ॥ ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ॥

ਸਦੀਵ ਕਾਲ ਲਈ ਮੈਂ ਕੁਰਬਾਨ ਹਾਂ ਉਹਨਾਂ ਤੋਂ, ਜਿਹੜੇ ਪ੍ਰਮਾਤਮਾ ਦੀਆਂ ਕਥਾ ਕਹਾਣੀਆਂ ਨੂੰ ਸੁਣਦੇ ਹਨ।

ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭਿ ਮਥਾ॥

ਕਹਿੰਦੇ ਹਨ, ਉਹ ਪੂਰੇ ਹਨ, ਉਹ ਸਭ ਦੇ ਆਗੂ ਹਨ, ਜਿਹੜੇ ਆਪਣੇ ਮੱਥੇ ਨੂੰ ਗੁਰੂ ਦੇ ਚਰਨਾਂ ਵਿਚ ਟੇਕ ਦਿੰਦੇ ਹਨ। ਮੱਥਾ ਟੇਕਣਾ ਕਰਮ-ਕਾਂਡ ਨਹੀਂ। ਗੁਰੂ ਰਾਮਦਾਸ ਜੀ ਨੇ ਕਿਹਾ ਹੈ ਕਿ ਸਿੱਖ ਲਈ ਸਭ ਤੋਂ ਵੱਡੇ ਦੋ ਪੁੰਨ ਇਹ ਹਨ ਕਿ ਇਕ ਇਸ ਨੂੰ ਹੱਥ ਜੋੜਨ ਦੀ ਜਾਚ ਆ ਜਾਏ ਤੇ ਦੂਜਾ ਪੁੰਨ ਇਹ ਹੈ ਕਿ ਇਸ ਨੂੰ ਮੱਥਾ ਟੇਕਣ ਦੀ ਜਾਚ ਆ ਜਾਏ। ਉਹ ਪੂਰੇ ਨੇ ਜਿਹੜੇ ਪ੍ਰਮਾਤਮਾ ਨੂੰ ਮੱਥਾ ਟੇਕਦੇ ਹਨ।

ਹਰਿ ਜਸੁ ਲਿਖਹਿ ਬੇਅੰਤੁ ਸੋਹਹਿ ਸੇ ਹਥਾ॥

ਉਹ ਹੱਥ ਸੋਹਣੇ ਹਨ, ਜਿਹੜੇ ਉਸ ਬੇਅੰਤ ਹਰੀ ਦੇ ਜੱਸ ਨੂੰ ਲਿਖਦੇ ਹਨ।

ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ॥

ਉਹ ਚਰਨ ਪੁਨੀਤ ਹਨ, ਪਵਿੱਤਰ ਹਨ, ਜਿਹੜੇ ਪ੍ਰਮਾਤਮਾ ਦੇ ਮਾਰਗ 'ਤੇ ਚੱਲਦੇ ਹਨ।

ਸੰਤਾਂ ਸੰਗਿ ਉਧਾਰੁ ਸਗਲਾ ਦੁਖੁ ਲਥਾ॥

ਜਿਹੜੇ ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਕਰਦੇ ਹਨ, ਉਹਨਾਂ ਦਾ ਉਧਾਰ ਹੋ ਜਾਂਦਾ ਹੈ। ਉਹਨਾਂ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਸਤਿਗੁਰੂ ਮੇਹਰ ਕਰਨ, ਸਾਨੂੰ ਵੀ ਸੰਤਾਂ ਦੀ ਸੰਗਤ ਮਿਲੇ ਤੇ ਸਾਡਾ ਵੀ ਉਧਾਰ ਹੋ ਜਾਏ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸਾਸਿ ਸਾਸਿ ਸੰਮਾਲਤਾ

ਧਨਾਸਰੀ ਮਹਲਾ ੫ ॥

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥
ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥ ੧ ॥
ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥
ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥ ਰਹਾਉ॥
ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥
ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ੨ ॥
ਅਛਲ ਅਛੇਦ ਅਪਾਰ ਪ੍ਰਭ ਊਚਾ ਜਾ ਕਾ ਰੂਪੁ॥
ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ॥ ੩ ॥
ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ॥
ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ॥ ੪ ॥

(ਅੰਗ ੬੭੭)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਅੱਜ ਦਾ ਹੁਕਮਨਾਮਾ ਪੰਚਮ ਗੁਰਦੇਵ ਗੁਰੂ ਅਰਜਨ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਹੈ। ਅੱਜ ਦੇ ਇਸ ਪਾਵਨ ਪਵਿੱਤਰ ਹੁਕਮ ਦੀ ਵੀਚਾਰ ਸਤਿਗੁਰੂ ਜੀ ਦੀ ਮੇਹਰ ਦੁਆਰਾ ਅਸੀਂ ਕਰਨੀ ਹੈ।

ਧਨਾਸਰੀ ਮਹਲਾ ੫ ॥

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥

ਸਤਿਗੁਰੂ ਗੁਰੂ ਪੰਚਮ ਪਾਤਿਸ਼ਾਹ ਮਹਾਰਾਜ ਨੇ ਇਸ ਵਿਚ ਬਖ਼ਸ਼ਿਸ਼ ਕੀਤੀ ਹੈ। ਹਜ਼ੂਰ ਆਪਣੇ ਅੰਦਰ ਦੀ ਅਵਸਥਾ ਨੂੰ ਬਿਆਨ ਕਰਦੇ ਹੋਏ ਫ਼ੁਰਮਾਉਂਦੇ ਹਨ ਕਿ ਜਿਸ ਪਾਸੇ ਵੀ

ਅਸੀਂ ਦੇਖਦੇ ਹਾਂ, ਉਹ ਪਰੀਪੂਰਨ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਤੇ ਉਹ ਕਿਸੇ ਤੋਂ ਦੂਰ ਨਹੀਂ।

ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥ ੧॥

ਧੰਨ ਗੁਰੂ ਪੰਚਮ ਪਾਤਿਸ਼ਾਹ ਦੂਜੀ ਤੁਕ ਵਿਚ ਮਨ ਨੂੰ ਮੁਖ਼ਾਤਬ ਕਰਕੇ ਕਹਿ ਰਹੇ ਹਨ ਕਿ ਹੇ ਮਨ ! ਜਿਹੜਾ ਪ੍ਰਮਾਤਮਾ ਸਾਰੀਆਂ ਥਾਵਾਂ 'ਤੇ ਰਮਿਆ ਹੈ, ਉਸ ਪ੍ਰਮਾਤਮਾ ਦੇ ਨਾਮ ਨੂੰ ਧਿਆ, ਉਸਨੂੰ ਜਪ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਇਕ ਗੱਲ ਬੜੀ ਸਪੱਸ਼ਟ ਸੰਸਾਰ ਦੇ ਸਾਹਮਣੇ ਰੱਖੀ ਹੈ ਕਿ ਜਿਹੋ ਜਿਹਾ ਮਨੁੱਖ ਦਾ ਆਪਣਾ ਅੰਦਰ ਹੁੰਦਾ ਹੈ, ਉਹੋ ਜਿਹੀ ਮਨੁੱਖ ਦੇ ਦੇਖਣ ਦੀ ਬਿਰਤੀ ਅਤੇ ਸੋਚਣ ਦੀ ਬਿਰਤੀ ਹੁੰਦੀ ਹੈ, ਕਿਉਂਕਿ -

ਜੋ ਜੀਇ ਹੋਇ ਸੁ ਉਗਵੈ

(ਅੰਗ ੪੭੪)

ਜੋ ਕੁਝ ਸਾਡੇ ਅੰਦਰ ਹੈ, ਉਹੀ ਕੁਝ ਸਾਡੀ ਜ਼ਬਾਨ ਤੋਂ, ਸਾਡੀਆਂ ਅੱਖਾਂ ਤੋਂ ਪ੍ਰਗਟ ਹੋਵੇਗਾ। ਮਨ ਵਿਚ ਆਇਆ ਕਿ ਅੱਖਾਂ ਤਾਂ ਪ੍ਰਮਾਤਮਾ ਨੇ ਹਰ ਇਕ ਨੂੰ ਦਿੱਤੀਆਂ ਹਨ, ਪਰ ਉਸਨੂੰ ਹਰ ਥਾਂ 'ਤੇ ਦੇਖਣ ਵਾਲੀ ਅੰਦਰ ਦੀ ਬਿਰਤੀ ਟਾਂਵੇਂ-ਟਾਂਵੇਂ ਕਰੋੜਾਂ ਵਿਚੋਂ ਕਿਸੇ ਇਕ ਅੱਧ ਨੂੰ ਹੈ। ਇਸ ਦਾ ਕਾਰਨ ਕੀ ਹੈ ? ਗੁਰੂ ਗ੍ਰੰਥ ਸਾਹਿਬ ਜੀ ਨੇ ਫ਼ੈਸਲਾ ਕੀਤਾ ਹੈ ਕਿ ਜੋ ਕੁਝ ਇਨਸਾਨ ਦੇ ਆਪਣੇ ਅੰਦਰ ਹੈ, ਉਹੀ ਕੁਝ ਅੱਖਾਂ ਤੋਂ ਦਿੱਸਦਾ ਹੈ। ਅਜਿਹਾ ਕਹਿ ਲਈਏ ਕਿ ਜੈਸੀ ਬਿਰਤੀ ਤੈਸੀ ਸ੍ਰਿਸ਼ਟੀ। ਇਕ ਇਨਸਾਨ ਅੰਦਰੋਂ ਦੁਖੀ ਹੈ, ਆਪਣੇ ਅੰਦਰੋਂ ਖਿੱਝਿਆ ਹੈ ਤਾਂ ਉਹ ਜਿਥੇ ਵੀ ਜਾਏਗਾ, ਉਸ ਨੂੰ ਉਥੇ ਸੁੱਖ ਪ੍ਰਤੀਤ ਨਹੀਂ ਹੋਵੇਗਾ। ਉਹ ਜਿੱਥੇ ਵੀ ਪਹੁੰਚੇਗਾ, ਉਸ ਦਾ ਅੰਦਰ ਖਿੱਝਿਆ ਹੋਇਆ ਹੀ ਪ੍ਰਗਟ ਹੋਵੇਗਾ। ਲੋਕਾਂ ਨਾਲ ਉਹ ਖਿੱਝ ਕੇ ਗੱਲ ਕਰੇਗਾ ਤੇ ਜਿਸ ਦੇ ਅੰਦਰ ਖੇੜਾ ਹੈ, ਸੁੱਖ ਹੈ, ਉਹ ਕਿਤੇ ਵੀ ਚਲਾ ਜਾਏਗਾ ਤਾਂ ਉਸ ਦੇ ਅੰਦਰ ਦਾ ਖੇੜਾ ਹਰ ਇਕ ਥਾਂ 'ਤੇ ਪ੍ਰਗਟ ਹੋਵੇਗਾ। ਬਾਬਾ ਜੀ ਨੇ ਬਾਣੀ ਵਿਚ ਫ਼ੁਰਮਾਇਆ ਹੈ ਕਿ

ਸੁਖੀਏ ਕਉ ਪੇਖੈ ਸਭ ਸੁਖੀਆ

ਜੋ ਸੁੱਖੀ ਹੈ, ਉਸ ਨੂੰ ਹਰ ਇਕ ਥਾਂ 'ਤੇ ਸੁੱਖ ਹੀ ਪ੍ਰਤੀਤ ਹੁੰਦਾ ਹੈ ਅਤੇ

ਰੋਗੀ ਕੈ ਭਾਣੈ ਸਭ ਰੋਗੀ॥

(ਅੰਗ ੬੧੦)

ਜਿਹੜਾ ਆਪ ਅੰਦਰੋਂ ਦੁੱਖੀ ਹੈ, ਰੋਗੀ ਹੈ, ਉਸ ਦੀ ਨਜ਼ਰ ਵਿਚ ਹਰ ਬੰਦਾ ਹੀ ਰੋਗੀ ਹੈ। ਇਹੀ ਕਾਰਨ ਹੈ ਕਿ ਮਹਾਂਪੁਰਖਾਂ ਨੇ ਪਹਿਲਾਂ ਆਪਣੇ ਅੰਤਰ-ਆਤਮੇ ਉਸ ਪਿਆਰੇ ਦੀ ਝਲਕ ਪਾਈ ਤੇ ਜਿਹੜਾ ਆਪਣੇ ਅੰਦਰ ਦੇਖਿਆ ਤੇ ਜਦੋਂ ਅੱਖਾਂ ਖੋਲ੍ਹ ਕੇ ਬਾਹਰ ਦੇਖਿਆ

ਤਾਂ ਜੋ ਅੰਦਰ ਸੀ, ਬਾਹਰ ਵੀ ਉਹ ਸਾਰੀਆਂ ਥਾਵਾਂ 'ਤੇ ਨਜ਼ਰ ਆਉਣ ਲੱਗ ਪਿਆ। ਕਬੀਰ ਸਾਹਿਬ ਜੀ ਦੇ ਦੋ ਸਲੋਕ ਆਪ ਜੀ ਦੇ ਸਮਖਸ਼ ਰੱਖਾਂ, ਕਿਉਂਕਿ ਪਹਿਲਾਂ ਆਪਣੇ ਅੰਦਰ ਬੰਦਾ ਦੇਖੇ। ਜੇ ਮੈਨੂੰ ਆਪਣੇ ਅੰਦਰ ਕੂੜ ਨਜ਼ਰ ਆ ਰਿਹਾ ਹੈ ਤੇ ਆਪਣਾ ਅੰਦਰ ਟਿਕਾਅ ਵਿਚ ਨਹੀਂ ਤਾਂ ਮੈਂ ਬਾਹਰੋਂ ਸ਼ਬਦ ਵਰਤ ਕੇ ਕਹਾਂ ਕਿ ਨਹੀਂ ਜੀ ਹਰ ਥਾਂ 'ਤੇ ਪ੍ਰਮਾਤਮਾ ਹੀ ਪ੍ਰਮਾਤਮਾ ਹੈ। ਉਹ ਤਾਂ ਬਾਣੀ ਦੇ ਸ਼ਬਦ ਹਨ, ਜਿਨ੍ਹਾਂ ਨਹੀਂ ਦੇਖਿਆ, ਉਨ੍ਹਾਂ ਕਿਹਾ ਕਿ ਮੈਂ ਤਾਂ ਅਜੇ ਨਹੀਂ ਦੇਖਿਆ। ਪਹਿਲਾਂ ਮੈਨੂੰ ਆਪਣਾ ਆਪ ਪੜਚੋਲਣਾ ਪਵੇਗਾ।

ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥

(ਅੰਗ ੭੨੭)

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥

(ਅੰਗ ੪੪੧)

ਪਹਿਲਾਂ ਆਪਣੇ ਆਪ ਨੂੰ ਪੜਚੋਲ। ਕਬੀਰ ਸਾਹਿਬ ਦਾ ਅੰਮ੍ਰਿਤ ਬਚਨ ਹੈ ਕਿ ਉਹ ਜਦੋਂ ਵੀ ਬੈਠਦੇ ਹਨ, ਆਪਣੇ ਨੇਤਰ ਬੰਦ ਕਰ ਲੈਂਦੇ ਹਨ ਤੇ ਆਪਣੇ ਅੰਦਰ ਨੂੰ ਖੋਜਣਾ ਸ਼ੁਰੂ ਕਰ ਦਿੰਦੇ ਹਨ। ਉਸ ਪਿਆਰੇ ਦੀ ਝਲਕ ਪਈ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮੁਤਾਬਕ ਉਹਨਾਂ ਦੇ ਹਿਰਦੇ ਦੀ ਸੇਜ ਉੱਤੇ ਪਰੀਪੂਰਨ ਪ੍ਰਮਾਤਮਾ ਜੀ ਆਪ ਵਿਦਮਾਨ ਹੋ ਗਏ। ਕਿਸੇ ਨੇ ਪੁੱਛ ਲਿਆ ਕਿ ਜਦੋਂ ਵੀ ਤੱਕੀਦਾ ਹੈ, ਆਪ ਆਪਣੇ ਨੇਤਰ ਬੰਦ ਰੱਖਦੇ ਹੋ, ਕਦੀ ਅੱਖਾਂ ਖੋਲ੍ਹ ਕੇ ਉੱਪਰ ਨਹੀਂ ਦੇਖਦੇ। ਕਿਸੇ ਨਾਲ ਬੋਲਦੇ ਨਹੀਂ। ਤਾਂ ਉਹਨਾਂ ਨੇ ਸ਼ਬਦ ਕਿਹਾ ਸੀ ਕਿ ਮੈਂ ਆਪਣੀਆਂ ਅੱਖਾਂ ਇਸ ਕਰਕੇ ਨੀਵੀਆਂ ਕੀਤੀਆਂ ਹਨ, ਕਿਉਂਕਿ ਜਿਸ ਨੂੰ ਮੈਂ ਯਾਦ ਕਰਦਾ ਪਿਆ ਹਾਂ, ਪੁਕਾਰਦਾ ਪਿਆ ਹਾਂ, ਉਹ ਹਿਰਦੇ ਦੀ ਸੇਜ 'ਤੇ ਆ ਕੇ ਬਿਰਾਜਮਾਨ ਹੈ ਤੇ ਪਿਆਰੇ ਨੂੰ ਦੇਖਣ ਤੋਂ ਵਿਹਲ ਮਿਲੇ ਤਾਂ ਮੈਂ ਅੱਖਾਂ ਖੋਲ੍ਹ ਕੇ ਕਿਸੇ ਦੂਜੇ ਨੂੰ ਦੇਖਾਂ, ਕਿਉਂਕਿ ਮੈਂ ਦੂਜੇ ਨੂੰ ਦੇਖ ਨਹੀਂ ਸਕਦਾ ਤੇ ਆਪਣੇ ਪਿਆਰੇ ਦਾ ਦਰਸ਼ਨ ਮੈਂ ਛੱਡ ਨਹੀਂ ਸਕਦਾ। ਗੁਰੂ ਜੀ ਦੀ ਬਾਣੀ ਵਿਚ ਬਚਨ ਹੈ -

ਨੀਚੇ ਲੋਇਨ ਕਰਿ ਰਹਉ

ਮੈਂ ਆਪਣੀਆਂ ਅੱਖਾਂ ਨੀਵੀਆਂ ਕਰ ਲਈਆਂ, ਪਰ ਆਪਣੇ ਅੰਦਰੋਂ ਖੋਜਣ ਤੋਂ ਬਿਨਾਂ ਬਾਹਰ ਆਪਾਂ ਉਸਨੂੰ ਕਿਵੇਂ ਦੇਖ ਸਕਾਂਗੇ।

ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟਿ ਮਾਹਿ॥

ਸਭ ਰਸ ਖੇਲਉ ਪੀਅ ਸਉ

ਮੈਂ ਆਪਣੇ ਸਾਈਂ ਨਾਲ ਅੰਦਰ ਦਾ ਰੱਸ ਮਾਣਿਆ ਹੈ।

ਕਿਸੀ ਲਖਾਵਉ ਨਾਹਿ॥

(ਅੰਗ ੧੩੭੭)

ਅੱਖਾਂ ਇਸ ਕਰਕੇ ਬੰਦ ਕੀਤੀਆਂ ਹਨ ਕਿ ਉਸ ਰੱਸ ਨੂੰ, ਉਸ ਖੇਡ ਨੂੰ, ਉਸ ਪਿਆਰ ਨੂੰ ਕੋਈ ਹੋਰ ਦੇਖ ਨਾ ਸਕੇ। ਦੇਖੋ ਇਨਸਾਨ ਖੋਜਦਾ ਹੈ ਤੇ ਅੱਖਾਂ ਤੱਕਦੀਆਂ ਹਨ ਕੇਵਲ ਬਾਹਰ ਨੂੰ। ਬੰਦਾ ਖੋਜਦਾ ਹੈ ਦੂਜੇ ਦੇ ਔਗੁਣ। ਜੇ ਖੋਜੀ ਬਿਰਤੀ ਹੈ ਇਨਸਾਨ ਦੀ, ਅਨੰਤ ਕਾਲ ਤੋਂ ਬੰਦਾ ਕਿਸੇ ਨਾ ਕਿਸੇ ਖੋਜ ਵਿਚ ਤੁਰਿਆ ਹੈ ਤੇ ਹਰ ਰੋਜ਼ ਕੋਈ ਨਾ ਕੋਈ ਨਵੀਂ ਚੀਜ਼ ਇਹ ਸੰਸਾਰ ਦੇ ਸਾਹਮਣੇ ਪ੍ਰਗਟ ਕਰਦਾ ਹੈ।

ਕਦੀ ਵਕਤ ਸੀ ਕਿ ਮਨੁੱਖ ਪੈਦਲ ਸਫ਼ਰ ਕਰਦਾ ਸੀ ਤੇ ਕਈ-ਕਈ ਸਾਲ ਲੱਗ ਜਾਂਦੇ ਸਨ ਇਸ ਨੂੰ ਇਕ ਥਾਂ ਤੋਂ ਦੂਜੀ ਥਾਂ 'ਤੇ ਪਹੁੰਚਦਿਆਂ। ਪਰ ਇਸ ਨੇ ਖੋਜ ਕੀਤੀ ਕਿ ਜੋ ਸਾਲਾਂ ਦਾ ਸਫ਼ਰ ਸੀ, ਉਹ ਮਹੀਨਿਆਂ ਵਿਚ, ਦਿਨਾਂ ਵਿਚ ਤੇ ਦਿਨਾਂ ਤੋਂ ਬਾਅਦ ਅੱਜ ਉਹ ਘੰਟਿਆਂ ਵਿਚ ਸਿਮਟ ਕੇ ਰਹਿ ਗਿਆ। ਇਸ ਦਾ ਮਤਲਬ ਇਸ ਦੀ ਖੋਜੀ ਬਿਰਤੀ ਨੇ ਬਾਹਰ ਦੀ ਦੂਰੀ ਜਿਹੜੀ ਕਈ ਸਾਲਾਂ ਦੀ ਸੀ, ਉਸ ਨੂੰ ਘੰਟਿਆਂ ਤੱਕ ਤੇ ਘੰਟਿਆਂ ਦੀ ਦੂਰੀ ਨੂੰ ਮਿੰਟਾਂ ਦੇ ਵਿਚ ਸਿਮੇਟ ਲਿਆ। ਇਸ ਨੇ ਸਮੁੰਦਰ ਨੂੰ ਵੀ ਖੋਜਿਆ। ਉਸ ਦੇ ਵਿਚ ਟੁੱਬੀ ਮਾਰ ਕੇ ਇਸ ਨੇ ਬਹੁਤ ਕੁਝ ਖੋਜਣ ਦਾ ਯਤਨ ਕੀਤਾ। ਇਸ ਨੇ ਧਰਤੀ ਨੂੰ ਖੋਜਿਆ। ਧਰਤੀ ਵਿਚੋਂ ਇਸ ਨੇ ਤੇਲ ਪ੍ਰਾਪਤ ਕੀਤਾ। ਇਸ ਨੇ ਕੋਲਾ ਪ੍ਰਾਪਤ ਕੀਤਾ। ਪਹਾੜਾਂ ਨੂੰ ਖੋਜਿਆ ਤੇ ਇਸ ਨੇ ਕੀਮਤੀ ਧਾਤਾਂ ਪ੍ਰਾਪਤ ਕੀਤੀਆਂ ਤੇ ਆਕਾਸ਼ ਵੱਲ ਉਡਿਆ। ਇਸ ਨੇ ਚੰਦਰਮਾ ਨੂੰ ਖੋਜਣ ਦਾ ਯਤਨ ਕੀਤਾ। ਇਹ ਗੱਲ ਵੱਖਰੀ ਹੈ ਕਿ ਉਥੇ ਪ੍ਰਾਪਤੀ ਕੁਝ ਨਹੀਂ ਹੋਈ, ਪਰ ਖੋਜ ਤਾਂ ਇਸ ਨੇ ਨਿਰੰਤਰ ਜਾਰੀ ਰੱਖੀ। ਆਕਾਸ਼ ਇਨਸਾਨ ਨੇ ਖੋਜਿਆ ਤੇ ਖੋਜ ਰਿਹਾ ਹੈ। ਧਰਤੀ ਬੰਦੇ ਨੇ ਖੋਜੀ ਤੇ ਅੱਜ ਵੀ ਖੋਜੀ ਜਾ ਰਿਹਾ ਹੈ। ਸਮੁੰਦਰ ਨੂੰ ਖੋਜਿਆ ਤੇ ਅੱਜ ਵੀ ਉਸ ਦੀ ਖੋਜ ਨਿਰੰਤਰ ਜਾਰੀ ਹੈ।

ਯਾਦ ਰੱਖੋ, ਬਾਹਰ ਨੂੰ ਖੋਜੇਗਾ ਤਾਂ ਕੇਵਲ ਮੈਟਲ ਹੀ ਮਿਲੇਗਾ। ਕਿਤੇ ਧਾਤ ਮਿਲੇਗੀ, ਕਿਤੇ ਤੇਲ ਮਿਲੇਗਾ, ਕਿਤੇ ਸੋਨਾ ਮਿਲੇਗਾ, ਕਿਤੇ ਚਾਂਦੀ ਮਿਲੇਗੀ, ਪਰ ਜਿਸ ਦਿਨ ਇਨਸਾਨ ਆਪਣੇ ਅੰਦਰ ਨੂੰ ਖੋਜੇਗਾ, ਉਸ ਦਿਨ ਉਹ ਮਿਲੇਗਾ, ਜਿਹੜਾ ਕਰੋੜਾਂ ਬ੍ਰਹਿਮੰਡਾਂ ਨੂੰ ਬਣਾਉਣ ਵਾਲਾ ਹੈ। ਆਪਣੇ ਆਪ ਨੂੰ ਖੋਜ। ਗੁਰੂ ਜੀ ਨੇ ਤਾਂ ਬਾਣੀ ਵਿਚ ਬਖ਼ਸ਼ਿਸ਼ ਭਰੇ ਬਚਨ ਕਹੇ ਹਨ ਕਿ ਐ ਇਨਸਾਨ ! ਖੋਜਣਾ ਹੈ ਤਾਂ ਆਪਣੇ ਆਪ ਨੂੰ ਖੋਜ ਤੇ ਫਿਰ ਗੁਰੂ ਦੇ ਸ਼ਬਦ ਰਾਹੀਂ ਅੰਦਰ ਨੂੰ ਖੋਜ। ਪਹਿਲਾਂ ਤਾਂ ਆਪਣੇ ਆਪ ਨੂੰ ਪੁੱਛ ਕਿ ਮੈਂ ਕੌਣ ਹਾਂ, ਮੈਂ ਕਿਥੋਂ ਆਇਆ ਹਾਂ ਤੇ ਮੇਰੀ ਮੰਜ਼ਿਲ ਕੀ ਹੈ ? ਕੀ ਮੇਰੇ ਜੀਵਨ ਦਾ ਮੰਤਵ ਕੇਵਲ ਜਨਮ ਲੈਣਾ ਹੈ ? ਸੰਸਾਰ ਦੇ ਸੁੱਖ ਭੋਗਣੇ ਤੇ ਮੌਤ ਦੀ ਗੋਦ ਵਿਚ ਸੌਂ ਜਾਣਾ ਇਹ ਜੀਵਨ ਹੈ ? ਸਤਿਗੁਰੂ ਨੇ ਖੋਜ ਵਿਚ ਪਾਉਣ ਲਈ ਬਾਣੀ ਵਿਚ ਕਿਹਾ ਹੈ-

ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ॥
ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ॥

(ਅੰਗ ੧੫੬)

ਕਿਸ ਲਈ ਇਥੇ ਆਏ ? ਆਪਣੇ ਆਪ ਨੂੰ ਪੜਚੋਲ। ਪਿਆਰਿਉ ! ਜਿਸ ਦੇ ਅੰਦਰ ਖੋਜੀ ਬਿਰਤੀ ਹੈ, ਜਿਸ ਦੇ ਕੋਲ ਚਾਅ ਹੈ, ਤੜਪ ਹੈ, ਉਸ ਨੂੰ ਰਾਹ ਜ਼ਰੂਰ ਮਿਲੇਗਾ ਤੇ ਜਿਸ ਦੇ ਕੋਲ ਸੱਚ ਦਾ ਰਾਹ ਹੈ, ਉਸ ਨੂੰ ਪ੍ਰਮਾਤਮਾ ਦੀ ਦਰਗਾਹ, ਉਸ ਦਾ ਘਰ ਜ਼ਰੂਰ ਮਿਲੇਗਾ। ਕਬੀਰ ਸਾਹਿਬ ਨੇ ਦੇਖਿਆ ਤੇ ਉਹਨਾਂ ਨੇ ਕਿਹਾ –

ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ॥
ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ॥

(ਅੰਗ ੧੩੭੭)

ਉਹੀ ਮਹਾਂਪੁਰਖ ਜਿਹੜੇ ਨੇਤਰ ਬੰਦ ਕਰਕੇ ਬੈਠੇ ਹਨ, ਹੁਣ ਅੱਖਾਂ ਖੋਲ੍ਹ ਕੇ ਜਿਹੜਾ ਲੰਘਦਾ ਹੈ, ਉਸਨੂੰ ਦੇਖੀ ਜਾ ਰਹੇ ਹਨ। ਇਨਸਾਨ ਨੂੰ ਦੇਖਦੇ ਹਨ, ਪਸ਼ੂਆਂ ਨੂੰ ਦੇਖਦੇ ਹਨ, ਜੇ ਕਿਤੇ ਬਨਸਪਤੀ ਵੱਲ ਦੇਖਦੇ ਹਨ ਤਾਂ ਨੀਝ ਲਾ ਕੇ ਰੁੱਖਾਂ ਦੇ ਪੱਤਿਆਂ ਨੂੰ ਦੇਖਦੇ ਹਨ ਤਾਂ ਪੁੱਛਿਆ ਕਿ ਪਹਿਲਾਂ ਤੁਸੀਂ ਆਪਣੇ ਨੇਤਰ ਬੰਦ ਕਰਕੇ ਆਪਣੇ ਆਪ ਨੂੰ ਦੇਖਦੇ ਸੀ, ਕੀ ਸੱਜਣ ਹਿਰਦੇ ਵਿਚੋਂ ਚਲਾ ਗਿਆ ਕਿ ਹੁਣ ਤੁਸੀਂ ਬਾਹਰ ਨੂੰ ਖੋਜਦੇ ਪਏ ਹੋ ? ਉਹਨਾਂ ਨੇ ਉੱਤਰ ਦਿੱਤਾ ਕਿ ਅੱਖਾਂ ਬੰਦ ਕਰਕੇ ਪਹਿਲਾਂ ਅੰਦਰ ਦੇਖਿਆ। ਉਸ ਪਿਆਰੇ ਨਾਲ ਸਵਾਂਗ ਰਚਾਇਆ। ਉਹਨਾਂ ਕਿਹਾ ਫਿਰ ਅੱਖਾਂ ਖੋਲ੍ਹ ਕੇ ਦੇਖ ਕਿ ਜੋ ਮੈਂ ਤੇਰੇ ਅੰਦਰ ਬੈਠਾ ਹਾਂ ਤਾਂ ਮੈਂ ਇਸ ਧਰਤੀ ਦੇ ਕਣ-ਕਣ ਵਿਚ ਸਾਰੀਆਂ ਥਾਵਾਂ 'ਤੇ ਵੀ ਸਮਾਇਆ ਹਾਂ। ਉਹਨਾਂ ਦਾ ਅਗਲਾ ਬਚਨ ਹੈ ਕਿ –

ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ॥
ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ॥

(ਅੰਗ ੧੩੭੭)

ਸਾਰੇ ਘਟਾਂ ਵਿਚ ਉਹ ਪ੍ਰਮਾਤਮਾ ਹੈ। ਇਸੇ ਨੂੰ ਬਾਬਾ ਜੀ ਨੇ ਕਿਹਾ ਕਿ –

ਸੋ ਅੰਤਰਿ ਸੋ ਬਾਹਰਿ ਅਨੰਤ॥
ਘਟਿ ਘਟਿ ਬਿਆਪਿ ਰਹਿਆ ਭਗਵੰਤ॥

(ਅੰਗ ੨੯੩)

ਗੁਰੂ ਜੀ ਨੇ ਤਾਂ ਹੀ ਕਿਹਾ ਕਿ-

ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥
ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥

(ਅੰਗ ੧੧੩੬)

ਗੁਰੂ ਜੀ ਨੇ ਜਦੋਂ ਮੰਤਰ ਦ੍ਰਿੜ੍ਹ ਕਰਾਇਆ ਤਾਂ ਹੁਣ ਜਿਥੇ ਮਹਾਂਪੁਰਸ਼ ਦੀ ਬ੍ਰਹਮ

ਦ੍ਰਿਸ਼ਟੀ ਹੈ, ਉਹ ਜਿੱਧਰ ਦੇਖਦਾ ਹੈ, ਕੇਵਲ ਪ੍ਰਮਾਤਮਾ ਹੀ ਦਿੱਸਦਾ ਹੈ।

ਧੰਨ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਉਹਨਾਂ ਦੇ ਪਵਿੱਤਰ ਬਚਨਾਂ ਵਿਚੋਂ ਅੱਜ ਕੁਝ ਬਚਨ ਮੈਂ ਸੰਖੇਪ ਜਿਹੇ ਸਾਂਝੇ ਕਰਨੇ ਹਨ। ਹਜ਼ੂਰ ਗੁਰੂ ਗੋਬਿੰਦ ਸਿੰਘ ਜੀ ਨੇ ਮੇਹਰ ਕੀਤੀ। ਪਾਉਂਟਾ ਸਾਹਿਬ ਦੀ ਧਰਤੀ ਹੈ ਤੇ ਕਾਦਰ ਨੇ ਆਪਣੀ ਕੁਦਰਤ ਦੇ ਅਲੌਕਿਕ ਨਜ਼ਾਰੇ ਉਸ ਧਰਤੀ ਦੇ ਉੱਪਰ ਬਿਖੇਰੇ। ਹਜ਼ੂਰ ਨੇ ਆਪਣੀ ਰਸਨਾ ਵਿਚੋਂ ਦਸਮ ਗ੍ਰੰਥ ਦੀ ਬਾਣੀ ਵਿਚ ਇਹ ਸ਼ਬਦ ਕਹੇ ਹਨ ਕਿ ਸਮੇਂ ਦੀ ਚਾਲ ਆਈ। ਪਾਉਂਟਾ ਸਾਹਿਬ ਦੀ ਧਰਤੀ 'ਤੇ ਹਜ਼ੂਰ ਪਹੁੰਚੇ ਤੇ ਉਥੇ ਜਮਨਾ ਦਾ ਕਿਨਾਰਾ ਹੈ ਤੇ ਉਥੇ ਉਸ ਕਾਦਰ ਦੀ ਕੁਦਰਤ ਦਾ ਅਲੌਕਿਕ ਦ੍ਰਿਸ਼ ਹੈ। ਇਕ ਪਾਸੇ ਜਮਨਾ ਦਾ ਨਿਰਮਲ ਨੀਰ ਤੇ ਦੂਜੇ ਪਾਸੇ ਗਗਨ ਚੁੰਬੀ ਪਹਾੜੀਆਂ ਹਨ ਤੇ ਸੋਹਣੀਆਂ ਪਹਾੜੀਆਂ ਦੇ ਉੱਪਰ ਉੱਚੇ-ਉੱਚੇ ਬ੍ਰਿੱਛ ਤੇ ਕਈ ਤਰ੍ਹਾਂ ਦੇ ਫੁੱਲ-ਪੱਤੇ ਹਨ। ਸ਼ੇਰਾਂ ਦਾ ਸ਼ਿਕਾਰ ਕੀਤਾ। ਹਜ਼ੂਰ ਨੇ ਇਹ ਸ਼ਬਦ ਕਹੇ ਕਿ ਅਸੀਂ ਉਥੇ ਪਹੁੰਚੇ। ਉਥੇ ਅਕਾਲ ਦੀ ਉਸਤਤਿ ਵਿਚ ਉਸ ਦੇ ਅਗੰਮੀ ਨਜ਼ਾਰੇ ਅਤੇ ਬਾਹਰਮੁਖੀ ਉਸ ਦੀਆਂ ਝਲਕਾਂ ਹਨ। ਉਸ ਨੂੰ ਹਜ਼ੂਰ ਨੇ ਆਪਣੀ ਅਕਾਲ ਉਸਤਤਿ ਦੀ ਬਾਣੀ, ਦਸਮ ਗ੍ਰੰਥ ਦੀ ਬਾਣੀ ਵਿਚ ਇਹ ਬਖ਼ਸ਼ਿਸ਼ ਭਰੇ ਬਚਨ ਕਹੇ। ਭਾਈ ਸਾਹਿਬ ਭਾਈ ਮਨੀ ਸਿੰਘ ਜੀ ਸ਼ਹੀਦ ਹਜ਼ੂਰ ਦੇ ਨਿੱਜੀ ਲਿਖਾਰੀ ਹਨ। ਜੋ ਹਜ਼ੂਰ ਬਾਣੀ ਉਚਾਰਦੇ ਹਨ, ਭਾਈ ਸਾਹਿਬ ਜੀ ਆਪਣੀ ਕਲਮ ਦੇ ਨਾਲ ਉਸ ਨੂੰ ਲਿਖਦੇ ਹਨ ਤੇ ਉਹਨਾਂ ਦੇ ਅੰਮ੍ਰਿਤ ਬਚਨਾਂ ਵਿਚੋਂ ਅੱਜ ਦੇ ਸ਼ਬਦ ਦੀ ਵਿਆਖਿਆ ਲਈ ਹੈ, ਜਿੱਧਰ ਦੇਖੀਏ ਉੱਧਰ ਤੂੰ ਹੈਂ। ਭਾਈ ਸਾਹਿਬ ਭਾਈ ਨੰਦ ਲਾਲ ਜੀ ਦਾ ਇਕ ਸ਼ੇਅਰ ਹੈ ਕਿ-

ਦਿਲ ਅਗਰ ਦਾਨਾ ਬਵਦ ਅੰਦਰ ਕਿਨਾਰਸ਼ ਯਾਰ ਹਸਤ॥

ਜੇ ਤੇਰਾ ਦਿਲ ਦੇਖਣ ਵਾਲਾ ਹੈ ਤਾਂ ਯਾਦ ਰੱਖ, ਸਿਆਣਾ ਦਿਲ, ਖੋਜੀ ਦਿਲ ਜਿਹੜਾ ਆਪਣੇ ਆਪ ਨੂੰ ਪੜਚੋਲਦਾ ਹੈ, ਉਸ ਦਾ ਪਿਆਰਾ, ਉਸ ਦਾ ਸਾਈਂ ਉਸ ਦੇ ਅੰਦਰ ਬੈਠਾ ਹੈ। ਜੇ ਦਿਲ ਨੇ ਦੇਖ ਲਿਆ, ਫਿਰ ਅੱਖਾਂ ਜਿੱਧਰ ਦੇਖਣਗੀਆਂ, ਉੱਧਰ ਕੇਵਲ ਪਿਆਰਾ ਹੀ ਹੋਵੇਗਾ। ਹਜ਼ੂਰ ਨੇ ਫ਼ੁਰਮਾਇਆ –

ਜਿਮੀ ਤੁਹੀ॥ ਜਮਾ ਤੁਹੀ॥
ਮਕੀ ਤੁਹੀ॥ ਮਕਾ ਤੁਹੀ॥
ਅਭੂ ਤੁਹੀ॥ ਅਭੈ ਤੁਹੀ॥
ਅਛੂ ਤੁਹੀ॥ ਅਛੈ ਤੁਹੀ॥
ਜਤਸ ਤੁਹੀ॥ ਮਤਸ ਤੁਹੀ॥

ਤੇ ਘੰਟਿਆਂ ਤੱਕ ਤੂੰਹੀ ਤੂੰਹੀ ਕਹੀ ਗਏ। ਕਿਉਂ ? ਕਿਉਂਕਿ ਜੇਕਰ ਅੰਦਰ ਪਿਆਰੇ ਦੀ ਧੁੰਨ ਹੈ, ਉਹ ਫਿਰ ਜੋ ਕੁਝ ਬਾਹਰੋਂ ਦੇਖਿਆ ਗਿਆ ਹੈ, ਉਸ ਦੇ ਵਿਚੋਂ ਵੀ ਪਿਆਰਾ

ਹੀ ਨਜ਼ਰ ਆਉਂਦਾ ਹੈ। ਕਈ ਵਾਰੀ ਆਪਾਂ ਕਹਾਂਗੇ ਕਿ ਲਉ ਜੀ ਇਹ ਤੂੰਹੀ ਤੂੰਹੀ ਸ਼ਬਦ ਕਿਉਂ ਇੰਨੀ ਵਾਰੀ ਕਿਹਾ ? ਪਿਆਰਿਉ ! ਯਾਦ ਰੱਖਿਉ, ਜਦੋਂ ਅੰਦਰ ਨਾਮ ਦੀ ਖ਼ੁਮਾਰੀ ਚੜ੍ਹਦੀ ਹੈ ਤਾਂ ਅੰਦਰੋਂ ਉਸ ਪਿਆਰੇ ਦੇ ਆਤਮਕ ਰੂਹਾਨੀਅਤ ਦਾ ਰੱਸ ਆਉਂਦਾ ਹੈ। ਇਸ ਦੁਨੀਆਂ ਦਾ ਨਸ਼ਾ ਕਿਸੇ ਨੂੰ ਚੜ੍ਹ ਜਾਏ ਤਾਂ ਉਹ ਇੰਨਾ ਮਸਤਾਨਾ ਜਿਹਾ ਹੋ ਜਾਂਦਾ ਹੈ ਕਿ ਨਸ਼ਈ ਬੰਦਾ ਇਕ ਗੱਲ ਨੂੰ ਫੜਦਾ ਹੈ ਤੇ ਕਿੰਨੇ-ਕਿੰਨੇ ਘੰਟੇ ਉਹ ਇਕੋ ਗੱਲ ਨੂੰ ਰਪੀਟ ਕਰੀ ਜਾਂਦਾ ਹੈ। ਹਾਲਾਂਕਿ ਉਸ ਦੀ ਗੱਲ ਵਿਚ ਦਮ ਨਹੀਂ, ਉਸ ਦੀ ਗੱਲ ਵਿਚ ਖ਼ੁਮਾਰੀ ਹੈ, ਪਰ ਜਿਸ ਅੰਦਰ ਪ੍ਰਮਾਤਮਾ ਦੇ ਨਾਮ ਦੀ ਕ੍ਰਿਪਾ ਹੈ, ਬਸ ਜੀਭ 'ਤੇ ਜੇ ਵਾਹਿਗੁਰੂ ਹੈ ਤਾਂ ਉਹ ਇਕੋ ਦਮ ਘੰਟਿਆਂ ਤੱਕ ਕੇਵਲ ਤੂੰ-ਤੂੰ-ਤੂੰ-ਤੂੰ ਪੁਕਾਰਦਾ ਹੈ, ਕਿਉਂਕਿ ਉਸ ਦੇ ਪੁਕਾਰਨ ਵਿਚ ਅੰਦਰ ਦਾ ਰੱਸ ਬਣ ਜਾਂਦਾ ਹੈ। ਹਜ਼ੂਰ ਨੇ ਕਿਹਾ ਕਿ ਆਕਾਸ਼ ਵਿਚ ਵੀ ਤੂੰਹੀ, ਜ਼ਮੀਨ ਵਿਚ ਵੀ ਤੂੰਹੀ। ਹਜ਼ੂਰ ਦੇ ਬਚਨ ਹਨ –

ਜਲੇ ਹਰੀ॥ ਥਲੇ ਹਰੀ॥
ਉਰੇ ਹਰੀ॥ ਬਨੇ ਹਰੀ॥
ਗਿਰੇ ਹਰੀ॥ ਗੁਫੇ ਹਰੀ॥
ਛਿਤੇ ਹਰੀ॥ ਨਭੇ ਹਰੀ॥
ਈਹਾਂ ਹਰੀ॥ ਊਹਾਂ ਹਰੀ॥
ਜਿਮੀ ਹਰੀ॥ ਜਮਾ ਹਰੀ॥

ਕਹਿੰਦੇ ਹਨ ਕਿ ਹਰ ਥਾਂ 'ਤੇ ਤੂੰ ਹੈਂ। ਧੰਨ ਗੁਰੂ ਗ੍ਰੰਥ ਸਾਹਿਬ ਦੇ ਅੰਮ੍ਰਿਤ ਬਚਨਾਂ ਵਿਚੋਂ ਹਜ਼ੂਰ ਗੁਰੂ ਰਾਮਦਾਸ ਜੀ ਦਾ ਬਚਨ ਹੈ। ਆਪਾਂ ਕਹਿੰਦੇ ਹਾਂ ਕਿ ਰਸਨਾ ਨਾਲ ਨਾਮ ਬੋਲ ਕੇ ਜਪਿਆ ਜਾਂਦਾ ਹੈ ਤੇ ਜਪਦੇ ਹਾਂ ਤਾਂ ਦੂਜੇ ਨੂੰ ਸੁਣਾਈ ਦਿੰਦਾ ਹੈ, ਪਰ ਜਦੋਂ ਹਰ ਪਾਸੇ ਪ੍ਰਭੂ ਦਿੱਸੇ, ਉਸ ਦੇ ਨਾਲ ਪ੍ਰਮਾਤਮਾ ਖਲੋਂਦਾ ਵੀ ਹੈ, ਦਿੱਸਦਾ ਵੀ ਹੈ ਤੇ ਸੁਣੀਦਾ ਵੀ ਹੈ। ਇਨਸਾਨ ਇਹ ਮਤ ਸਮਝੇ ਕਿ ਕੇਵਲ ਮਨੁੱਖ ਦੀ ਜ਼ਬਾਨ ਤੋਂ ਹੀ ਪ੍ਰਮਾਤਮਾ ਬੋਲ ਰਿਹਾ ਹੈ, ਜਦੋਂ ਅੰਦਰੋਂ ਪ੍ਰਮਾਤਮਾ ਦੀ ਆਵਾਜ਼ ਸੁਣਾਈ ਦੇਵੇ ਤਾਂ ਉਦੋਂ–

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥

(ਅੰਗ ੧੨੬੫)

ਮੱਛੀ ਦੀ ਆਵਾਜ਼ ਵਿਚ, ਪੰਛੀਆਂ ਦੀ ਆਵਾਜ਼ ਵਿਚ, ਹਵਾ ਦੀ ਆਵਾਜ਼ ਵਿਚ, ਧੰਨ ਗੁਰੂ ਗੋਬਿੰਦ ਸਿੰਘ ਜੀ ਤਾਂ ਇਹ ਬਚਨ ਕਰਦੇ ਹਨ –

ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਣ ਤ੍ਰਿਣ ਕਹਤ॥

(ਜਾਪੁ ਸਾਹਿਬ)

ਤੈਨੂੰ ਤਾਂ ਜੰਗਲ ਦੇ ਤਿਣਕੇ ਵੀ ਪੁਕਾਰਦੇ ਪਏ ਹਨ, ਜੇ ਅੰਦਰ ਉਸ ਪਿਆਰੇ ਦੀ

ਝਲਕ ਹੈ। ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਫਿਰ ਇਹ ਸਾਰੀਆਂ ਥਾਵਾਂ 'ਤੇ ਦਿੱਸਦਾ ਹੈ। ਜਿੰਨਾ ਦੇਖਿਆ, ਉਹਨਾਂ ਨੇ ਬਾਣੀ ਵਿਚ ਗਵਾਹੀ ਦਿੱਤੀ ਹੈ ਕਿ -

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥

(ਅੰਗ ੪੮੫)

ਬਸ ਇਹ ਗੱਲ ਸਮਝ ਪੈ ਜਾਏ ਹਾਜ਼ਰ ਨਾਜ਼ਰਤਾ ਦੀ। ਇਹੀ ਗੱਲ ਗੁਰੂ ਜੀ ਨੇ ਸੁਲਤਾਨਪੁਰ ਕਹੀ ਸੀ ਕਿ ਤਨ ਹਾਜ਼ਰੀ ਰੋਜ਼ ਭਰਦੇ ਹਨ, ਪਰ ਮਨ ਤਾਂ ਹਜ਼ੂਰ ਦੀ ਹਾਜ਼ਰੀ ਵਿਚ ਹੁੰਦਾ ਨਹੀਂ। ਉਥੇ ਕੇਵਲ ਕਾਜ਼ੀ ਜਾਂ ਨਵਾਬ ਨੂੰ ਨਹੀਂ ਕਿਹਾ, ਇਹ ਸਮੁੱਚੀ ਮਾਨਵਤਾ ਨੂੰ ਕਿਹਾ ਹੈ ਕਿ ਜੇ ਪ੍ਰਮਾਤਮਾ ਦੀ ਹੋਂਦ ਨੂੰ ਤੂੰ ਅਨੁਭਵ ਨਹੀਂ ਕਰਦਾ, ਫਿਰ ਇਹ ਬਾਹਰ ਦਾ ਭੇਖ ਹੈ। ਜਿਹੜਾ ਸਾਰੀਆਂ ਥਾਵਾਂ 'ਤੇ ਹੈ, ਉਸ ਨੂੰ ਜਪਣਾ ਸ਼ੁਰੂ ਕਰ।

ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥

ਹਜ਼ੂਰ ਕਹਿੰਦੇ ਹਨ ਕਿ ਅਸੀਂ ਲੋਕ ਸਾਥੀ ਬਣਾਉਂਦੇ ਹਾਂ, ਕਿਉਂਕਿ ਇਕੱਲ ਬੜੀ ਮੁਸ਼ਕਿਲ ਹੈ। ਪਰ ਇਹ ਸਿਮਰਨ ਵਾਲਿਆਂ ਲਈ ਨਹੀਂ ਹੈ, ਕਿਉਂਕਿ ਸਿਮਰਨ ਵਾਲਾ ਕਦੀ ਇਕੱਲਾ ਹੁੰਦਾ ਹੀ ਨਹੀਂ। ਉਹ ਜਿਥੇ ਵੀ ਜਾਂਦਾ ਹੈ, ਉਸ ਦਾ ਗੁਰੂ ਪ੍ਰਮੇਸ਼ਰ ਉਸ ਦੇ ਨਾਲ ਹੁੰਦਾ ਹੈ। ਅਸੀਂ ਸਾਥੀ ਭਾਲਦੇ ਹਾਂ, ਮਿੱਤਰ ਦੇ ਰੂਪ ਵਿਚ, ਜੀਵਨ ਸਾਥੀ ਦੇ ਰੂਪ ਵਿਚ। ਹਜ਼ੂਰ ਕਹਿੰਦੇ ਹਨ ਕਿ ਤੂੰ ਸਾਥੀ ਦੀ ਭਾਲ ਵਿਚ ਤੁਰਿਆ ਹੈਂ, ਪਰ ਯਾਦ ਰੱਖੀਂ, ਇਹ ਸਾਥੀ ਕੇਵਲ ਇਸ ਲੋਕ ਦੇ ਵਿਚ ਹਨ, ਅੱਗੇ ਜਾਣ ਵਾਲੇ ਨਹੀਂ। ਜਿਹੜਾ ਇਸ ਲੋਕ ਵਿਚ ਤੇ ਪ੍ਰਲੋਕ ਵਿਚ ਸਾਡਾ ਸਾਥ ਨਾ ਛੱਡੇ, ਬਸ ਇਸੇ ਨੂੰ ਤੂੰ ਸਾਥੀ ਮੰਨੀਂ। ਭਾਵਰਤ ਸਿਮਰਤ ਗ੍ਰੰਥ ਵਿਚ ਇਕ ਸ਼ਬਦ ਆਉਂਦਾ ਹੈ। ਕਹਿੰਦੇ ਹਨ, ਰੁੱਖ ਨੂੰ ਪੱਤੇ ਹੋਣ, ਫੁੱਲ ਹੋਣ ਤੇ ਫੁੱਲਾਂ ਤੋਂ ਬਾਅਦ ਆ ਜਾਣ ਫਲ। ਫਲ ਰੱਸ ਨਾਲ ਭਰ ਜਾਣ ਤੇ ਪੰਛੀ ਹਰ ਇਕ ਟਾਹਣੀ 'ਤੇ ਬੈਠ ਕੇ ਚਹਿਕਣ ਲੱਗ ਪੈਂਦੇ ਹਨ। ਪੰਛੀ ਉਸ ਰੁੱਖ ਨੂੰ ਪਿਆਰ ਕਰਦੇ ਹਨ। ਉਸ ਦੇ ਵਿਚ ਉਹਨਾਂ ਦਾ ਆਪਣਾ ਸਵਾਰਥ ਹੈ। ਜਦੋਂ ਪੰਛੀ ਆਉਂਦਾ ਹੈ, ਉਹ ਉਦੋਂ ਹੀ ਪਹੁੰਚੇਗਾ, ਜਦੋਂ ਫੁੱਲ ਅਤੇ ਫਲ ਹਨ, ਪਰ ਜਦੋਂ ਪੱਤਝੜ ਆਉਂਦੀ ਹੈ ਤਾਂ ਰੁੱਖ ਦੇ ਆਪਣੇ ਪੱਤੇ ਵੀ ਸਾਥ ਛੱਡ ਜਾਂਦੇ ਹਨ। ਪਿਆਰਓ ! ਉਸ ਵੇਲੇ ਪੰਛੀਆਂ ਦੇ ਗੀਤਾਂ ਦੀ ਵੀ ਮੌਤ ਹੋ ਜਾਂਦੀ ਹੈ, ਉਹਨਾਂ ਨੂੰ ਵੀ ਉਦੋਂ ਗੀਤ ਆਉਂਦੇ ਹਨ, ਜਦੋਂ ਰੁੱਖ ਦੇ ਕੋਲ ਫਲ ਹਨ। ਉਹ ਕੇਵਲ ਬਸੰਤ ਦੇ ਸਾਥੀ ਹਨ। ਉਹ ਰੁੱਖੇਪਣ ਦੇ ਸਾਥੀ ਨਹੀਂ। ਜਿੰਨੀ ਦੇਰ ਤੱਕ ਇਨਸਾਨ ਕੋਲ ਸੁੱਖ ਹਨ, ਜਿੰਨੀ ਦੇਰ ਤੱਕ ਇਨਸਾਨ ਕੋਲ ਪੱਦਵੀ ਹੈ, ਓਨੀ ਦੇਰ ਤੱਕ ਸਾਥੀ ਹਨ। ਜਿਸ ਦਿਨ ਇਨਸਾਨ ਪਦਵੀ ਤੋਂ ਖ਼ਾਲੀ ਹੋ ਜਾਏ, ਦੁਨੀਆਂ ਦੇ ਸੁੱਖ ਚਲੇ ਜਾਣ, ਜਿਹੜੇ ਲੋਕ ਪੰਛੀਆਂ ਦੀ ਤਰ੍ਹਾਂ ਨੇੜੇ ਢੁੱਕਦੇ ਸਨ, ਪੱਤਝੜ ਵਿਚ ਕੋਈ ਵੀ ਬੰਦਾ ਨੇੜੇ ਢੁੱਕਣ ਲਈ ਤਿਆਰ ਨਹੀਂ। ਇਹ ਲਿਖਦੇ ਹਨ ਕਿ ਰੁੱਖ ਨੂੰ ਅੱਗ ਲੱਗ ਜਾਏ ਤਾਂ ਪੰਛੀ ਸਾਥ ਛੱਡ ਜਾਂਦੇ ਹਨ, ਬੰਦੇ 'ਤੇ ਮੁਸੀਬਤ ਆ ਜਾਏ ਤਾਂ ਸਕੇ ਭਰਾ ਵੀ ਸਾਥ ਛੱਡ ਜਾਂਦੇ ਹਨ। ਹਜ਼ੂਰ ਕਹਿੰਦੇ ਹਨ ਕਿ

ਮੈਂ ਆਤਮਕ ਸਾਥੀ ਮਿਲਾਉਣਾ ਚਾਹੁੰਦਾ ਹਾਂ, ਜਿਹੜਾ ਨਾ ਲੋਕ ਵਿਚ ਸਾਥ ਛੱਡਦਾ ਹੈ, ਨਾ ਪ੍ਰਲੋਕ ਵਿਚ ਸਾਥ ਛੱਡਦਾ ਹੈ। ਗੁਰੂ ਜੀ ਨੇ ਕਿਹਾ ਹੈ ਕਿ -

ਜਿਚਰੁ ਪੈਨਨਿ ਖਾਵਨ੍ਹੇ ਤਿਚਰੁ ਰਖਨਿ ਗੰਢੁ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥

(ਅੰਗ ੯੫੯)

ਜਿੰਨੀ ਦੇਰ ਤੱਕ ਤੂੰ ਕੰਮ ਆਵੇਂਗਾ ਓਨੀ ਦੇਰ ਤੱਕ ਤੇਰੀਆਂ ਸਿਫ਼ਤਾਂ ਦੇ ਗੀਤ ਗਾਉਣਗੇ। ਜਿਸ ਦਿਨ ਤੂੰ ਹੱਥ ਪਿੱਛੇ ਕਰ ਲਏਂਗਾ, ਉਸ ਦਿਨ ਕਹਿਣਾ ਸ਼ੁਰੂ ਕਰ ਦੇਣਗੇ ਕਿ ਛੱਡੋ ਜੀ, ਅੱਜ ਉਹ ਬੰਦਾ ਵੱਡਾ ਹੋ ਗਿਆ ਹੈ। ਅਸਲ ਵਿਚ ਉਹ ਤਾਂ ਨਹੀਂ ਵੱਡਾ ਹੁੰਦਾ, ਜਿਹੜਾ ਮੰਗਣ ਵਾਲਾ ਹੈ, ਉਸ ਦੀ ਬਿਰਤੀ ਨੀਵੀਂ ਹੋ ਜਾਂਦੀ ਹੈ। ਕਬੀਰ ਵਰਗੇ ਮਹਾਂਪੁਰਸ਼ ਨੇ ਇਕ ਗੱਲ ਕਹੀ। ਕਹਿੰਦੇ ਹਨ ਕਿ ਜਦੋਂ ਬੰਦੇ ਦੇ ਘਰ ਕੋਈ ਦੁੱਖ ਆ ਜਾਏ ਤਾਂ ਉਹ ਰੌਲਾ ਪਾਉਂਦਾ ਹੈ। ਮੁਨਾਦੀ ਕਰਾਉਂਦਾ ਹੈ ਤੇ ਕਹਿੰਦਾ ਹੈ ਕਿ ਮੈਂ ਕਿਸੇ ਤੋਂ ਨਹੀਂ ਕਰਾਈ। ਆਪਣੇ ਮੋਢੇ 'ਤੇ ਢੋਲ ਰੱਖਿਆ, ਹਰ ਰਿਸ਼ਤੇਦਾਰ ਦੇ ਘਰ ਅੱਗੇ, ਹਰ ਸੱਜਣ ਦੀ ਗਲੀ ਵਿਚ ਢੋਲ ਵਜਾ ਕੇ ਕਿਹਾ, ਲੋਕੋ ! ਕੋਈ ਕਿਸੇ ਦਾ ਹੈ ? ਅੱਗੋਂ ਇਕੋ ਹੀ ਉੱਤਰ ਮਿਲਿਆ ਹੈ ਕਿ ਸਾਰੇ ਤੇਰੇ ਹਨ, ਪਰ ਓਨੀ ਦੇਰ ਤੱਕ ਜਿੰਨੀ ਦੇਰ ਤੱਕ ਤੇਰੇ ਕੋਲ ਸੁੱਖ ਹਨ। ਅਗਾਂਹ ਜਾਣ ਵਾਲਾ ਸਾਥੀ ਕੋਈ ਨਹੀਂ। ਕਬੀਰ ਜੀ ਦੇ ਅਮੋਲਕ ਬਚਨ ਹਨ -

ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ॥
ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ॥

(ਅੰਗ ੧੩੭੦)

ਜਿਹੜਾ ਨਾ ਲੋਕ ਵਿਚ ਤੇ ਨਾ ਪ੍ਰਲੋਕ ਵਿਚ ਸਾਥ ਛੱਡਦਾ ਹੈ, ਉਹ ਹੈ ਸਮਰੱਥ ਸਤਿਗੁਰੂ। ਬਾਣੀ ਨੇ ਕਿਹਾ ਹੈ ਕਿ ਉਹ ਸਾਥੀ, ਉਹ ਗੁਰਮੁਖ, ਉਹ ਸਤਿਸੰਗੀ ਜਿਹੜਾ ਸੱਚ ਤੱਕ ਪਹੁੰਚਿਆ ਹੈ, ਯਾਦ ਰੱਖੀਂ, ਉਹ ਤਨ ਛੱਡ ਵੀ ਜਾਏ ਤਾਂ ਵੀ ਫੜੀ ਹੋਈ ਬਾਂਹ ਕਦੀ ਨਹੀਂ ਛੱਡਦਾ। ਕਹਿਣ ਲੱਗੇ-

ਤੂੰ ਮੇਰਾ ਰਾਖਾ ਸਭਨੀ ਥਾਈ

(ਅੰਗ ੧੦੩)

ਜਿਸ ਵੇਲੇ ਭਾਈ ਮਰਦਾਨਾ ਜੀ ਨੂੰ ਕੌਡੇ ਰਾਕਸ਼ ਨੇ ਫੜਿਆ ਤਾਂ ਫਿਰ ਬਾਬਾ ਚੇਤੇ ਆਇਆ ਤੇ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ ਕਿ ਹਜ਼ੂਰ ਨੇ ਕਿਹਾ ਕਿ ਭਾਈ ਬਾਲਾ, ਮਰਦਾਨੇ 'ਤੇ ਮੁਸੀਬਤ ਆ ਪਈ ਹੈ, ਉਸ ਨੂੰ ਛੁਡਾਉਣਾ ਹੈ, ਚੱਲ ਚੱਲੀਏ। ਉਹਨਾਂ ਨੇ ਪਿਆਰ ਨਾਲ ਕਿਹਾ, ਮਹਾਰਾਜ ! ਤੁਸੀਂ ਇਸਨੂੰ ਪਿਆਰ ਕਰਦੇ ਹੋ, ਪਰ ਉਹ ਤਾਂ ਤੁਹਾਨੂੰ ਕਦੀ ਕੁਝ ਕਹਿੰਦਾ ਹੈ, ਕਦੀ ਕੁਝ ਕਹਿੰਦਾ ਹੈ। ਹੁਣ ਜੇ ਕਾਬੂ ਆਇਆ ਹੈ ਤਾਂ ਰਹਿਣ ਦਿਉ। ਬਾਬਾ ਜੀ ਕਹਿਣ ਲੱਗੇ, ਭਾਈ ਬਾਲਾ ! ਜਿਸ ਦਿਨ ਘਰੋਂ ਤੁਰਿਆ ਹਾਂ, ਉਸ ਦੀ

ਬਾਂਹ ਫੜ ਕੇ ਤੁਰਿਆ ਹਾਂ। ਠੀਕ ਹੈ ਉਹ ਕਈ ਵਾਰੀ ਲਾਡ ਵਿਚ ਸ਼ਬਦ ਬੋਲ ਜਾਂਦਾ ਹੈ, ਪਰ ਇਕ ਗੱਲ ਮੈਂ ਤੈਨੂੰ ਕਹਿ ਦੇਵਾਂ ਕਿ ਜਿਸਦੀ ਬਾਂਹ ਮੈਂ ਘੁੱਟ ਕੇ ਫੜ ਲਈ ਹੈ, ਨਾ ਮੈਂ ਇਸ ਲੋਕ ਵਿਚ ਬਾਂਹ ਛੱਡਾਂਗਾ, ਨਾ ਪ੍ਰਲੋਕ ਵਿਚ ਛੱਡਾਂਗਾ। ਸਤਿਗੁਰੂ ਅਜਿਹੇ ਸਾਥੀ ਹਨ। ਹਜ਼ੂਰ ਕਹਿ ਰਹੇ ਹਨ ਕਿ ਪ੍ਰਮਾਤਮਾ ਦੇ ਜਨ ਉਸ ਨੂੰ ਜਪ ਕੇ ਆਤਮਕ ਆਨੰਦ ਮਾਣਦੇ ਹਨ-

ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥ ਰਹਾਉ॥

ਜੋ ਪਦਾਰਥ ਇਕ ਛਿਨ ਵਿਚ ਖਿਨਸ ਜਾਂਦਾ ਹੈ, ਉਹਨਾਂ ਪਦਾਰਥਾਂ ਦੇ ਤੁੱਛ ਸੁੱਖ ਕਥਨ ਕਰੀਏ।

ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥
ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥੨॥

ਜੋ ਭੋਜਨ ਦੇ ਕੇ ਸਭ ਦੀ ਪਾਲਨਾ ਕਰਦਾ ਹੈ। ਜਿਸ ਦੇ ਪਾਸ ਕਿਸੇ ਪਦਾਰਥ ਦੀ ਕਮੀ ਨਹੀਂ, ਉਹ ਮੇਰਾ ਪ੍ਰਭੂ ਹੀ ਸਵਾਸ ਸਵਾਸ ਵਿਚ ਸੰਭਾਲ ਕਰਦਾ ਹੈ।

ਅਛਲ ਅਛੇਦ ਅਪਾਰ ਪ੍ਰਭ ਊਚਾ ਜਾ ਕਾ ਰੂਪੁ॥

ਜਿਸ ਪ੍ਰਭੂ ਦਾ ਸਰੂਪ ਸਭ ਤੋਂ ਉੱਚਾ ਹੈ, ਉਹ ਪ੍ਰਭੂ ਅਛੱਲ ਹੈ। ਅਛੇਦ ਹੈ, ਪਾਰਾਵਾਰ ਤੋਂ ਰਹਿਤ ਹੈ।

ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪ॥ ੩॥

ਉਸ ਅਸਚਰਜ ਤੇ ਅਨੂਪ ਪ੍ਰਭੂ ਨੂੰ ਸੇਵਕ ਜਪ ਜਪ ਕੇ ਅਨੰਦ ਪ੍ਰਾਪਤ ਕਰਦੇ ਹਨ।

ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ॥

ਹੇ ਦਿਆਲੂ ਪ੍ਰਭੂ ! ਮੈਨੂੰ ਉਹ ਬੁੱਧੀ ਦਿਉ, ਜਿਸ ਬੁੱਧੀ ਕਰਕੇ ਆਪ ਜੀ ਨੂੰ ਅਰਾਧਦਾ ਰਹਾਂ।

ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ॥ ੪॥

ਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਮੈਂ ਆਪ ਜੀ ਪਾਸੋਂ ਸੰਤਾਂ ਦੇ ਚਰਨਾਂ ਦੀ ਧੂੜੀ ਦਾ ਦਾਨ ਮੰਗਦਾ ਹਾਂ। ਇਤਨੀਆਂ ਹੀ ਬੇਨਤੀਆਂ ਪ੍ਰਵਾਨ ਕਰਨਾ। ਭੁੱਲਾਂ ਚੁੱਕਾਂ ਦੀ ਖਿਮਾ !

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਆਪੇ ਗੁਰੁ ਚੇਲਾ ਹੈ ਆਪੇ

ਧਨਾਸਰੀ ਮਹਲਾ ੪ ॥

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥ ੧ ॥
ਬੋਲਹੁ ਭਾਈ ਹਰਿ ਕੀਰਤਿ ਹਰਿ ਭਵਜਲ ਤੀਰਥਿ॥
ਹਰਿ ਦਰਿ ਤਿਨ ਕੀ ਊਤਮ ਬਾਤ ਹੈ ਸੰਤਹੁ
ਹਰਿ ਕਥਾ ਜਿਨ ਜਨਹੁ ਜਾਨੀ॥ ਰਹਾਉ ॥
ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ॥
ਜਨ ਨਾਨਕ ਆਪਿ ਮਿਲਾਏ ਸੋਈ ਹਰਿ ਮਿਲਸੀ
ਅਵਰ ਸਭ ਤਿਆਗਿ ਓਹਾ ਹਰਿ ਭਾਨੀ॥ ੨ ॥ ੫ ॥ ੧੧ ॥

(ਅੰਗ ੬੬੯)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸਤਿਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿਚ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਜੀ ਦੇ ਪਾਵਨ ਪਵਿੱਤਰ ਦਰਬਾਰ ਅੰਦਰ ਜੋ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਪਾਵਨ ਪਵਿੱਤਰ ਸ਼ਬਦ ਹੁਕਮ ਰੂਪ ਵਿਚ ਸਾਨੂੰ ਕਮਾਉਣ ਲਈ ਬਖ਼ਸ਼ਿਆ ਹੈ, ਇਸ ਸ਼ਬਦ ਦੇ ਉਚਾਰਨ ਕਰਤਾ ਸਤਿਗੁਰੂ ਗੁਰੂ ਰਾਮਦਾਸ ਜੀ ਹਨ। ਇਸ ਸ਼ਬਦ ਵਿਚ ਇਕ ਰਹਾਉ ਦਾ ਪਦਾ ਹੈ ਤੇ ਦੋ ਪਦੇ ਇਸ ਨਾਲ ਹੋਰ ਹਨ। ਗੁਰੂ ਰਾਮਦਾਸ ਜੀ ਨੇ ਇਸ ਪਾਵਨ ਪਵਿੱਤਰ ਬਚਨ ਅੰਦਰ ਸਾਨੂੰ ਅੱਜ ਇਹ ਗੱਲ ਸਪੱਸ਼ਟ ਸਮਝਾ ਦਿੱਤੀ ਹੈ ਕਿ ਧਰਮ ਦੇ ਨਾਮ ਉੱਤੇ ਕੋਈ ਵੀ ਤੂੰ ਕਰਮ ਕਰੇਂ, ਉਹ ਪ੍ਰਵਾਨ ਤਾਂ ਹੈ ਜੇ ਉਸ ਦੇ ਉਪਰੰਤ ਤੈਨੂੰ ਸਤਿਗੁਰੂ ਜੀ ਦੀ ਪ੍ਰਸੰਨਤਾ ਮਿਲ ਜਾਏ। ਸਤਿਗੁਰੂ ਜੀ ਦੀ ਖ਼ੁਸ਼ੀ ਇਸੇ ਵਿਚ ਹੈ ਕਿ ਉਹਨਾਂ

ਦੇ ਹੁਕਮ ਨੂੰ, ਆਗਿਆ ਨੂੰ ਬਿਨਾਂ ਕੋਈ ਕਿੰਤੂ ਪਰੰਤੂ ਕੀਤਿਆਂ ਸਤਿ ਬਚਨ ਕਰਕੇ ਮੰਨ ਲਿਆ ਜਾਵੇ।

ਧਨਾਸਰੀ ਮਹਲਾ ੪ ॥

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥

ਧਨਾਸਰੀ ਰਾਗ ਦੇ ਅੰਦਰ ਚੌਥੇ ਗੁਰਦੇਵ ਗੁਰੂ ਰਾਮਦਾਸ ਜੀ ਇਸ ਸ਼ਬਦ ਨੂੰ ਉਚਾਰਨ ਕਰ ਰਹੇ ਹਨ ਅਤੇ ਸ਼ਬਦ ਦੀਆਂ ਜਿਹੜੀਆਂ ਆਰੰਭ ਵਾਲੀਆਂ ਤੁੱਕਾਂ ਹਨ, ਇਸ ਵਿਚ ਪਹਿਲਾ ਬਚਨ ਇਹ ਕੀਤਾ ਹੈ ਕਿ ਪ੍ਰਮੇਸ਼ਰ ਦੀ ਪੂਜਾ ਕਰਨ ਲਈ ਪ੍ਰਮਾਤਮਾ ਦੀ ਬਾਣੀ ਨੂੰ ਗਾਉਣ ਲਈ ਸਿੱਖ ਵੀ ਗੁਰੂ ਚਰਨਾਂ ਵਿਚ ਪਹੁੰਚਦੇ ਹਨ। ਸੇਵਾ ਕਰਨ ਵਾਲੇ ਸੇਵਕ ਜਿਹੜੇ ਹਨ, ਉਹ ਵੀ ਸਤਿਗੁਰੂ ਦੇ ਦਰ 'ਤੇ ਆਉਂਦੇ ਹਨ ਤੇ ਹਰ ਬੰਦਾ ਉਸ ਪਰੀਪੂਰਨ ਪ੍ਰਮਾਤਮਾ ਦੀ ਜੋ ਸਿਫ਼ਤ ਸਲਾਹ ਦੀ ਉੱਤਮ ਬਾਣੀ ਹੈ, ਜਿਸ ਬਾਣੀ ਤੋਂ ਹੋਰ ਕੋਈ ਉੱਚੀ ਬਾਣੀ ਨਹੀਂ, ਉਸ ਧੁਰ ਕੀ ਬਾਣੀ ਨੂੰ, ਉਸ ਅੰਮ੍ਰਿਤ ਬਾਣੀ ਨੂੰ, ਉਸ ਇਲਾਹੀ ਬਾਣੀ ਨੂੰ ਆਪਣੇ-ਆਪਣੇ ਢੰਗ ਨਾਲ ਪ੍ਰੇਮ ਭਾਵਨਾ ਨਾਲ ਗਾਉਂਦੇ ਹਨ।

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥ ੧ ॥

ਗੁਰਬਾਣੀ ਨੂੰ ਗਾਇਆ ਵੀ ਜਾਂਦਾ ਹੈ, ਗੁਰਬਾਣੀ ਨੂੰ ਭਾਵਨਾ ਵਾਲੇ ਸੁਣਦੇ ਵੀ ਹਨ, ਗੁਰਬਾਣੀ ਦੀ ਵਿਚਾਰ ਵੀ ਕੀਤੀ ਜਾਂਦੀ ਹੈ ਤੇ ਅਸੀਂ ਇਕ ਅਰਦਾਸ ਕਰਦੇ ਹਾਂ ਵਿਚਾਰ ਤੋਂ, ਕੀਰਤਨ ਤੋਂ ਬਾਅਦ ਕਿ ਹੇ ਸਤਿਗੁਰੂ ! ਆਪ ਕ੍ਰਿਪਾ ਕਰੋ, ਇਸ ਪੜ੍ਹੀ, ਇਸ ਸੁਣੀ, ਇਸ ਗਾਈ ਹੋਈ ਬਾਣੀ ਨੂੰ ਆਪਣੇ ਘਰ ਦੇ ਵਿਚ ਪ੍ਰਵਾਨ ਕਰ ਲਉ। ਗੁਰੂ ਰਾਮਦਾਸ ਮੇਹਰ ਕਰ ਰਹੇ ਹਨ ਭਾਈ ਗੁਰਸਿੱਖੋ ! ਬਾਣੀ ਪੜ੍ਹੀ, ਸੁਣੀ, ਗਾਈ, ਵਿਚਾਰੀ ਉਸ ਦੀ ਹੀ ਮਾਲਕ ਦੇ ਦਰ 'ਤੇ ਕਬੂਲ ਹੋਵੇਗੀ, ਜਿਸ ਨੇ ਸਤਿਗੁਰੂ ਦੀ ਆਗਿਆ ਨੂੰ ਸਤਿ ਬਚਨ ਕਰਕੇ ਮੰਨ ਲਿਆ ਹੈ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਸਭ ਤੋਂ ਜ਼ਿਆਦਾ ਜ਼ੋਰ ਕਰਨੀ ਉੱਪਰ ਦਿੱਤਾ ਹੈ। ਕਥਨੀ ਦੀ ਗੱਲ ਵੀ ਕੀਤੀ ਹੈ, ਪਰ ਮਾਲਕ ਦੇ ਦਰ ਉੱਪਰ ਕੇਵਲ ਇਸ ਨੂੰ ਪ੍ਰਵਾਨ ਕੀਤਾ ਜਾਂਦਾ ਹੈ ਕਿ ਜੋ ਕੁਝ ਇਸ ਨੇ ਕਥਿਆ, ਜੋ ਕੁਝ ਗਾਇਆ, ਇਸ ਗਾਏ ਨੂੰ, ਇਸ ਕਥੇ ਨੂੰ ਆਪਣੇ ਅਮਲੀ ਜੀਵਨ ਵਿਚ, ਆਪਣੀ ਕਰਨੀ ਵਿਚ, ਆਪਣੀ ਜ਼ਿੰਦਗੀ ਵਿਚ ਇਸ ਨੂੰ ਕਿੰਨਾ-ਕੁ ਘਾਲਿਆ ਹੈ। ਜੇਕਰ ਕੋਈ ਸਤਿਗੁਰੂ ਜੀ ਦੇ ਚਰਨਾਂ ਵਿਚ ਝੁਕਦਾ ਵੀ ਹੈ, ਗੁਰਬਾਣੀ ਦਾ ਕੀਰਤਨ ਵੀ ਕਰਦਾ ਹੈ, ਵਿਚਾਰ ਵੀ ਬਹੁਤ ਸੁੰਦਰ ਰੱਖਦਾ ਹੈ, ਪਰ ਜੋ ਕੁਝ ਗੁਰੂ ਜੀ ਨੇ ਕਿਹਾ, ਉਸ ਨੂੰ ਮੰਨਣ ਤੋਂ ਗੁਰੇਜ਼ ਕਰਦਾ ਹੈ, ਸਗੋਂ ਕਈ ਵਾਰੀ ਗੁਰੂ ਦੇ ਕੀਤੇ ਉੱਤੇ ਤਰਕ ਕਰਦਾ ਹੈ ਤਾਂ ਸੱਚੇ ਪਾਤਿਸ਼ਾਹ ਜੀ ਕਹਿੰਦੇ ਹਨ ਕਿ ਇਹੋ ਜਿਹਾ ਇਨਸਾਨ ਗੁਰੂ ਮਾਲਕ ਦੇ ਦਰ 'ਤੇ ਕਦੀ ਪ੍ਰਵਾਨ ਨਹੀਂ ਹੋ ਸਕਦਾ। ਭਾਈ ਸਾਹਿਬ

ਭਾਈ ਗੁਰਦਾਸ ਜੀ ਦੀ ਰਚਨਾ ਵਿਚ ਇਕ ਕਬਿੱਤ ਹੈ। ਉਹ ਕਬਿੱਤ ਜਿਸ ਵਿਚ ਉਹਨਾਂ ਨੇ ਤਿੰਨ ਕੁ ਉਦਾਹਰਨਾਂ ਦਿੱਤੀਆਂ ਹਨ ਸਿਰਫ਼ ਇਸ ਗੱਲ ਨੂੰ ਸਮਝਾਉਣ ਲਈ ਕਿ ਭਾਈ ਆਉਂਦੇ ਸਾਰੇ ਹਨ, ਮੱਥਾ ਸਾਰੇ ਟੇਕਦੇ ਹਨ, ਗੁਰੂ ਦੇ ਚਰਨਾਂ ਵਿਚ ਸੇਵਾ ਵੀ ਸਾਰੇ ਕਰਦੇ ਹਨ। ਅਰਦਾਸ ਵਿਚ ਇਹ ਵੀ ਯਤਨ ਕਰਦੇ ਹਨ ਕਿ ਸਾਡੀ ਅਰਦਾਸ ਸੁਣੀ ਜਾਏ। ਆਪਾਂ ਸੁਣਾ ਕੇ ਚਲੇ ਗਏ, ਪਰ ਇਹ ਤਾਂ ਪਤਾ ਨਹੀਂ ਕਿ ਜੋ ਕੁਝ ਅਸੀਂ ਸੁਣਾਇਆ, ਉਹ ਮਾਲਕ ਨੇ ਕਬੂਲ ਵੀ ਕਰ ਲਿਆ ਹੈ ਕਿ ਨਹੀਂ। ਉਹਨਾਂ ਦੇ ਕਬਿੱਤ ਵਿਚ ਤਿੰਨ ਉਦਾਹਰਨਾਂ ਹਨ। ਕੋਈ ਆਦਮੀ ਸਫ਼ਰ 'ਤੇ ਜਾਂਦਾ ਹੈ ਤਾਂ ਉਸ ਨੇ ਆਪਣੀ ਮੰਜ਼ਿਲ ਮਿੱਥੀ ਹੋਈ ਹੈ। ਘਰੋਂ ਇਹ ਤੁਰ ਪਿਆ, ਪਰ ਇਹ ਰਸਤੇ ਵਿਚ ਇਕ ਮੀਲ ਪੱਥਰ ਕੋਲ ਰੁਕ ਜਾਏ, ਜਿਸ ਉੱਪਰ ਲਿਖਿਆ ਹੋਵੇ ਕਿ ਜਿਸ ਅਸਥਾਨ 'ਤੇ ਤੂੰ ਪਹੁੰਚਣਾ ਚਾਹੁੰਦਾ ਹੈਂ, ਇਥੋਂ ਇੰਨੇ ਕਿਲੋਮੀਟਰ ਦੂਰ ਹੈ। ਬੰਦਾ ਰਸਤੇ ਵਿਚ ਬੈਠ ਗਿਆ ਤੇ ਜਿਹੜੇ ਮੁਸਾਫ਼ਰ ਉਸ ਰਸਤੇ ਵੱਲ ਨੂੰ ਜਾ ਰਹੇ ਹਨ, ਉਹਨਾਂ ਸਾਰਿਆਂ ਨੂੰ ਇਹ ਬਾਰ-ਬਾਰ ਪੁੱਛੀ ਜਾਏ ਕਿ ਮੈਂ ਇਸ ਸ਼ਹਿਰ ਵਿਚ ਪਹੁੰਚਣਾ ਚਾਹੁੰਦਾ ਹਾਂ ਤੇ ਮੈਨੂੰ ਤੁਸੀਂ ਦੱਸੋ ਕਿੰਨੇ ਘੰਟੇ ਲੱਗਣਗੇ ? ਰਸਤੇ ਵਿਚ ਔਕੜਾਂ ਕਿੰਨੀਆਂ ਹਨ ? ਰਸਤੇ ਵਿਚ ਕਿਹੜੇ-ਕਿਹੜੇ ਲੋਕ ਮਿਲਣਗੇ ? ਜਿਹੜੇ ਉਸ ਮਾਰਗ ਦੇ ਪਾਂਧੀ ਹਨ, ਉਹ ਦੱਸ ਵੀ ਦੇਣ ਕਿ ਭਾਈ ਸੱਜਣਾ, ਇੰਨੇ ਕਿਲੋਮੀਟਰ ਸਫ਼ਰ ਕਰਨਾ ਪਵੇਗਾ। ਰਸਤੇ ਵਿਚ ਆ ਆ ਔਕੜਾਂ ਆ ਸਕਦੀਆਂ ਹਨ। ਰਸਤੇ ਵਿਚ ਤੈਨੂੰ ਇਹੋ ਜਿਹੇ ਲੋਕ ਮਿਲਣਗੇ। ਹੁਣ ਇਕ ਰਾਹੀ ਨੂੰ ਪੁੱਛ ਕੇ ਬੰਦਾ ਚੁੱਪ ਕਰਕੇ ਬੈਠ ਗਿਆ। ਦੂਜਾ ਆਇਆ, ਉਸ ਨੂੰ ਵੀ ਇਹੀ ਸਵਾਲ ਕੀਤਾ ਕਿ ਮੈਨੂੰ ਦੱਸੋ ਕਿੰਨਾ ਕੁ ਸਫ਼ਰ ਹੈ ? ਉਸ ਨੇ ਵੀ ਰਸਤਾ ਦੱਸ ਦਿੱਤਾ। ਜੇ ਇਕ ਬੰਦਾ ਸਵੇਰ ਤੋਂ ਲੈ ਕੇ ਸ਼ਾਮ ਤੱਕ ਕੇਵਲ ਲੰਘਣ ਵਾਲੇ ਰਾਹੀਆਂ ਤੋਂ ਮੰਜ਼ਿਲ ਬਾਰੇ ਪੁੱਛੀ ਜਾਏ ਤੇ ਕਦਮ ਇਕ ਵੀ ਸਫ਼ਰ ਨਾ ਕਰੇ ਤਾਂ ਗੁਰੂ ਕੇ ਪਿਆਰਿਉ ! ਕੀ ਕਦੀ ਉਹ ਮੰਜ਼ਿਲ 'ਤੇ ਪਹੁੰਚ ਸਕੇਗਾ ? ਉਸ ਨੇ ਪੁੱਛਿਆ ਸਾਰਿਆਂ ਨੂੰ, ਪਰ ਆਪਣੇ ਪੈਰਾਂ ਨਾਲ ਇਕ ਕਦਮ ਵੀ ਨਹੀਂ ਪੁੱਟਿਆ। ਜੇ ਆਪਣੇ ਪੈਰਾਂ ਨਾਲ ਇਕ ਕਦਮ ਵੀ ਪੁੱਟਦਾ ਨਹੀਂ ਪਿਆ ਤੇ ਸਾਰੀ ਜ਼ਿੰਦਗੀ ਮੀਲ ਪੱਥਰ 'ਤੇ ਖਲੋ ਕੇ ਲੰਘਣ ਵਾਲੇ ਰਾਹੀਆਂ ਕੋਲੋਂ ਪੁੱਛੀ ਜਾਏ ਤਾਂ, ਪਿਆਰਿਉ ! ਜੇ ਤੁਰੇਗਾ ਨਹੀਂ ਤਾਂ ਫਿਰ ਮੰਜ਼ਿਲ ਕਿਵੇਂ ਮਿਲੇਗੀ। ਸ਼ਬਦ ਹੈ-

ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗੁ,
ਪ੍ਰੀਤਮ ਕੇ ਦੇਸ ਕੈਸੇ ਬਾਤਨ ਕੈ ਜਾਈਐ॥

ਅਨੇਕਾਂ ਸਾਡੇ ਵਿਚ ਅਜਿਹੇ ਮਨੁੱਖ ਹਨ, ਸਿੱਖ ਸਮਾਜ ਵਿਚ ਵੀ ਅਜਿਹੇ ਹਨ, ਜਿਹੜੇ ਹਰ ਬੰਦੇ ਤੋਂ ਇਕੋ ਸਵਾਲ ਪੁੱਛੀ ਜਾਂਦੇ ਹਨ ਕਿ ਪ੍ਰਮਾਤਮਾ ਕਿਵੇਂ ਪਾਇਆ ਜਾਂਦਾ ਹੈ। ਹਰ ਮਹਾਂਪੁਰਸ਼ ਤੋਂ ਸਵਾਲ ਕੀਤਾ ਜਾਏਗਾ, ਕੀਰਤਨ ਵਾਲੇ ਕੋਲੋਂ ਕੀਤਾ ਜਾਏਗਾ, ਪਾਠ ਵਾਲੇ ਕੋਲੋਂ ਕੀਤਾ ਜਾਏਗਾ ਤੇ ਕਈ ਵਾਰੀ ਹੈਰਾਨਗੀ ਹੁੰਦੀ ਹੈ ਕਿ ਜਿਹੜਾ ਸਵਾਲ ਸੱਠ ਸਾਲ ਪਹਿਲਾਂ ਸੀ, ਉਮਰ ਢੱਲ ਗਈ ਤੇ ਅੱਜ ਵੀ ਸਵਾਲ ਉਥੇ ਹੀ ਖਲੋਤਾ ਹੈ। ਰਸਤਾ ਹੀ ਪੁੱਛਿਆ ਹੈ ਤੇ ਹਰ ਇਕ ਨੇ ਆਪਣੇ ਅਨੁਭਵ ਅਨੁਸਾਰ, ਆਪਣੀ ਸੂਝ ਮੁਤਾਬਿਕ ਦੱਸ

ਦਿੱਤਾ ਕਿ ਭਾਈ ਸੱਜਣਾ, ਤੇਰੇ ਪ੍ਰਸ਼ਨ ਦਾ ਆ ਉੱਤਰ ਹੈ ਤਾਂ ਪਿਆਰਿਉ ਸੱਠ-ਸੱਠ ਸਾਲ ਕੇਵਲ ਅਸੀਂ ਰਸਤੇ ਵਿਚ ਬੈਠੇ, ਗੁਰਦੁਆਰੇ ਬੈਠੇ, ਜੋੜਿਆਂ ਵਿਚ ਬੈਠੇ, ਭਾਂਡਿਆਂ ਵਿਚ ਖਲੋਤੇ, ਕੀਰਤਨ ਵਾਲਿਆਂ ਕੋਲ ਬੈਠੇ ਸਾਰੀ ਜ਼ਿੰਦਗੀ ਕੇਵਲ ਇਹ ਹੀ ਪੁੱਛਦੇ ਰਹੇ ਕਿ ਦੱਸੋ ਪ੍ਰੀਤਮ ਦੇ ਘਰ ਨੂੰ ਰਸਤਾ ਕਿਹੜਾ ਜਾਂਦਾ ਹੈ ਤੇ ਜਦੋਂ ਗੱਲ ਸ਼ੁਰੂ ਹੋਣੀ, ਅੱਖਾਂ ਵੀ ਪਾਣੀ ਨਾਲ ਭਿੱਜ ਜਾਣੀਆਂ। ਭਾਈ ਸਾਹਿਬ ਕਹਿੰਦੇ ਹਨ ਕਿ ਸਾਰੀ ਜ਼ਿੰਦਗੀ ਪੁੱਛਦਾ ਹੀ ਰਹੇਂਗਾ ਕਿ ਕਦੀ ਆਪਣੇ ਪੈਰਾਂ ਨਾਲ ਚਾਰ ਕਦਮ ਪੁੱਟ ਵੀ ਲਏਂਗਾ। ਪਿਆਰਿਉ ! ਰਸਤਾ ਪੁੱਛਿਆ ਜਾ ਰਿਹਾ ਹੈ, ਪਰ ਤੁਰਨ ਤੋਂ ਬਿਨਾਂ ਮੰਜ਼ਿਲ ਨਹੀਂ। ਅਗਲਾ ਬਚਨ ਹੈ -

ਪੂਛਤ ਹੈ ਬੈਦ ਖਾਤ ਅਉਖਧਿ ਨ ਸੰਜਮ ਸੈ,

ਵੈਦ ਕੋਲ ਜਾ ਕੇ ਦਵਾਈ ਵੀ ਪੁੱਛ ਲਈ। ਉਸ ਨੇ ਦੱਸ ਦਿੱਤਾ ਕਿ ਭਾਈ, ਤੈਨੂੰ ਇਹ ਬੀਮਾਰੀ ਹੈ ਤੇ ਇਸ ਬੀਮਾਰੀ ਦੀ ਦਵਾਈ ਇਹ ਹੈ। ਇਕ ਕੰਮ ਕਰੀਂ ਦਵਾਈ ਖਾਣ ਦੇ ਨਾਲ ਪ੍ਰਹੇਜ਼ ਰੱਖੀਂ। ਉਸ ਨੇ ਖਾਣ ਦਾ ਪ੍ਰਹੇਜ਼ ਦੱਸਿਆ, ਉਸ ਨੇ ਤੁਰਨ ਫਿਰਨ ਦਾ ਪ੍ਰਹੇਜ਼ ਦੱਸਿਆ। ਜੇ ਬੰਦੇ ਨੇ ਦਵਾਈ ਖਾ ਵੀ ਲਈ ਤੇ ਪ੍ਰਹੇਜ਼ ਨਾ ਰੱਖਿਆ ਤਾਂ ਦੱਸ ਦਿਨਾਂ ਬਾਅਦ ਇਹ ਕਹੇ ਕਿ ਛੱਡੋ ਪਰ੍ਹਾਂ ਉਸ ਡਾਕਟਰ ਦੀ ਗੱਲ ਕੀ ਕਰਦੇ ਹੋ। ਬੜੀ ਦਵਾਈ ਖਾ ਕੇ ਦੇਖੀ ਹੈ, ਮੈਨੂੰ ਤਾਂ ਕੋਈ ਆਰਾਮ ਨਹੀਂ ਮਿਲਿਆ। ਗੁਰਸਿੱਖਾ ! ਡਾਕਟਰ ਤੇ ਦਵਾਈ ਦਾ ਕੋਈ ਦੋਸ਼ ਨਹੀਂ, ਡਾਕਟਰ ਨੂੰ ਨਿੰਦਣ ਤੋਂ ਪਹਿਲਾਂ ਆਪਣੇ ਅੰਦਰ ਝਾਤੀ ਮਾਰ, ਜੋ ਕੁਝ ਉਸ ਨੇ ਕਿਹਾ, ਤੂੰ ਉਸ ਉੱਪਰ ਪਹਿਰਾ ਦਿੱਤਾ ਹੈ। ਹੁਣ ਅਸੀਂ ਵੈਦ ਨੂੰ ਨਿੰਦੀ ਜਾਈਏ ਤੇ ਪ੍ਰਹੇਜ਼ ਰੱਖੀਏ ਨਾ, ਤਾਂ ਇਸ ਵਿਚ ਦਵਾਈ ਤੇ ਵੈਦ ਦਾ ਕੋਈ ਕਸੂਰ ਨਹੀਂ। ਦੇਖੋ ਅਸੀਂ ਗੁਰੂ ਵੈਦ ਕੋਲ ਜਾਂਦੇ ਹਾਂ ਜਾਂ ਕਿਸੇ ਗੁਰੂ ਪਿਆਰੇ ਕੋਲ ਜਾਂਦੇ ਹਾਂ, ਉਸ ਦੇ ਕੋਲ ਬੈਠ ਕੇ ਗੱਲ ਵੀ ਸੁਣਦੇ ਹਾਂ, ਉਸ ਕੋਲੋਂ ਪ੍ਰਮਾਤਮਾ ਦੇ ਘਰ ਦਾ ਰਸਤਾ ਵੀ ਪੁੱਛਦੇ ਹਾਂ ਤੇ ਫਿਰ ਨਾਲ ਦੱਸ ਵੀ ਦਿੰਦੇ ਹਾਂ ਕਿ ਮੈਨੂੰ ਨਿੰਦਿਆ ਦਾ ਰੋਗ ਹੈ, ਮੇਰੇ ਅੰਦਰ ਈਰਖਾ ਦਾ ਰੋਗ ਹੈ, ਮੇਰੇ ਅੰਦਰ ਦਵੈਸ਼ ਦਾ ਰੋਗ ਹੈ। ਕਈ ਵਾਰੀ ਇਥੋਂ ਤੱਕ ਦੱਸ ਦਿੰਦੇ ਹਨ ਕਿ ਮੇਰੇ ਅੰਦਰ ਕਿੰਨੀਆਂ ਵਾਸ਼ਨਾਵਾਂ ਦਾ ਰੋਗ ਹੈ। ਸਮਰੱਥ ਗੁਰੂ ਜੀ ਨੇ ਦੱਸ ਦਿੱਤਾ ਕਿ ਭਾਈ ਸੱਜਣਾ, ਇਕ ਕੰਮ ਕਰ, ਬਾਣੀ ਤੂੰ ਪੜ੍ਹਦਾ ਹੈਂ, ਸ਼ਬਦ ਪੜ੍ਹਦਾ ਹੈਂ, ਇਹਨਾਂ ਇਹਨਾਂ ਚੀਜ਼ਾਂ ਦਾ ਪ੍ਰਹੇਜ਼ ਕਰ ਲੈ। ਦਵਾਈ ਅਸਰ ਤਾਂ ਕਰੇਗੀ ਜੇ ਨਿੰਦਿਆ ਦਾ ਪ੍ਰਹੇਜ਼ ਕਰੇਂਗਾ ਤੇ ਜੇ ਬੰਦਾ ਸਾਰੀ ਜ਼ਿੰਦਗੀ ਬਰਤਨ ਵੀ ਮਾਂਜਦਾ ਰਿਹਾ, ਕੀਰਤਨ ਵੀ ਸੁਣਦਾ ਰਿਹਾ ਤੇ ਮੇਰੇ ਵਰਗਾ ਬੰਦਾ ਕਥਾ ਵੀ ਕਰੀ ਜਾਏ। ਜੇ ਪਿਆਰਿਉ ! ਨਿੰਦਿਆ ਦਾ ਪ੍ਰਹੇਜ਼ ਨਹੀਂ ਕੀਤਾ, ਫਿਰ ਇਸ ਦਵਾਈ ਦਾ ਕਸੂਰ ਨਾ ਕੱਢਿਉ, ਕਿਉਂਕਿ ਬਦ-ਪ੍ਰਹੇਜ਼ੀ ਜਿਹੜੀ ਹੈ, ਉਹ ਦਵਾਈ ਦਾ ਕਈ ਵਾਰੀ ਅਸਰ ਨਹੀਂ ਹੋਣ ਦਿੰਦੀ। ਭਗਤ ਪਰਮਾਨੰਦ ਜੀ ਕਹਿੰਦੇ ਹਨ ਕਿ ਹੇ ਇਨਸਾਨ ! ਤੂੰ ਧਰਮ ਗ੍ਰੰਥ ਸੁਣੇ, ਪਰ ਸੁਣ ਕੇ ਕੀਤਾ ਕੀ ? ਗ੍ਰੰਥ ਸੁਣੇ, ਪਰ ਭਗਤੀ ਤਾਂ ਪੈਦਾ ਨਹੀਂ ਹੋਈ। ਸ਼ਬਦ ਮੈਂ ਵੀ ਪੜ੍ਹ ਦੇਵਾਂਗਾ -

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥
ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥ ੧॥

(ਅੰਗ ੭੬੨)

ਪਰ ਕੀ ਮੈਂ ਇਸ ਨਾਮ ਨੂੰ ਜਪਿਆ ਹੈ ? ਸ਼ਬਦ ਤਾਂ ਅਸੀਂ ਕਬੀਰ ਸਾਹਿਬ ਜੀ ਦਾ ਪੜ੍ਹ ਦੇਵਾਂਗੇ -

ਕਿਆ ਪੜੀਐ ਕਿਆ ਗੁਨੀਐ॥
ਕਿਆ ਬੇਦ ਪੁਰਾਨਾਂ ਸੁਨੀਐ॥
ਪੜੇ ਸੁਨੇ ਕਿਆ ਹੋਈ॥
ਜਉ ਸਹਜ ਨ ਮਿਲਿਓ ਸੋਈ॥ ੧॥
ਹਰਿ ਕਾ ਨਾਮੁ ਨ ਜਪਸਿ ਗਵਾਰਾ॥
ਕਿਆ ਸੋਚਹਿ ਬਾਰੰ ਬਾਰਾ॥ ੧॥ ਰਹਾਉ॥

(ਅੰਗ ੬੫੫)

ਕੀ ਮੈਂ ਉਸ ਨੂੰ ਜਪਿਆ ਹੈ? ਹਜ਼ੂਰ ਦੀ ਬਾਣੀ ਵਿਚੋਂ ਸ਼ਬਦ ਮੈਂ ਵੀ ਪੜ੍ਹ ਲਿਆ -

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥

(ਅੰਗ ੪੬੭)

ਪਰ ਇਕ ਗੱਲ ਜਿਹੜੀ ਜ਼ਰੂਰੀ ਹੈ, ਉਹ ਹੀ ਭੁੱਲ ਜਾਂਦੀ ਹੈ, ਬਾਕੀ ਸਾਰੀਆਂ ਗੱਲਾਂ ਚੇਤੇ ਰਹਿ ਜਾਂਦੀਆਂ ਹਨ। 20 ਸਾਲ ਪਹਿਲਾਂ ਵਾਪਰੀ ਹੋਈ ਗੱਲ ਜ਼ਿਹਨ ਵਿਚ ਬੈਠੀ ਹੈ ਕਿ ਇਥੇ ਬਾਬਾ ਜੀ ਦਾ ਰੋਜ਼ ਕੀਰਤਨ ਸੁਣਿਆ ਜਾਂਦਾ ਹੈ, ਪਰ ਕਦੀ ਨਹੀਂ ਚੇਤੇ ਰਹਿੰਦਾ ਕਿ ਬਾਬਾ ਜੀ ! ਅੱਜ ਇਹ ਸ਼ਬਦ ਤੁਹਾਡਾ ਸੁਣ ਕੇ ਆਇਆ। ਬਾਬਾ ਜੀ ਨੇ ਬਾਣੀ ਵਿਚ ਕਿਹਾ -

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥
ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥ ੧॥ ਰਹਾਉ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ॥
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ॥

(ਅੰਗ ੧੨੫੩)

ਮੈਂ ਦਵਾਈ ਤਾਂ ਖਾਧੀ ਸੀ ਸੇਵਾ ਦੀ, ਪਰ ਹਜ਼ੂਰ ਕਹਿਣ ਲੱਗੇ ਪ੍ਰਹੇਜ਼ ਨਹੀਂ ਰੱਖਿਆ। ਭਾਈ ਸਾਹਿਬ ਨੇ ਪਹਿਲਾ ਬਚਨ ਕਿਹਾ-

ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗੁ

ਪ੍ਰੀਤਮ ਕੇ ਦੇਸ ਕੈਸੇ ਬਾਤਨ ਕੈ ਜਾਈਐ॥
ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਲਿਆ॥
ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ॥

(ਅੰਗ ੪੩੩)

ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ॥

(ਅੰਗ ੯੧੯)

ਪੂਛਤ ਹੈ ਬੈਦ ਖਾਤ ਅਉਖਧਿ ਨ ਸੰਜਮ ਸੈ,
ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ॥
ਪੂਛਤ ਸੁਹਾਗਨਿ ਕਰਮ ਹੈ ਦੁਹਾਗਨਿ ਕੈ,

ਮਨ ਗੱਲਾਂ ਸੁਹਾਗਣ ਵਾਲੀਆਂ ਕਰਦਾ ਹੈ। ਸੁਹਾਗਣਾਂ ਦਾ ਅਰਥ ਇਵੇਂ ਕਰ ਲਈਏ ਕਿ ਜਿਹੜੇ ਪਿਆਰੇ ਵਾਹਿਗੁਰੂ ਜੀ ਦੇ ਮਿਲਾਪ ਦੀ ਸੇਜ ਮਾਣਦੇ ਹਨ। ਗੱਲਾਂ ਕਰਦੇ ਹਾਂ ਬ੍ਰਹਮ-ਗਿਆਨੀਆਂ ਦੀਆਂ, ਗੱਲਾਂ ਕਰਦੇ ਹਾਂ ਮਹਾਂਪੁਰਸ਼ਾਂ ਦੀਆਂ, ਪਰ ਗੁਰਮੁਖੋ ! ਕਰਮ ਤਾਂ ਮਨਮੁਖਾਂ ਵਾਲੇ ਹਨ। ਕੀ ਸੁਹਾਗਣਾਂ ਵਾਲਾ ਚੋਲਾ ਪਾ ਕੇ ਵੇਸ਼ਵਾ ਕਹੇ ਕਿ ਮੈਂ ਸੁਹਾਗਣ ਹਾਂ ਤਾਂ ਭਾਈ, ਬਾਹਰ ਦਾ ਚੋਲਾ ਇਕ ਦ੍ਰਿਸ਼ ਹੈ, ਪਰ ਜਦੋਂ ਕਰਤੂਤ ਕਰੇਗੀ ਤਾਂ ਪਤਾ ਲੱਗ ਜਾਏਗਾ। ਚੋਲੇ ਸੁਹਾਗਣਾਂ ਵਾਲੇ ਤੇ ਕਰਤੂਤ ਦੁਹਾਗਣਾਂ ਵਾਲੀ ਹੈ। ਬਾਬਾ ਜੀ ਕਹਿਣ ਲੱਗੇ-

ਪੂਛਤ ਸੁਹਾਗਨਿ ਕਰਮ ਹੈ ਦੁਹਾਗਨਿ ਕੈ,
ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ॥
ਗਾਏ ਸੁਨੈ ਆਂਖੇ ਮੀਚੈ ਪਾਈਐ ਨ ਪਰਮ ਪਦੁ
ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ॥ ੪੩੯॥

(ਕਬਿੱਤ ਸਵੱਯੇ ਭਾ: ਗੁਰਦਾਸ)

ਜਿੰਨੀ ਦੇਰ ਤੱਕ ਗੁਰੂ ਦਾ ਉਪਦੇਸ਼ ਕਮਾਉਂਦੇ ਨਹੀਂ। ਕਮਾਉਣ ਤੋਂ ਬਿਨਾਂ ਜੇ ਮੱਥਾ ਵੀ ਟੇਕੀਏ ਤਾਂ ਹਰ ਗੱਲ ਨੂੰ ਨੈਗੇਟਿਵ ਨਾ ਸਮਝੀਏ, ਕਿਉਂਕਿ ਜ਼ਿੰਦਗੀ ਦਿਨੋ-ਦਿਨ ਘੱਟਦੀ ਪਈ ਹੈ ਤੇ ਮਨ ਅਜੇ ਵੀ ਚੱਲਣ ਲਈ ਤਿਆਰ ਨਹੀਂ। ਅਜੇ ਵੀ ਸੋਚਾਂ ਵਿਚ ਪਿਆ ਹੈ। ਕਈ ਤਰ੍ਹਾਂ ਦੇ ਤਰਕ ਵਿਤਰਕ ਕਰਦਾ ਹੈ, ਪਰ ਗੁਰਮੁਖੋ ! ਪ੍ਰਵਾਨ ਉਹੀ ਹੋਵੇਗਾ, ਜਿਹੜਾ ਸਤਿ ਬਚਨ ਕਰਕੇ ਮੰਨੇਗਾ। ਜੇ ਅਸੀਂ ਕਹਾਂਗੇ ਕਿ ਗੁਰੂ ਜੀ ਨੇ ਆਗਿਆ ਕੀਤੀ ਤੇ ਇਸ ਦੇ ਬਾਰੇ ਸੋਚਾਂਗੇ। ਜਿਹੜਾ ਬੰਦਾ ਸੋਚਣ ਦੀ ਗੱਲ ਕਹਿੰਦਾ ਹੈ, ਯਾਦ ਰੱਖਿਉ, ਉਹ ਮੰਨਣ ਤੋਂ ਬਹੁਤ ਦੂਰ ਹੈ। ਜਿਸ ਨੇ ਮੰਨਣਾ ਹੈ, ਉਹ ਕਦੀ ਸੋਚਣ ਦੀ ਗੱਲ ਨਹੀਂ ਕਰਦਾ। ਜੇ ਅੰਮ੍ਰਿਤ ਛੱਕਣਾ ਹੁੰਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਪਰਿਵਾਰ ਕੋਲੋਂ ਪੁੱਛਾਂਗੇ। ਜਿਸ ਦਿਨ ਮੌਤ ਨੇ ਆਉਣਾ ਹੈ ਤਾਂ ਕਦੀ ਜਮਦੂਤ ਨੂੰ ਕਹਾਂਗੇ ਕਿ ਰੁਕ ਜਾ, ਪਹਿਲਾਂ ਘਰ ਦੇ ਜੀਆਂ

ਕੋਲੋਂ ਪੁੱਛ ਲਈਏ ਕਿ ਮੈਂ ਮਰਨਾ ਹੈ ਕਿ ਨਹੀਂ। ਮੌਤ ਕਦੀ ਕਿਸੇ ਕੋਲੋਂ ਪੁੱਛਦੀ ਨਹੀਂ, ਪਰ ਧਰਮ ਕਮਾਉਂਦਿਆਂ ਅਸੀਂ ਲੋਕਾਂ ਕੋਲੋਂ ਕਿਉਂ ਪੁੱਛੀਏ। ਧਰਮ ਕਮਾਉਂਦਿਆਂ, ਆਗਿਆ ਕਮਾਉਂਦਿਆਂ ਕਦੀ ਦੂਜੇ ਕੋਲੋਂ ਪੁੱਛ ਨਾ।

ਦੇਖੋ, ਕਈ ਵਾਰੀ ਵਿਅਕਤੀ ਤੌਰ 'ਤੇ ਸਾਨੂੰ ਹੁਕਮ ਇੰਝ ਲੱਗਦਾ ਹੈ ਕਿ ਸ਼ਾਇਦ ਮੇਰੇ ਲਈ ਨੁਕਸਾਨਦੇਹ ਹੈ। ਕਈ ਵਾਰੀ ਬੰਦਾ ਸੋਚ ਲੈਂਦਾ ਹੈ ਕਿ ਜੋ ਕੁਝ ਮੇਰੇ ਨਾਲ ਵਾਪਰ ਰਿਹਾ ਹੈ, ਇਹ ਮੇਰੇ ਲਈ ਨੁਕਸਾਨਦਾਇਕ ਤਾਂ ਨਹੀਂ। ਸਾਨੂੰ ਇਹ ਪਤਾ ਨਹੀਂ ਕਿ ਹੁਕਮ ਵਿਚ ਖੇਡ ਕੀ ਵਰਤਦੀ ਹੈ, ਸਾਨੂੰ ਤਾਂ ਮੰਨਣ ਕਰਕੇ ਭਲਾ ਮਿਲੇਗਾ। ਇਥੇ ਇਕ ਬਹੁਤ ਪਿਆਰਾ ਬਚਨ ਹੈ। ਅਸੀਂ ਡਾਕਟਰ ਕੋਲ ਜਾਂਦੇ ਹਾਂ, ਮੰਨ ਲਉ ਆਪਣੀ ਪੀੜਾ ਦੱਸੀ। ਉਸ ਨੇ ਪੇਪਰ ਲਿਆ ਤੇ ਪੇਪਰ ਦੇ ਉੱਪਰ ਉਸਨੇ ਦਵਾਈ ਲਿਖ ਦਿੱਤੀ ਕਿ ਇਹ ਗੋਲੀਆਂ ਹਨ, ਇਹ ਕੈਪਸੂਲ ਹਨ, ਇਹ ਦਵਾਈ ਤੂੰ ਖਾਣੀ ਹੈ। ਇਨਸਾਨ ਜੇ ਡਾਕਟਰ ਦੀ ਲਿਖੀ ਹੋਈ ਦਵਾਈ ਨੂੰ ਪੜ੍ਹ ਕੇ ਇਹ ਸ਼ਬਦ ਕਹਿਣ ਲੱਗ ਪਵੇ ਕਿ ਡਾਕਟਰ ਸਾਹਿਬ ! ਮੈਨੂੰ ਇਕ ਗੱਲ ਦੱਸੋ ਕਿ ਜਿਹੜੀ ਦਵਾਈ ਤੁਸੀਂ ਮੈਨੂੰ ਦਿੱਤੀ ਹੈ, ਇਸ ਕੈਪਸੂਲ ਵਿਚ, ਇਸ ਗੋਲੀ ਵਿਚ ਫਾਲਟ ਕਿਹੜੇ ਪਏ ਹਨ ? ਕਦੀ ਵੀ ਕਿਸੇ ਰੋਗੀ ਨੇ ਮੇਰਾ ਖ਼ਿਆਲ ਇਹ ਸਵਾਲ ਨਹੀਂ ਕੀਤਾ। ਅਨਪੜ੍ਹ ਤੋਂ ਅਨਪੜ੍ਹ ਬੀਮਾਰ ਜਾਂਦਾ ਹੈ ਤਾਂ ਉਹ ਜੋ ਕੁਝ ਡਾਕਟਰ ਨੇ ਲਿਖ ਦਿੱਤਾ, ਉਹ ਦੁਕਾਨ 'ਤੇ ਜਾ ਕੇ ਦਵਾਈਆਂ ਖ਼ਰੀਦ ਲੈਂਦਾ ਹੈ ਤੇ ਪਹਿਚਾਣ ਕਰਦਾ ਹੈ ਕਿ ਇਹ ਲਾਲ ਰੰਗ ਵਾਲੀ, ਇਹ ਪੀਲੇ ਰੰਗ ਵਾਲੀ ਸਵੇਰੇ-ਦੁਪਹਿਰੇ-ਸ਼ਾਮ ਖਾਣੀ ਹੈ, ਤੇ ਜਿਹੜਾ ਇਹ ਪੁੱਛਣ ਲੱਗ ਪਵੇ ਖਾਣ ਤੋਂ ਪਹਿਲਾਂ ਦੱਸੋ ਕਿ ਇਸ ਦੇ ਵਿਚ ਫਾਲਟ ਕੀ ਹਨ ਤਾਂ ਡਾਕਟਰ ਕਹੇਗਾ ਇਕ ਕੰਮ ਕਰੀਂ ਕਿ ਇਸ ਦਵਾਈ ਬਾਰੇ, ਫਾਲਟ ਬਾਰੇ ਪੁੱਛਦਾ ਹੈਂ, ਜੇ ਤੂੰ ਇਸ ਦੇ ਬਾਰੇ ਅੰਦਰੂਨੀ ਕੁਝ ਜਾਣਨਾ ਚਾਹੁੰਦਾ ਹੈਂ ਤਾਂ ਪੱਚੀ-ਤੀਹ ਸਾਲ ਦੀ ਪੜ੍ਹਾਈ ਤੋਂ ਬਾਅਦ ਪਤਾ ਲੱਗਦਾ ਹੈ ਕਿ ਇਸ ਦੇ ਵਿਚ ਫਾਲਟ ਕੀ ਹਨ। ਤੇਰਾ ਭਲਾ ਇਸ ਦੇ ਵਿਚ ਹੀ ਹੈ ਕਿ ਤੂੰ ਸਤਿ ਬਚਨ ਕਰਕੇ ਦਵਾਈ ਖਾ। ਜੋ ਕਿਹਾ ਗਿਆ ਹੈ, ਤੂੰ ਉਸਨੂੰ ਮੰਨ ਲੈ। ਪਿਆਰਿਉ ! ਜੇ ਇਕ ਡਾਕਟਰ ਦੀ ਦਵਾਈ 'ਤੇ ਆਪਾਂ ਤਰਕ ਨਹੀਂ ਕਰਦੇ, ਕੌੜੀ ਵੀ ਹੋਵੇ ਤਾਂ ਸਤਿ ਬਚਨ ਕਰਕੇ ਖਾਂਦੇ ਹਾਂ, ਸਾਨੂੰ ਯਕੀਨ ਹੈ ਕਿ ਇਸ ਦੀ ਦਵਾਈ ਮੈਨੂੰ ਅਰੋਗਤਾ ਦੇਵੇਗੀ। ਪਿਆਰਿਉ ! ਜਦੋਂ ਪ੍ਰਮਾਤਮਾ ਦਾ ਹੁਕਮ ਵਾਪਰਦਾ ਹੋਵੇ, ਤੈਨੂੰ ਬਾਹਰਮੁੱਖੀ ਦਿੱਸੇ ਕਿ ਮੇਰਾ ਨੁਕਸਾਨ ਹੋ ਰਿਹਾ ਹੈ, ਤਾਂ ਤੂੰ ਸਤਿ ਬਚਨ ਕਰਕੇ ਮੰਨ ਜਾ, ਇਸ ਦੇ ਵਿਚ ਹੀ ਤੇਰਾ ਭਲਾ ਹੈ।

ਆਗਿਆ ਅਤੇ ਤਰਕ ਇਹ ਦੋ ਚੀਜ਼ਾਂ ਇਕੱਠੀਆਂ ਹਨ। ਭਾਵੇਂ ਅੱਜ ਸਿੱਖ ਸਮਾਜ ਵਿਚ ਵੀ ਇਹ ਗੱਲ ਦਿਨੋ-ਦਿਨ ਪ੍ਰਚਲਿਤ ਹੋ ਰਹੀ ਹੈ। ਅਸੀਂ ਕਹਿੰਦੇ ਹਾਂ ਕਿ ਹਰ ਗੱਲ ਨੂੰ ਤਰਕ ਨਾਲ ਸਮਝੋ। ਕੋਈ ਸ਼ੱਕ ਨਹੀਂ। ਤਰਕ ਬਹੁਤ ਵੱਡੀ ਚੀਜ਼ ਹੈ, ਪਰ ਜਦੋਂ ਪ੍ਰਮਾਰਥ ਵਾਲਾ ਰਸਤਾ ਆਵੇ ਤਾਂ ਉਦੋਂ ਤਰਕ ਨਹੀਂ ਚੱਲਦਾ, ਉਦੋਂ ਸਤਿ ਬਚਨ ਹੀ ਚੱਲਦਾ ਹੈ। ਜੇਕਰ ਅੱਜ ਕੋਈ ਤਰਕ ਕਰੇਗਾ ਤਾਂ ਮੇਰਾ ਖ਼ਿਆਲ ਹੈ ਕਿ ਗੁਰੂ ਦੇ ਬਚਨ ਉੱਤੇ ਤਰਕ ਕਰਕੇ

ਬੰਦੇ ਨੂੰ ਮੰਜ਼ਿਲ ਨਹੀਂ ਮਿਲੇਗੀ, ਸਤਿ ਬਚਨ ਕਰਕੇ ਮਿਲੇਗੀ, ਕਿਉਂਕਿ ਪੜ੍ਹਿਆ ਲਿਖਿਆ ਸਮਾਜ ਕਹੇਗਾ ਕਿ ਦੁਨੀਆਂ ਇੰਨੀ ਅੱਗੇ ਚਲੀ ਗਈ ਅਤੇ ਇਹਨਾਂ ਨੂੰ ਪਤਾ ਹੀ ਨਹੀਂ, ਇਹ ਅਜੇ ਪੁਰਾਣੀਆਂ ਗੱਲਾਂ ਚੁੱਕੀ ਫਿਰਦੇ ਹਨ। ਤਰਕ ਤੇ ਸਤਿ ਬਚਨ ਇਹ ਅੱਜ ਤੋਂ ਨਹੀਂ ਸਗੋਂ ਇਹ ਕਰਤਾਰਪੁਰ ਤੋਂ ਸ਼ੁਰੂ ਹੋ ਗਿਆ ਸੀ। ਬਾਬਾ ਨਾਨਕ ਜੀ ਨੇ ਕਰਤਾਰਪੁਰ ਗੱਦੀ ਦਿੱਤੀ ਬਾਬਾ ਲਹਿਣਾ ਜੀ ਨੂੰ। ਕੀ ਤਰਕ ਤੇ ਸਤਿ ਬਚਨ ਦਾ ਉਥੇ ਆਪਸੀ ਵਿਵਾਦ ਨਹੀਂ ਹੋਇਆ ? ਸਿੱਖਾਂ ਨੇ ਇਹੀ ਕਿਹਾ, ਮਹਾਰਾਜ ! ਸੰਗਤ ਵੀ ਬਹੁਤ ਆਈ ਹੈ, ਪਰ ਲੱਕੜਾਂ ਬਾਹਰ ਪਈਆਂ ਸਨ। ਮੀਂਹ ਇੰਨਾ ਪਿਆ ਕਿ ਲੱਕੜਾਂ ਭਿੱਜ ਗਈਆਂ ਹਨ, ਲੰਗਰ ਦਾ ਪ੍ਰਬੰਧ ਕਿਵੇਂ ਹੋਵੇ ? ਸਤਿਗੁਰੂ ਬਾਹਰ ਆ ਕੇ ਕਹਿਣ ਲੱਗੇ ਕਿ ਇਹ ਕਿਹੜੀ ਵੱਡੀ ਗੱਲ ਹੈ। ਲੱਕੜਾਂ ਭਿੱਜ ਗਈਆਂ ਹਨ ਤਾਂ ਕੀ ਹੋਇਆ, ਸੰਗਤ ਜਿੰਨੀ ਮਰਜ਼ੀ ਆਏ। ਆਵਾਜ਼ ਦੇ ਕੇ ਕਿਹਾ ਸੀ, ਬੇਟਾ ! ਸਾਹਮਣੇ ਕਿੱਕਰ ਹੈ, ਇਸ ਦੇ ਤਣੇ ਨੂੰ ਹੱਥ ਪਾ ਕੇ ਕਿੱਕਰ 'ਤੇ ਚੜ੍ਹੋ ਤੇ ਇਸ ਦੇ ਟਾਹਣੇ ਨੂੰ ਜ਼ੋਰ ਨਾਲ ਹਿਲਾਉ। ਇਸ ਕਿੱਕਰ ਦੇ ਟਾਹਣਿਆਂ ਨਾਲੋਂ ਮਠਿਆਈ ਡਿੱਗੇਗੀ। ਤਰਕ ਨੇ ਕਿਹਾ, ਖ਼ੂਨ ਦਾ ਰਿਸ਼ਤਾ ਸੀ, ਸਤਿ ਬਚਨ ਨਹੀਂ ਸੀ, ਤਰਕ ਸੀ। ਉਹਨਾਂ ਕਿਹਾ, ਬਾਪੂ ਜੀ ! ਦੇਖੋ ਇਹ ਕਿਹੜੀ ਗੱਲ ਤੁਸੀਂ ਕਰਦੇ ਪਏ ਹੋ, ਇਹ ਠੀਕ ਨਹੀਂ ਹੈ। ਕਿੱਕਰ ਨੂੰ ਅੱਜ ਤੱਕ ਕੰਡੇ ਲੱਗੇ ਦੇਖੇ ਹਨ, ਕਦੀ ਨਹੀਂ ਦੇਖਿਆ ਕਿ ਕਿੱਕਰ ਨੂੰ ਮਠਿਆਈ ਲੱਗੀ ਹੋਵੇ। ਦੇਖੋ ਤੁਸੀਂ ਦਲੀਲ ਦੀ ਗੱਲ ਕਰੋ। ਜੇ ਅੱਜ ਪੜ੍ਹੇ ਲਿਖੇ ਕਹਿਣ ਤਾਂ ਸੱਚਮੁੱਚ ਕਿੱਕਰ ਨੂੰ ਕਦੀ ਮਠਿਆਈ ਨਹੀਂ ਲੱਗਦੀ। ਤਰਕ ਕਹਿੰਦਾ ਹੈ ਕਿ ਕਿੱਕਰ ਨੂੰ ਕੰਡੇ ਹੀ ਲੱਗਦੇ ਹਨ, ਤਰਕ ਕਹਿ ਰਿਹਾ ਸੀ ਕਿ ਕਦੀ ਵੀ ਉਸ ਨੂੰ ਮਠਿਆਈ ਨਹੀਂ ਲੱਗਦੀ, ਪਰ ਜਦੋਂ ਇਸ਼ਾਰਾ ਕੀਤਾ ਲਹਿਣਿਆ ! ਦੂਜੀ ਗੱਲ ਹੀ ਕੋਈ ਨਹੀਂ ਕੀਤੀ ਤੇ ਛਾਲ ਮਾਰ ਕੇ ਕਿੱਕਰ 'ਤੇ ਚੜ੍ਹ ਗਏ। ਕੀ ਉਹਨਾਂ ਕੋਲ ਤਰਕ ਨਹੀਂ ਸੀ ? ਨਹੀਂ ਪਿਆਰਿਉ ! ਜਦੋਂ ਗੁਰੂ ਦੀ ਗਾਖੜੀ ਕਾਰ ਕਮਾਉਣੀ ਹੈ ਤਾਂ ਉਦੋਂ ਤਰਕ ਨਾ ਕਰੀਂ, ਉਦੋਂ ਸਤਿ ਬਚਨ ਕਰੀ ਜਾਈਂ। ਸਤਿ ਬਚਨ ਵਿਚ ਹੀ ਭਲਾ ਹੈ। ਇਥੇ ਬਚਨ ਆਇਆ ਕਿ ਆਗਿਆ ਸਤਿ ਕਰਕੇ ਮੰਨੀ ਤੇ ਜੇ ਬੰਦਾ ਮੰਨੇ ਵੀ ਨਾ ਤੇ ਅਸੀਂ ਕਹੀ ਜਾਈਏ ਆਖ਼ਿਰ ਮੱਥਾ ਟੇਕਿਆ ਹੈ। ਜਦੋਂ ਅੰਮ੍ਰਿਤ ਦੀ ਗੱਲ ਚੱਲਦੀ ਹੈ ਤਾਂ ਅਸੀਂ ਕਹਿੰਦੇ ਹਾਂ, ਬਾਣੀ ਪੜ੍ਹਦੇ ਹਾਂ, ਸੇਵਾ ਵੀ ਬੜੀ ਕਰਦੇ ਹਾਂ, ਅੰਮ੍ਰਿਤ 'ਤੇ ਆ ਕੇ ਅਸੀਂ ਪਿਛਾਂਹ ਨੂੰ ਹੱਥ ਖਿੱਚ ਲੈਂਦੇ ਹਾਂ। ਕੀ ਕਰਾਂਗੇ ਮੱਥਾ ਟੇਕ ਕੇ ? ਸਤਿਗੁਰੂ ਨੇ ਤਾਂ ਬਾਣੀ ਵਿਚ ਕਿਹਾ–

ਸਲਾਮੁ ਜਬਾਬੁ ਦੋਵੈ ਕਰੇ

ਮੱਥਾ ਵੀ ਟੇਕਿਆ, ਨਮਸਕਾਰ ਵੀ ਕੀਤੀ, ਪਰ ਮੱਥਾ ਟੇਕਣ ਤੋਂ ਬਾਅਦ ਜੋ ਗੁਰੂ ਜੀ ਨੇ ਕਿਹਾ, ਉਸ ਉੱਪਰ ਤਰਕ ਵੀ ਕਰ ਦਿੱਤਾ। ਜਵਾਬ ਦੇ ਦਿੱਤਾ ਕਿ ਮੇਰੇ ਕੋਲੋਂ ਇਹ ਨਹੀਂ ਹੋ ਸਕਦਾ। ਪਿਆਰਿਉ ! ਕਦੀ ਵੀ ਇਹ ਸ਼ਬਦ ਨਾ ਵਰਤੀਏ ਕਿ ਮੇਰੇ ਕੋਲੋਂ ਨਹੀਂ ਹੋ ਸਕਦਾ। ਜੇ ਆਪਾਂ ਕਰਨਾ ਹੋਵੇ ਤਾਂ ਸਾਡੇ ਕੋਲੋਂ ਕਦੀ ਵੀ ਨਹੀਂ ਹੋਵੇਗਾ, ਜਦੋਂ ਗੁਰੂ ਹੁਕਮ ਦਿੰਦਾ ਹੈ ਤਾਂ ਸੱਚ ਜਾਣੋ, ਫਿਰ ਮਨਾਉਣਾ ਵੀ ਉਸ ਨੇ ਖ਼ੁਦ ਹੀ ਹੁੰਦਾ ਹੈ। ਭਾਈ ਅੰਮ੍ਰਿਤ

ਨੇ ਤਾਂ ਸਾਨੂੰ ਰਸਨਾ ਹੈ, ਅਸੀਂ ਕੌਣ ਹੁੰਦੇ ਹਾਂ ਅੰਮ੍ਰਿਤ ਨੂੰ ਰਸਨ ਵਾਲੇ। ਰਹਿਤ ਰੱਖ ਲੈਣੀ, ਨਹੀਂ ਪਿਆਰਿਓ ! ਰਹਿਤ ਦਾ ਦਾਤਾ ਸਮਰੱਥ ਸਤਿਗੁਰੂ ਹੈ। ਰਹਿਤ ਤਾਂ ਉਸ ਨੇ ਆਪਣੀ ਕ੍ਰਿਪਾ ਨਾਲ ਰਖਾਉਣੀ ਹੈ।

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥

(ਆਸਾ ਦੀ ਵਾਰ)

ਹੁਣ ਸਿੱਖ ਕਿਵੇਂ ਸਤਿ ਬਚਨ ਕਰਕੇ ਮੰਨੇ ? ਸਤਿਗੁਰੂ ਨੇ ਬਾਣੀ ਵਿਚ ਫ਼ੁਰਮਾਇਆ ਹੈ ਕਿ ਜਿਨ੍ਹਾਂ ਨੇ ਹੁਕਮ ਮੰਨਿਆ –

ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥

ਜੋ ਆਗਿਆ ਕਰ ਦਿੱਤੀ, ਉਸ ਤੋਂ ਮੂੰਹ ਨਹੀਂ ਮੋੜਿਆ। ਅਗਲਾ ਕੰਮ ਕੀ ਹੈ ? ਕਈ ਵਾਰੀ ਬੰਦਾ ਹੁਕਮ ਸੁਣ ਲੈਂਦਾ ਹੈ ਤੇ ਫਿਰ ਸ਼ਬਦ ਕਹਿੰਦਾ ਹੈ ਕਿ ਚਲੋ ਹੁਣ ਤਾਂ ਮੰਨਣਾ ਹੀ ਪੈਣਾ ਹੈ।

ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ

ਸਹਿਜ ਅਤੇ ਆਨੰਦ ਆਪਣੇ ਹਿਰਦੇ ਵਿਚ ਰੱਖੋ। ਇਹ ਨਹੀਂ ਕਿ ਸਰੀਰ ਕਹੇ ਕਿ ਗੁਰੂ ਨੇ ਕਿਹਾ ਸੀ ਅੰਮ੍ਰਿਤ ਵੇਲੇ ਉੱਠਣਾ ਹੈ ਤੇ ਅੰਦਰ ਕਹੀ ਜਾਏ ਕਿ ਲੋਕ ਤਾਂ ਚੰਗੇ ਭਲੇ ਸੁੱਤੇ ਹਨ, ਤੂੰ ਕਿਹੜੇ ਪਾਸੇ ਪੈ ਗਿਆ ਹੈਂ। ਨਹੀਂ, ਅੰਦਰ ਕੁਝ ਕਹੇ, ਸਰੀਰ ਕੁਝ ਕਹੇ, ਜਿਹੜਾ ਹੁਕਮ ਮੰਨਦਾ ਹੈ, ਉਹ ਅੰਦਰ ਸਹਿਜ ਆਨੰਦ ਨੂੰ ਟਿਕਾਅ ਕੇ ਜੋ ਗੁਰੂ ਨੇ ਕਿਹਾ, ਉਸ ਨੂੰ ਚਾਅ ਨਾਲ ਮੰਨਦਾ ਹੈ।

ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥ ੨ ॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥ ੩ ॥

(ਅੰਗ ੧੦੦੦)

ਜੋ ਗੁਰੂ ਨੇ ਹੁਕਮ ਕੀਤਾ, ਉਸ ਨੂੰ ਆਪਣੇ ਸਿਰ ਮੱਥੇ ਪ੍ਰਵਾਨ ਕੀਤਾ।

ਬੋਲਹੁ ਭਾਈ ਹਰਿ ਕੀਰਤਿ ਹਰਿ ਭਵਜਲ ਤੀਰਥਿ॥

ਹੇ ਭਾਈ ! ਸੇਵਕ ਅਖਵਾਣ ਵਾਲੇ, ਸਿੱਖ ਅਖਵਾਣ ਵਾਲੇ ਸਾਰੇ ਗੁਰੂ ਦਰ 'ਤੇ ਪ੍ਰਭੂ ਦੀ ਪੂਜਾ ਕਰਨ, ਭਗਤੀ ਕਰਨ ਆਉਂਦੇ ਹਨ ਅਤੇ ਪ੍ਰਮਾਤਮਾ ਦੀ ਸਿਫ਼ਤਿ ਸਾਲਾਹ ਨਾਲ ਭਰਪੂਰ ਸ੍ਰੇਸ਼ਟ ਗੁਰਬਾਣੀ ਗਾਂਦੇ ਹਨ। ਸਤਿਗੁਰੂ ਕਹਿੰਦੇ ਹਨ ਕਿ ਗੁਰਸਿੱਖੋ ! ਸੰਸਾਰ ਸਮੁੰਦਰ ਤੋਂ ਪਾਰ ਲੰਘਾਣ ਵਾਲੇ ਗੁਰੂ ਦੀ ਸਿਫ਼ਤੋ–ਸਾਲਾਹ ਕਰੋ।

ਹਰਿ ਦਰਿ ਤਿਨ ਕੀ ਊਤਮ ਬਾਤ ਹੈ ਸੰਤਹੁ
ਹਰਿ ਕਥਾ ਜਿਨ ਜਨਹੁ ਜਾਨੀ॥ ਰਹਾਉ॥

ਜਿਨ੍ਹਾਂ ਨੇ ਗੁਰੂ ਦੀ ਕਥਾ ਨੂੰ ਸਮਝ ਲਿਆ, ਉਹਨਾਂ ਨੇ ਉਸ ਨਾਲ ਡੂੰਘੀ ਸਾਂਝ ਪਾਈ। ਪ੍ਰਮਾਤਮਾ ਉਹਨਾਂ ਮਨੁੱਖਾਂ ਦਾ ਬਾਣੀ ਗਾਉਣਾ ਅਤੇ ਸੁਣਨਾ ਕਬੂਲ ਕਰਦਾ ਹੈ, ਜਿਨ੍ਹਾਂ ਗੁਰੂ ਦੇ ਹੁਕਮ ਨੂੰ ਬਿਲਕੁਲ ਸਹੀ ਜਾਣ ਕੇ ਉਸ ਉਤੇ ਅਮਲ ਕੀਤਾ ਹੈ।

ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ॥

ਧੰਨ ਗੁਰੂ ਰਾਮਦਾਸ ਪਾਤਿਸ਼ਾਹ ਬਖ਼ਸ਼ਿਸ਼ਾਂ ਕਰਦੇ ਹਨ ਕਿ ਹੇ ਭਾਈ ! ਪ੍ਰਭੂ ਆਪ ਹੀ ਗੁਰੂ ਹੈ, ਆਪ ਹੀ ਸਿੱਖ ਹੈ ਅਤੇ ਪ੍ਰਭੂ ਆਪ ਹੀ ਅਚਰਜ ਤਮਾਸ਼ੇ ਕਰਨ ਵਾਲਾ ਹੈ।

ਜਨ ਨਾਨਕ ਆਪਿ ਮਿਲਾਏ ਸੋਈ ਹਰਿ ਮਿਲਸੀ
ਅਵਰ ਸਭ ਤਿਆਗਿ ਓਹਾ ਹਰਿ ਭਾਨੀ॥ ੨॥ ੫॥ ੧੧॥

ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਕਹਿਣ ਲੱਗੇ ਕਿ ਉਹੀ ਮਨੁੱਖ ਪ੍ਰਮਾਤਮਾ ਨੂੰ ਮਿਲ ਸਕਦਾ ਹੈ, ਜਿਸ ਨੂੰ ਪ੍ਰਮਾਤਮਾ ਆਪ ਮਿਲਾਉਂਦਾ ਹੈ। ਉਸ ਦੀ ਕ੍ਰਿਪਾ ਤੋਂ ਬਿਨਾਂ ਕੋਈ ਉਸ ਨੂੰ ਪ੍ਰਾਪਤ ਨਹੀਂ ਕਰ ਸਕਦਾ। ਕਹਿਣ ਲੱਗੇ, ਹੇ ਭਾਈ ! ਬਾਕੀ ਸਾਰੇ ਆਸਰੇ ਪਰਨੇ ਛੱਡ ਦੇ ਤੇ ਗੁਰੂ ਦੀ ਆਗਿਆ ਵਿਚ, ਉਸ ਦੇ ਹੁਕਮ ਵਿਚ ਤੁਰ ਤੇ ਉਸ ਦੀ ਸਿਫ਼ਤੋ-ਸਾਲਾਹ ਕਰਿਆ ਕਰ। ਪ੍ਰਮਾਤਮਾ ਨੂੰ ਉਸ ਦੀ ਹੀ ਕੀਤੀ ਹੋਈ ਸਿਫ਼ਤੋ-ਸਾਲਾਹ ਪਿਆਰੀ ਲੱਗਦੀ ਹੈ। ਉਹੀ ਮਨੁੱਖ ਪ੍ਰਮਾਤਮਾ ਦੇ ਦਰ 'ਤੇ ਪ੍ਰਵਾਨ ਹੈ, ਜਿਹੜਾ ਉਸ ਦੇ ਦੱਸੇ ਹੋਏ ਮਾਰਗ 'ਤੇ ਚੱਲਦਾ ਹੈ।

ਸਤਿਗੁਰੂ ਸਾਡੇ ਸਾਰਿਆਂ 'ਤੇ ਮੇਹਰ ਕਰਨ ਅਤੇ ਸਾਨੂੰ ਆਪਣੇ ਚਰਨਾਂ ਨਾਲ ਜੋੜਨ ਤਾਂ ਜੋ ਅਸੀਂ ਵੀ ਗੁਰੂ ਦੇ ਦਰ 'ਤੇ ਜਾ ਕੇ ਸੇਵਾ ਕਰੀਏ ਅਤੇ ਉਸ ਦੀ ਸਿਫ਼ਤੋ-ਸਾਲਾਹ ਦੇ ਗੀਤ ਗਾਈਏ। ਪ੍ਰਮਾਤਮਾ ਦੇ ਹੁਕਮ ਅਨੁਸਾਰ ਚੱਲੀਏ। ਉਸ ਦੇ ਭਾਣੇ ਨੂੰ ਮੰਨੀਏ ਅਤੇ ਉਸ ਦੇ ਵਿਚ ਹੀ ਖ਼ੁਸ਼ ਰਹੀਏ। ਕਦੀ ਉਸ ਦੇ ਕੀਤੇ ਹੋਏ 'ਤੇ ਤਰਕ ਨਾ ਕਰੀਏ। ਜਿਹੜੇ ਉਸ ਦੀ ਆਗਿਆ ਵਿਚ ਚੱਲਦੇ ਹਨ, ਉਹ ਉਸ ਦੇ ਦਰ 'ਤੇ ਪ੍ਰਵਾਨ ਹੋ ਜਾਂਦੇ ਹਨ। ਇੰਨੀਆਂ ਬੇਨਤੀਆਂ ਸਵੀਕਾਰ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

ਗੁਰ ਪਰਸਾਦੀ ਪਾਇਆ ਜਾਇ

ਧਨਾਸਰੀ ਮਹਲਾ ੧ ॥

ਨਦਰਿ ਕਰੇ ਤਾ ਸਿਮਰਿਆ ਜਾਇ ॥
ਆਤਮਾ ਦ੍ਰਵੈ ਰਹੈ ਲਿਵ ਲਾਇ ॥
ਆਤਮਾ ਪਰਾਤਮਾ ਏਕੋ ਕਰੈ ॥
ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ੧ ॥
ਗੁਰ ਪਰਸਾਦੀ ਪਾਇਆ ਜਾਇ ॥
ਹਰਿ ਸਿਉ ਚਿਤੁ ਲਾਗੈ ਫਿਰਿ
ਕਾਲੁ ਨ ਖਾਇ ॥ ੧ ॥ ਰਹਾਉ ॥
ਸਚਿ ਸਿਮਰਿਐ ਹੋਵੈ ਪਰਗਾਸੁ ॥
ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥
ਸਤਿਗੁਰ ਕੀ ਐਸੀ ਵਡਿਆਈ ॥
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥ ੨ ॥
ਐਸੀ ਸੇਵਕੁ ਸੇਵਾ ਕਰੈ ॥
ਜਿਸ ਕਾ ਜੀਉ ਤਿਸੁ ਆਗੈ ਧਰੈ ॥
ਸਾਹਿਬ ਭਾਵੈ ਸੋ ਪਰਵਾਣੁ ॥
ਸੋ ਸੇਵਕੁ ਦਰਗਹ ਪਾਵੈ ਮਾਣੁ ॥ ੩ ॥
ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥
ਜੋ ਇਛੈ ਸੋਈ ਫਲੁ ਪਾਏ ॥
ਸਾਚਾ ਸਾਹਿਬੁ ਕਿਰਪਾ ਕਰੈ ॥
ਸੋ ਸੇਵਕੁ ਜਮ ਤੇ ਕੈਸਾ ਡਰੈ ॥ ੪ ॥
ਭਨਤਿ ਨਾਨਕੁ ਕਰੇ ਵੀਚਾਰੁ ॥
ਸਾਚੀ ਬਾਣੀ ਸਿਉ ਧਰੇ ਪਿਆਰੁ ॥

ਤਾ ਕੋ ਪਾਵੈ ਮੋਖ ਦੁਆਰੁ॥

ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ॥੫॥੨॥੪॥

(ਅੰਗ ੬੬੧)

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿਚ ਸੁਭਾਏਮਾਨ ਸਤਿਸੰਗੀ ਜਨੋਂ ! ਅੱਜ ਦਾ ਹੁਕਮਨਾਮਾ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਰਸਨਾ ਤੋਂ ਉਚਾਰਨ ਕੀਤਾ ਹੋਇਆ ਹੈ। ਨਾਨਕ ਪਾਤਿਸ਼ਾਹ ਜੀ ਸਮਝਾਉਂਦੇ ਹਨ ਸਿੱਖਾ ! ਗੱਲ ਵੇਸ ਨਾਲ ਨਹੀਂ ਬਣਨੀ, ਗੱਲ ਗ੍ਰਹਿਣ ਕਰਨ ਨਾਲ ਬਣੇਗੀ। ਇਸ ਪਾਵਨ ਪਵਿੱਤਰ ਹੁਕਮਨਾਮੇ ਦੀ ਜੋ ਕੇਂਦਰੀ ਪੰਗਤੀ ਹੈ, ਉਹ ਹੈ

ਗੁਰ ਪਰਸਾਦੀ ਪਾਇਆ ਜਾਇ॥

ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ॥ ੧॥ ਰਹਾਉ॥

ਗੁਰੂ ਦੀ ਕ੍ਰਿਪਾ ਦੇ ਨਾਲ ਉਸ ਨੂੰ ਪਰੀਪੂਰਨ ਪ੍ਰਮਾਤਮਾ ਦੀ ਪ੍ਰਾਪਤੀ ਹੋਵੇਗੀ, ਪਰ ਪਰੀਪੂਰਨ ਪ੍ਰਮਾਤਮਾ ਦੀ ਪ੍ਰਾਪਤੀ ਦਾ ਇਕੋ ਇਕ ਢੰਗ ਹੈ ਕਿ ਤੂੰ ਗੁਰੂ ਦੇ ਉਪਦੇਸ਼ ਨਾਲ ਆਪਣੇ ਮਨ ਨੂੰ ਜੋੜਨ ਦਾ ਯਤਨ ਕਰ। ਵੱਖ-ਵੱਖ ਵਿਚਾਰਧਾਰਾ ਹੋਣ ਕਰਕੇ ਜਿਵੇਂ-ਜਿਵੇਂ ਸਤਿਗੁਰ ਪਾਤਿਸ਼ਾਹ ਸਾਡੇ 'ਤੇ ਕ੍ਰਿਪਾ ਕਰਨਗੇ, ਖੁਲਾਸੇ ਦੇ ਸਹਿਤ ਅਸੀਂ ਵਿਚਾਰਨ ਦਾ ਯਤਨ ਕਰਾਂਗੇ, ਪਰ ਗੁਰਮੁਖੋ ! ਅਨੰਤ ਦੇ ਵਿਚਾਰਾਂ ਨੂੰ ਅਣਖ ਵਾਲਾ ਮਨੁੱਖ ਕਦੀ ਆਪਣੀ ਵਿੱਦਿਆ ਨਾਲ ਪੂਰਨ ਤੌਰ 'ਤੇ ਕਹਿ ਨਹੀਂ ਸਕਦਾ। ਗੁਰੂ ਦੀ ਬਾਣੀ ਬੇਅੰਤ ਹੈ। ਪਰੀਪੂਰਨ ਪ੍ਰਮਾਤਮਾ ਅਨੰਤ ਹੈ ਅਤੇ ਪਰੀਪੂਰਨ ਪ੍ਰਮਾਤਮਾ ਦਾ ਬਣਾਇਆ ਹੋਇਆ ਮਨੁੱਖ ਅਨੰਤ ਦਾ ਅੰਤ ਕਦੀ ਨਹੀਂ ਪਾ ਸਕੇਗਾ। ਅਸੀਂ ਕਿਰਤ ਹਾਂ, ਸਾਡਾ ਕਰਤਾ ਕਰਤਾਰ ਹੈ ਤੇ ਕਰਤਾਰ ਦਾ ਅੰਤ ਕਦੀ ਕਿਰ⅃ ਪਾ ਨਹੀਂ ਸਕਦੀ।

ਧਨਾਸਰੀ ਮਹਲਾ ੧॥

ਨਦਰਿ ਕਰੇ ਤਾ ਸਿਮਰਿਆ ਜਾਇ॥

ਗੁਰਬਾਣੀ ਦੇ ਮੁਤਾਬਿਕ ਰਾਗਮਾਲਾ ਵਿਚ ਗੁਰਦੇਵ ਨੇ ਧਨਾਸਰੀ ਦੇ ਰਾਗ ਦੀ ਰਾਗਨੀ ਕਹਿ ਕੇ ਬਿਆਨ ਕੀਤਾ ਹੈ। ਰਾਗਾਂ ਦੇ ਸੂਝਵਾਨ ਗੁਰਮੁਖਾਂ ਨੇ ਇਸ ਨੂੰ ਕੇਵਲ ਤੇ ਕੇਵਲ ਰਾਗਨੀ ਕਹਿ ਕੇ ਪਰਉਪਕਾਰ ਕੀਤਾ। ਜਿਵੇਂ ਇਕ ਪਤੀਵਰਤਾ ਹਰ ਮੌਕੇ ਆਪਣੇ ਪਤੀ ਦੇ ਆਸਰੇ 'ਤੇ ਰਹਿੰਦੀ ਹੈ, ਅਸੀਂ ਜਿੰਨੇ ਵੀ ਜੀਵ ਹਾਂ, ਸਾਨੂੰ ਉਪਰਾਲਾ ਕਰਨਾ ਚਾਹੀਦਾ ਹੈ, ਉਸ ਪਰੀਪੂਰਨ ਪ੍ਰਮਾਤਮਾ ਦੇ ਆਸਰੇ 'ਤੇ ਰਹਿਣ ਦਾ।

ਪਹਿਲੇ ਪਾਤਿਸ਼ਾਹ ਮਹਾਰਾਜ ਧਨਾਸਰੀ ਦੇ ਵਿਚ ਇਹ ਕ੍ਰਿਪਾ ਕਰਦੇ ਹਨ। ਨਦਰਿ

ਦਾ ਅਰਥ ਹੈ ਨਿਗਾਹ, ਬਖ਼ਸ਼ਿਸ਼। ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜਿੰਨਾ ਚਿਰ ਉਸ ਅਕਾਲ ਪੁਰਖ ਦੀ ਨਿਗਾਹ ਨਾ ਹੋਵੇ, ਓਨਾ ਚਿਰ ਮਨੁੱਖ ਨੂੰ ਪ੍ਰਮਾਤਮਾ ਚੇਤੇ ਨਹੀਂ ਆਏਗਾ। ਆਪਾਂ ਰੋਜ਼ਾਨਾ ਪੜ੍ਹਦੇ ਹਾਂ -

ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥

(ਜਪੁਜੀ ਸਾਹਿਬ)

ਮੇਰੇ ਪਾਤਿਸ਼ਾਹ ਕਹਿੰਦੇ ਹਨ, ਸਿੱਖਾ ! ਜਿਨ੍ਹਾਂ ਮਨੁੱਖਾਂ 'ਤੇ ਗੁਰੂ ਦੀ ਨਿਗਾਹ ਪੈ ਗਈ, ਉਹ ਬਖ਼ਸ਼ਿਸ਼ ਦੇ ਪਾਤਰ ਬਣ ਗਏ। ਉਹਨਾਂ ਨੂੰ ਕਿਸੇ ਪ੍ਰਕਾਰ ਦਾ ਕੋਈ ਦੁੱਖ ਰਿਹਾ ਨਹੀਂ। ਪਟਿਆਲੇ ਦੇ ਵਿਚ ਇਕ ਕਸਬਾ ਹੈ। ਉਥੇ ਦੀਨ ਦੁਨੀਆਂ ਦੇ ਮਾਲਕ ਧੰਨ ਗੁਰੂ ਤੇਗ਼ ਬਹਾਦਰ ਪਾਤਿਸ਼ਾਹ ਗਏ ਹਨ। ਸਾਡਾ ਇਤਿਹਾਸ ਕਹਿੰਦਾ ਹੈ ਕਿ ਨਗਰ ਦੇ ਬਾਹਰ ਵੱਲ ਧੰਨ ਗੁਰੂ ਤੇਗ਼ ਬਹਾਦਰ ਪਾਤਿਸ਼ਾਹ ਨੇ ਪੜਾਅ ਕੀਤਾ। ਉਸ ਨਗਰ ਦੇ ਵਿਚ ਕਿਸੇ ਰੋਗ ਦਾ ਸਾਇਆ ਸੀ ਤੇ ਜਦੋਂ ਵੀ ਮਨੁੱਖ ਬੀਮਾਰ ਹੋ ਜਾਂਦਾ ਸੀ, ਉਸ ਦੇ ਪਰਿਵਾਰ ਦੇ ਮੈਂਬਰ ਉਸ ਨੂੰ ਬਾਹਰ ਸੁੱਟ ਦਿੰਦੇ ਸਨ। ਜਿਹੜਾ ਬੁਖ਼ਾਰ ਉਸ ਦਾ ਕੰਟਰੋਲ ਤੋਂ ਬਾਹਰ ਹੈ ਤੇ ਜਿਹੜਾ ਵੀ ਉਸ ਦੀ ਸੇਵਾ ਸੰਭਾਲ ਕਰੇਗਾ ਉਸ ਦੀ ਮੌਤ ਹੋ ਜਾਏਗੀ। ਮੇਰੇ ਪਾਤਿਸ਼ਾਹ ਉਸ ਨਗਰ ਵਿਚ ਗਏ। ਜਿਸ ਪਰਿਵਾਰ ਦੇ ਮੈਂਬਰ ਆਪਣੇ ਪਰਿਵਾਰ ਦੇ ਮੈਂਬਰ ਨੂੰ ਚੁੱਕ ਕੇ ਬਾਹਰ ਸੁੱਟਦੇ ਹਨ, ਸਤਿਗੁਰ ਤੇਗ਼ ਬਹਾਦਰ ਪਾਤਿਸ਼ਾਹ ਕਹਿਣ ਲੱਗੇ, ਗੁਰਸਿੱਖੋ ! ਕੀ ਕਾਰਨ ਹੈ ? ਸਿੱਖਾਂ ਨੇ ਬੇਨਤੀ ਕੀਤੀ, ਪਾਤਿਸ਼ਾਹ ! ਇਸ ਨਗਰ ਦੇ ਉੱਪਰ ਪਤਾ ਨਹੀਂ ਕਿਸ ਕਾਰਨ ਕਰਕੇ ਕਰਤੇ ਦੀ ਕਰੋਪੀ ਹੈ ਕਿ ਜਿਹੜਾ ਵੀ ਮਨੁੱਖ ਬੁਖ਼ਾਰ ਤੋਂ ਪੀੜਤ ਹੋ ਜਾਏ, ਬੱਚਦਾ ਨਹੀਂ। ਇਹਨਾਂ ਪਰਿਵਾਰਾਂ ਦੇ ਮੈਂਬਰ ਆਪਣੇ ਪਰਿਵਾਰਾਂ ਦੇ ਮੈਂਬਰਾਂ ਨੂੰ ਬਾਹਰ ਤਾਂ ਸੁੱਟਦੇ ਹਨ ਕਿ ਕਿਤੇ ਦੂਜੇ ਨਾ ਮਰ ਜਾਣ।

ਸਤਿਗੁਰੂ ਤੇਗ਼ ਬਹਾਦਰ ਪਾਤਿਸ਼ਾਹ ਕਹਿੰਦੇ ਹਨ ਕਿ ਮਰਨ ਵਾਲੇ ਮਰ ਗਏ, ਪਰ ਇਹ ਮਰੇਗਾ ਨਹੀਂ। ਛੱਪੜ ਦੇ ਕੰਢੇ 'ਤੇ ਮੇਰੇ ਪਾਤਿਸ਼ਾਹ ਦਾ ਡੇਰਾ ਸੀ। ਹਜ਼ੂਰ ਨੇ ਕਿਹਾ, ਜਿਹੜਾ ਵੀ ਇਥੇ ਬੁਖ਼ਾਰ ਵਾਲਾ ਇਸ਼ਨਾਨ ਕਰੇਗਾ, ਉਸ ਦਾ ਕਿੰਨਾ ਵੀ ਪੁਰਾਣਾ ਬੁਖ਼ਾਰ ਹੋਵੇ, ਟੁੱਟ ਜਾਏਗਾ। ਮਿੱਤਰੋ ! ਇਸ ਪਾਵਨ ਛੱਪੜ ਦੀ ਨੀਂਹ, ਪਾਣੀ ਦੀ ਤਸੀਰ ਨਹੀਂ, ਇਹ ਦਰਅਸਲ ਗੁਰੂ ਦੀ ਨਿਗਾਹ ਕਰਕੇ ਹੋਇਆ ਹੈ। ਪਾਣੀ ਪਹਿਲਾਂ ਵੀ ਸੀ, ਪਰ ਪਹਿਲਾਂ ਨੌਂ-ਬਰ-ਨੌਂ ਕਿਉਂ ਨਹੀਂ ਹੁੰਦੇ ਸਨ, ਕਿਉਂਕਿ ਗੁਰੂ ਦੀ ਨਿਗਾਹ ਨਹੀਂ ਸੀ ਪਈ। ਮੇਰੇ ਪਾਤਿਸ਼ਾਹ ਕਹਿੰਦੇ ਹਨ ਕਿ ਗੁਰਮੁਖੋ ! ਜਿੰਨਾ ਚਿਰ ਉਸ ਅਕਾਲ ਪੁਰਖ ਦੀ ਕ੍ਰਿਪਾ ਨਾ ਹੋ ਜਾਏ, ਓਨਾ ਚਿਰ ਮਨੁੱਖ ਨੂੰ ਪ੍ਰਮਾਤਮਾ ਦਾ ਚੇਤਾ ਨਹੀਂ ਆਉਂਦਾ। ਆਪਾਂ ਸੁਖਮਨੀ ਸਾਹਿਬ ਪੜ੍ਹਦੇ ਸੁਣਦੇ ਹਾਂ। ਧੰਨ ਗੁਰੂ ਪੰਚਮ ਪਾਤਿਸ਼ਾਹ ਨੇ ਸੁਖਮਨੀ ਸਾਹਿਬ ਵਿਚ ਵੱਖ-ਵੱਖ ਗੁਰਮਤਿ ਦੇ 24 ਨੁਕਤਿਆਂ ਦਾ ਜ਼ਿਕਰ ਕੀਤਾ ਹੈ। ਉਹਨਾਂ 24 ਨੁਕਤਿਆਂ ਵਿਚੋਂ ਸਾਰਿਆਂ

ਤੋਂ ਮੇਨ ਨੁਕਤਾ ਸਿਮਰਨ ਦਾ ਹੈ। ਪਹਿਲੀ ਅਸਟਪਦੀ ਦਾ ਸੰਬੰਧ ਹੀ ਸਿਮਰਨ ਨਾਲ ਹੈ –

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥
ਸਿਮਰਉ ਜਾਸੁ ਬਿਸੁੰਭਰ ਏਕੈ॥

(ਸੁਖਮਨੀ ਸਾਹਿਬ)

ਮੇਰੇ ਗੁਰਦੇਵ ਕਹਿੰਦੇ ਹਨ, ਗੁਰਮੁਖੋ ! ਸਿਮਰਨ ਤਾਂ ਕਰਦੇ ਹਾਂ, ਪਰ ਸਾਡਾ ਸਿਮਰਨ ਅਧੂਰਾ ਹੈ। ਸਿਮਰਉ ਦਾ ਅਰਥ ਹੁੰਦਾ ਹੈ ਯਾਦ ਕਰਨਾ। ਅਸੀਂ ਜਿਸ ਦਾ ਜ਼ਿਕਰ ਕਰਨਾ ਹੋਵੇ, ਅਸੀਂ ਉਸ ਨੂੰ ਹਮੇਸ਼ਾ ਯਾਦ ਕਰਦੇ ਹਾਂ। ਅੱਜ ਕੱਲ ਦੇ ਜ਼ਮਾਨੇ ਵਿਚ ਅਸੀਂ ਆਪਣੇ ਮਿੱਤਰ ਨੂੰ ਫ਼ੋਨ ਕਰਦੇ ਹਾਂ। ਉਸ ਦਾ ਕਾਰਨ ਇਕੋ ਹੈ ਕਿ ਸਾਡਾ ਉਸ ਨਾਲ ਸੰਪਰਕ ਕਾਇਮ ਰਹੇ। ਸੰਪਰਕ ਬਣਿਆ ਰਹੇਗਾ ਤਾਂ ਪ੍ਰੇਮ ਬਣਿਆ ਰਹੇਗਾ। ਸੰਪਰਕ ਟੁੱਟ ਗਿਆ ਤਾਂ ਆਪਣਾ ਬੇਗ਼ਾਨਾ ਹੋ ਗਿਆ। ਰੋਜ਼ਾਨਾ ਉਹੀ ਜਪੁ ਜੀ ਸਾਹਿਬ, ਉਹੀ ਜਾਪੁ ਸਾਹਿਬ, ਉਹੀ ਆਨੰਦ ਸਾਹਿਬ ਪੜ੍ਹਨ ਦਾ ਭਾਵ ਇਹ ਹੈ ਕਿ ਸਾਡਾ ਪਰੀਪੂਰਨ ਪ੍ਰਮਾਤਮਾ ਨਾਲ ਸੰਪਰਕ ਬਣਿਆ ਰਹੇ। ਅਕਸਰ ਅਸੀਂ ਇਹ ਆਮ ਉਲਾਹਮਾ ਦਿੰਦੇ ਹਾਂ ਕਿ ਭਾਈ ਸਾਹਿਬ, ਬੜਾ ਔਖਾ ਹੈ ਪ੍ਰਮਾਤਮਾ ਦਾ ਚਿੰਤਨ ਕਰਨਾ। ਬੜਾ ਸਪੱਸ਼ਟ ਰੂਪ ਵਿਚ ਬਾਬਾ ਨਾਮਦੇਵ ਜੀ ਨੇ ਜਵਾਬ ਦਿੱਤਾ, ਸਿੱਖਾ ! ਆਪਣੇ ਧੰਦੇ ਕਰਦਿਆਂ ਵੀ ਤੂੰ ਪ੍ਰਮਾਤਮਾ ਨੂੰ ਚੇਤੇ ਕਰ ਸਕਦਾ ਹੈਂ।

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥

(ਅੰਗ ੧੩੭੫)

ਤੂੰ ਕੰਮ ਹੱਥਾਂ ਨਾਲ ਕਰਨਾ ਹੈ ਤੇ ਪਰੀਪੂਰਨ ਪ੍ਰਮਾਤਮਾ ਦਾ ਸੰਬੰਧ ਤੇਰੇ ਮਨ ਨਾਲ ਹੈ। ਮਨ ਕਰਕੇ ਚੇਤੇ ਕਰ। ਇਸ ਦੇ ਬਾਰੇ ਕੁਝ ਸ਼ੰਕਾਵਾਦੀ ਮਨੁੱਖਾਂ ਨੇ ਟਿੱਪਣੀ ਕੀਤੀ ਹੈ। ਉਹ ਲੋਕੀ ਕਹਿੰਦੇ ਹਨ ਕਿ ਬਾਰ-ਬਾਰ ਬਾਣੀ ਪੜ੍ਹੀ ਜਾਣਾ, ਬਾਰ-ਬਾਰ ਅਰਦਾਸ ਕਰੀ ਜਾਣੀ, ਇਹ ਲਿਖਤੀ ਦੋਸ਼ ਹੈ। ਗੁਰਮੁਖੋ ! ਜਿਹੜਾ ਉਹਨਾਂ ਦੋਸ਼ ਮੰਨਿਆ ਹੈ, ਸਾਡਾ ਜੀਵਨ ਉਸ ਦੋਸ਼ 'ਤੇ ਖਲੋਤਾ ਹੈ। ਉਹ ਦੋਸ਼ ਨਹੀਂ, ਉਹ ਪੁੰਨ ਹੈ। ਕਹਿੰਦੇ ਹਨ ਕਿ ਬਾਰ ਬਾਰ ਵਾਹਿਗੁਰੂ ਕਹਿਣ ਨਾਲ ਬੋਲਣ ਦਾ ਦੋਸ਼ ਹੋਵੇਗਾ। ਉਹਨਾਂ ਵੀਰਾਂ ਨੂੰ ਨਿਮਰਤਾ ਸਹਿਤ ਬੇਨਤੀ ਕਰੀਏ ਕਿ ਜਿਹੜਾ ਕੱਲ ਪਾਣੀ ਪੀਤਾ ਸੀ, ਅੱਜ ਪਾਣੀ ਪੀਤਾ ਹੈ, ਇਹ ਦੋਸ਼ ਨਹੀਂ ? ਕੱਲ ਪ੍ਰਸ਼ਾਦਾ ਛੱਕਿਆ ਤੇ ਅੱਜ ਪ੍ਰਸ਼ਾਦਾ ਛੱਕਿਆ, ਇਹ ਦੋਸ਼ ਨਹੀਂ ? ਅਸੀਂ ਸੁਆਸ ਪਹਿਲਾਂ ਲਏ ਸੀ, ਹੁਣ ਫਿਰ ਲੈਂਦੇ ਹਾਂ, ਕੀ ਇਹ ਦੋਸ਼ ਨਹੀਂ ? ਉਹ ਜਵਾਬ ਦਿੰਦੇ ਹਨ ਭਾਈ ਸਾਹਿਬ ! ਬਾਰ-ਬਾਰ ਪਾਣੀ ਪੀਣ ਨਾਲ ਜੀਵਨ ਮਿਲਦਾ ਹੈ, ਬਾਰ-ਬਾਰ ਪ੍ਰਸ਼ਾਦਾ ਛੱਕਣ ਕਰਕੇ ਜੀਵਨ ਮਿਲਦਾ ਹੈ, ਬਾਰ-ਬਾਰ ਸੁਆਸ ਲੈਣ ਕਰਕੇ ਜੀਵਨ ਮਿਲਦਾ ਹੈ ਤੇ ਗੁਰਮੁਖਾ ! ਬਾਰ-ਬਾਰ ਪ੍ਰਮਾਤਮਾ ਦਾ ਚਿੰਤਨ ਕਰਕੇ ਤੈਨੂੰ ਜੀਵਨ ਨਹੀਂ

ਮਿਲੇਗਾ ? ਇਹ ਅੰਤਰੀਵ ਜੀਵਨ ਦੀ ਪਛਾਣ ਹੈ। ਮੇਰੇ ਪਾਤਿਸ਼ਾਹ ਕਹਿੰਦੇ ਹਨ ਕਿ ਜਿੰਨਾ ਚਿਰ ਉਹ ਪਰੀਪੂਰਨ ਪ੍ਰਮਾਤਮਾ ਨਿਗਾਹ ਨਾ ਕਰੇ, ਓਨਾ ਚਿਰ ਮਨੁੱਖ ਨੂੰ ਪ੍ਰਮਾਤਮਾ ਦੀ ਯਾਦ ਨਹੀਂ ਆਉਂਦੀ। ਅਸੀਂ ਸਿਮਰਨ ਉਸ ਦਾ ਕਰਦੇ ਹਾਂ, ਜਿਸ ਦਾ ਨਹੀਂ ਕਰਨਾ ਚਾਹੀਦਾ। ਜਿਸ ਦਾ ਕਰਨਾ ਚਾਹੀਦਾ ਹੈ, ਉਸ ਨੂੰ ਕਦੀ ਚੇਤੇ ਕੀਤਾ ਨਹੀਂ। ਆਪਣੇ ਅੰਦਰ ਸਿਮਰਨ ਚੱਲਦਾ ਹੈ ਪਤਨੀ ਦਾ। ਆਪਣੇ ਅੰਦਰ ਸਿਮਰਨ ਚੱਲਦਾ ਹੈ ਬੱਚਿਆਂ ਦਾ। ਆਪਣੇ ਅੰਦਰ ਸਿਮਰਨ ਚੱਲਦਾ ਹੈ ਮਕਾਨ ਦਾ। ਆਪਣੇ ਅੰਦਰ ਸਿਮਰਨ ਚੱਲਦਾ ਹੈ ਮਾਇਆ ਦਾ। ਕਿਉਂ ? ਕਿਉਂਕਿ ਇਹ ਸਾਨੂੰ ਆਪਣੇ ਜਾਪਦੇ ਹਨ। ਇਹ ਮੇਰੀ ਪਤਨੀ ਹੈ, ਇਹ ਮੇਰੇ ਬੱਚੇ ਹਨ, ਇਹ ਮੇਰਾ ਮਕਾਨ ਹੈ। ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਕਹਿੰਦੇ ਹਨ ਕਿ ਕਮਲਿਆ ! ਜਿਹੜਾ ਆਪਣਾ ਸੀ, ਉਸ ਨੂੰ ਬੇਗ਼ਾਨਾ ਸਮਝ ਲਿਆ ਤੇ ਜਿਹੜੇ ਬੇਗ਼ਾਨੇ ਸੀ, ਉਸ ਨੂੰ ਆਪਣਾ ਸਮਝ ਲਿਆ।

ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ॥

(ਅੰਗ ੧੩੪੨)

ਮਨੁੱਖ ਦਾ ਖ਼ਿਆਲ ਗਿਆ ਮਾਇਆ ਵਾਲੇ ਪਾਸੇ ਤਾਂ ਸੱਪ ਦੀ ਜੂਨ ਮਿਲ ਗਈ। ਮਨੁੱਖ ਦੀ ਬਿਰਤੀ ਗਈ ਪਤਨੀ ਵਾਲੇ ਪਾਸੇ ਤਾਂ ਸੂਰ ਦੀ ਜੂਨ ਮਿਲ ਗਈ। ਮਨੁੱਖ ਦਾ ਖ਼ਿਆਲ ਗਿਆ ਮਕਾਨ ਵਾਲੇ ਪਾਸੇ ਤਾਂ ਪਰੇਤ ਦੀ ਜੂਨ ਮਿਲ ਗਈ ਤੇ ਜਿਨ੍ਹਾਂ ਭਾਗਾਂ ਵਾਲਿਆਂ ਦਾ ਖ਼ਿਆਲ ਗਿਆ ਪ੍ਰਮਾਤਮਾ ਵਾਲੇ ਪਾਸੇ, ਉਹ ਨਾਰਾਇਣ ਬਣ ਗਏ-

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥ ੧॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ ਰਹਾਉ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥ ੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੋ ਮਰੈ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ॥ ੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰ ਵਾ ਕੇ ਰਿਦੈ ਬਸੈ॥ ੫॥

(ਅੰਗ ੫੨੬)

ਭਗਤ ਜਨ ਕਹਿੰਦੇ ਹਨ, ਗੁਰਮੁਖਾ ! ਉਹ ਮਨੁੱਖ ਮੁਕਤੀ ਦਾ ਪਾਤਰ ਬਣ ਗਿਆ,

ਕਿਉਂਕਿ ਉਸ ਨੂੰ ਪ੍ਰਮਾਤਮਾ ਦਾ ਚੇਤਾ ਹੈ। ਮੇਰੇ ਪਾਤਿਸ਼ਾਹ ਕਹਿੰਦੇ ਹਨ ਕਿ ਗੁਰਮੁਖਾ ! ਮਿਹਨਤ ਕਰਕੇ ਨਹੀਂ, ਉਸ ਦੀ ਰਹਿਮਤ ਕਰਕੇ ਪ੍ਰਮਾਤਮਾ ਨੂੰ ਚੇਤੇ ਕੀਤਾ ਜਾ ਸਕਦਾ ਹੈ।

ਆਤਮਾ ਦ੍ਰਵੈ ਰਹੈ ਲਿਵ ਲਾਇ॥

ਕਹਿੰਦੇ ਹਨ ਕਿ ਇਸ ਸਿਮਰਨ ਨਾਲ ਹੋਵੇਗਾ ਕੀ ? ਆਤਮਾ ਦਾ ਅਰਥ ਹੈ ਮਨ। ਹੌਲੀ-ਹੌਲੀ ਇਹ ਮਨ ਸੰਭਲ ਜਾਏਗਾ। ਦ੍ਰਵੈ ਦਾ ਅਰਥ ਹੈ ਸੰਭਲ ਜਾਣਾ। ਜਿਸ ਦਿਨ ਮਨੁੱਖ ਦੀ ਅੰਦਰ ਦੀ ਇਕਾਗਰਤਾ ਉਸ ਪਰੀਪੂਰਨ ਪ੍ਰਮਾਤਮਾ ਵਾਲੇ ਪਾਸੇ ਹੋ ਗਈ ਤਾਂ ਇਹ ਹੌਲੀ-ਹੌਲੀ ਸੰਭਲ ਜਾਏਗਾ। ਸਤਿਗੁਰ ਦਾ ਫ਼ੁਰਮਾਣ ਹੈ, ਮਨ ਨੂੰ ਘਾਲਣ ਦਾ-

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥
ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ॥

(ਅੰਗ ੬੪੭)

ਗੁਰਮੁਖਾ ! ਹੁਣ ਤਾਂ ਤੂੰ ਮੁਹੱਲੇ ਦਾ ਪ੍ਰਧਾਨ ਬਣਨ ਦਾ ਉਪਰਾਲਾ ਕਰਦਾ ਹੈਂ, ਪਰ ਜੇ ਹਾਥੀ ਨਿੱਕੇ ਕੁੰਡੇ ਨਾਲ ਕਾਬੂ ਆ ਜਾਂਦਾ ਹੈ ਅਤੇ ਤੂੰ ਵੀ ਆਪਣਾ ਮਨ-ਰੂਪੀ ਹਾਥੀ ਗੁਰੂ ਦੇ ਸ਼ਬਦ-ਰੂਪੀ ਕੁੰਡੇ ਥੱਲੇ ਕਰ ਦੇਵੇਂ, ਫਿਰ ਲੋਕੀਂ ਪ੍ਰਕਰਮਾ ਕਰਨਗੇ।

ਇਤਿਹਾਸ ਮੁਤਾਬਿਕ 7 ਸਾਲ ਦੀ ਉਮਰ ਵਿਚ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਦੇ ਮਾਤਾ ਪਿਤਾ ਜੀ ਚਲਾਣਾ ਕਰ ਗਏ। ਸਿਆਣੇ ਬੰਦੇ ਕਹਿੰਦੇ ਹਨ ਕਿ ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ। ਨਾਨੀ ਜੀ ਇਹਨਾਂ ਨੂੰ ਆਪਣੇ ਘਰ ਲੈ ਕੇ ਆਏ। ਮਾਮੀਆਂ ਤੇ ਮਾਮਿਆਂ ਨੇ ਬੂਹੇ ਬੰਦ ਕਰ ਲਏ। ਬੜੇ ਕਰੜੇ ਸ਼ਬਦ ਕਹੇ - ਬੇਬੇ ! ਜਿਨ੍ਹਾਂ ਦੇ ਜਨਮ ਕਰਕੇ ਇਹਨਾਂ ਦੇ ਮਾਪੇ ਸੰਸਾਰ ਤੋਂ ਕੂਚ ਕਰ ਗਏ ਹਨ, ਤੁਸੀਂ ਸਾਡੇ ਘਰ ਲੈ ਆਏ ਹੋ, ਸਾਡਾ ਕੀ ਬਣੇਗਾ ? ਅਸੀਂ ਇਹਨਾਂ ਨੂੰ ਸੰਭਾਲ ਨਹੀਂ ਸਕਦੇ। ਨਾਨੀ ਆਪਣੇ ਦੋਹਤੇ ਤੇ ਦੋਹਤੀਆਂ ਨੂੰ ਲੈ ਕੇ ਧੰਨ ਗੁਰੂ ਅਮਰਦਾਸ ਪਾਤਿਸ਼ਾਹ ਕੋਲ ਚਲੀ ਗਈ। ਗੁਰਮੁਖੋ ! ਉਸ ਭਾਈ ਜੇਠੇ ਨੇ ਸੇਵਾ ਕੀਤੀ, ਗੁਰੂ ਰਾਮਦਾਸ ਬਣ ਗਏ ਤੇ ਕਦੇ ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਦੇ ਨਾਨਕਿਆਂ ਨੇ ਬੂਹਾ ਮਾਰਿਆ ਸੀ, ਅੱਜ ਉਸ ਗੁਰੂ ਰਾਮਦਾਸ ਪਾਤਿਸ਼ਾਹ ਦਾ ਲੰਗਰ ਅੱਠੇ ਪਹਿਰ ਚੱਲਦਾ ਹੈ। ਯਤੀਮ ਭਾਈ ਜੇਠਾ ਸੋਢੀ ਸੁਲਤਾਨ ਬਣ ਗਿਆ। ਭਾਈ ਸਾਹਿਬ ਭਾਈ ਗੁਰਦਾਸ ਜੀ ਨੂੰ ਲਿਖਣਾ ਪਿਆ -

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।

(ਵਾਰ ੧, ਪਉੜੀ ੪੭)

ਜੋਤ ਦਾ ਭਾਵ ਹੈ ਦੀਵਾ। ਇਹ ਜੋਤ ਕਿਉਂ ਲਿਖੀ ? ਜਿਸ ਹਿਰਦੇ ਵਿਚ ਧੰਨ ਗੁਰੂ

ਰਾਮਦਾਸ ਪਾਤਿਸ਼ਾਹ ਜੀ ਦਾ ਸ਼ਬਦ-ਰੂਪੀ ਦੀਵਾ ਜਗ ਗਿਆ, ਉਥੇ ਵਿਕਾਰਾਂ ਰੂਪੀ ਚੋਰ ਨਹੀਂ ਆਉਣਗੇ। ਕਹਿਣ ਤੋਂ ਭਾਵ ਸਿਰਫ਼ ਇੰਨਾ ਹੈ ਕਿ ਜਿਨ੍ਹਾਂ ਗੁਰਮੁਖ ਪਿਆਰਿਆਂ ਨੇ ਮਨ ਕਰਕੇ ਉਸ ਪਰੀਪੂਰਨ ਪ੍ਰਮਾਤਮਾ ਨੂੰ ਚੇਤੇ ਕੀਤਾ ਹੈ, ਉਹ ਪ੍ਰਭੂ ਦਾ ਰੂਪ ਹੋ ਗਏ।

ਮਨੁ ਮਰੈ ਧਾਤੁ ਮਰਿ ਜਾਇ॥

(ਅੰਗ ੬੬੫)

ਜਿੰਨਾ ਚਿਰ ਮਨ ਜੀਉਂਦਾ ਹੈ ਓਨਾ ਚਿਰ ਬੰਦੇ ਦੇ ਅੰਦਰ ਭਟਕਣਾ ਹੈ। ਮਨ ਗੁਰੂ ਦੇ ਕੰਟਰੋਲ ਵਿਚ ਆ ਗਿਆ, ਤਮਾਮ ਕਾਰਜ ਰਾਸ ਹੋ ਜਾਣਗੇ। ਅਸੀਂ ਪੜ੍ਹਦੇ ਹਾਂ -

ਮਨੁ ਬੇਚੈ ਸਤਿਗੁਰ ਕੈ ਪਾਸਿ॥

ਤਿਸੁ ਸੇਵਕ ਕੇ ਕਾਰਜ ਰਾਸਿ॥

(ਅੰਗ ੨੮੬)

ਮੇਰੇ ਪਾਤਿਸ਼ਾਹ ਕਹਿੰਦੇ ਹਨ ਕਿ ਜਦੋਂ ਪਰੀਪੂਰਨ ਪ੍ਰਮਾਤਮਾ ਨਾਲ ਲਿਵ ਲੱਗੀ ਤਾਂ ਪੱਥਰ ਵਰਗਾ ਮਨ ਮੋਮ ਹੋ ਜਾਏਗਾ। ਮਨ ਢਹਿ ਜਾਏਗਾ।

ਆਤਮਾ ਪਰਾਤਮਾ ਏਕੋ ਕਰੈ॥

(ਅੰਗ ੬੬੧)

ਆਤਮਾ ਬਣ ਕੇ ਗੁਰਮੁਖਾਂ ਦੀ ਜੀਵ-ਆਤਮਾ ਤੇ ਪ੍ਰਮਾਤਮਾ ਇਕ ਹੋ ਗਏ। ਅਸੀਂ ਭਗਵਤ ਗੀਤਾ ਦੀ ਕਥਾ ਸੁਣੀਏ, ਉਥੇ ਜ਼ਿਕਰ ਆਏਗਾ ਕਿ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਕਹਿੰਦੇ ਹਨ ਕਿ ਜੋ ਕੁਝ ਕਰਦਾ ਹੈ, ਮੈਂ ਕਰਦਾ ਹਾਂ। ਮੱਤ ਵਿਚ ਗੁਰੂ ਨੇ ਇਹ ਕ੍ਰਿਪਾ ਕੀਤੀ। ਸਾਡੀ 'ਮੈਂ' ਨੂੰ ਪਾਸੇ ਕਰਕੇ ਸਾਨੂੰ 'ਤੂੰ' ਸ਼ਬਦ ਪੜ੍ਹਾ ਦਿੱਤਾ। ਕੋਈ ਬੰਦਾ ਸ਼ੰਕਾ ਕਰਦਾ ਹੈ ਕਿ ਭਾਈ ਸਾਹਿਬ ! ਬਹੁਤਾ ਫ਼ਰਕ ਨਹੀਂ ਜਾਪਦਾ। ਪ੍ਰਮਾਤਮਾ ਸਾਗਰ ਵਰਗਾ ਹੈ, ਆਤਮਾ ਬੂੰਦ ਵਰਗੀ ਹੈ, ਹੈ ਤਾਂ ਦੋਨਾਂ ਥਾਵਾਂ ਵਿਚ ਪਾਣੀ ਹੀ। ਬੂੰਦ ਵੀ ਪਾਣੀ ਹੈ ਤੇ ਸਾਗਰ ਵੀ ਪਾਣੀ ਹੈ, ਫ਼ਰਕ ਕੀ ਹੈ ? ਜਿਹੜੀ ਬੂੰਦ ਹੈ, ਉਹ ਸੁੱਕ ਸਕਦੀ ਹੈ, ਮੁੱਕ ਸਕਦੀ ਹੈ, ਉਸ ਨੂੰ ਫੜਿਆ ਜਾ ਸਕਦਾ ਹੈ, ਪਰ ਸਾਗਰ ਦਾ ਅੰਤ ਨਹੀਂ। ਬੂੰਦ ਸਾਗਰ ਨਾਲ ਮਿਲ ਜਾਏ, ਬੂੰਦ ਸਾਗਰ ਬਣ ਜਾਏਗਾ। ਬੂੰਦ ਸਾਗਰ ਨਾਲੋਂ ਟੁੱਟ ਗਈ ਤਾਂ ਉਸ ਦੇ ਜੀਵਨ ਦਾ ਅੰਤ ਹੋ ਜਾਏਗਾ। ਇਥੇ ਸਤਿਗੁਰੂ ਪਾਤਿਸ਼ਾਹ ਕਹਿੰਦੇ ਹਨ ਕਿ ਗੁਰੂ ਦੇ ਸਿੱਖਾ ! ਹੈ ਤਾਂ ਤੂੰ ਬ੍ਰਹਮ ਦੀ ਅੰਸ਼, ਹੈ ਤਾਂ ਤੂੰ ਪਰੀਪੂਰਨ ਪ੍ਰਮਾਤਮਾ ਦਾ ਇਕ ਅੰਗ, ਪਰ ਬੂੰਦ ਸਮੁੰਦਰ ਨਹੀਂ ਹੋ ਸਕਦੀ। ਬੂੰਦ ਸਾਗਰ ਵਿਚ ਪੈਣ ਕਰਕੇ ਸਾਗਰ ਬਣ ਸਕਦੀ ਹੈ, ਪਰ ਬੂੰਦ ਆਪਣੇ ਆਪ ਸਾਗਰ ਨਹੀਂ। ਆਪਣੀ 'ਮੈਂ' ਨੂੰ ਦੇਖ। ਬੂੰਦ ਇਹ ਕਹੇ ਕਿ ਮੈਂ ਸਾਗਰ ਵਿਚ ਪੈ ਕੇ ਆਪਣੀ ਹੋਂਦ ਨੂੰ ਛੁਪਾ ਲਵਾਂ, ਇਹ ਕਿਵੇਂ ਹੋਵੇਗਾ ? ਜੇ ਹੋਂਦ ਬੂੰਦ ਨਹੀਂ ਤਾਂ ਸਾਗਰ ਰੂਪ ਨਹੀਂ ਬਣੇਗੀ, ਸਾਗਰ ਬਣਨ ਲਈ ਆਪਣੀ ਹੋਂਦ ਨੂੰ ਗੁਆਉਣਾ ਪਵੇਗਾ। ਮੇਰੇ ਪਾਤਿਸ਼ਾਹ ਕਹਿੰਦੇ ਹਨ,

ਭਾਈ ਆਪਣੀ ਹੋਂਦ ਨੂੰ ਖ਼ਤਮ ਕਰਕੇ ਉਸ ਪਰੀਪੂਰਨ ਪ੍ਰਮਾਤਮਾ ਵਿਚ ਆਪਣੇ ਆਪ ਨੂੰ ਸਮਾ ਲੈ। ਆਪਣੇ ਆਪ ਨੂੰ ਅਭੇਦ ਕਰ ਲੈ।

ਅੰਤਰ ਕੀ ਦੁਬਿਧਾ ਅੰਤਰਿ ਮਰੈ॥ ੧॥

ਦੁਬਿਧਾ ਦਾ ਅਰਥ ਹੁੰਦਾ ਹੈ ਬਚਿੱਤਾ-ਪੁਣਾ। ਮਨ ਟਿੱਕਦਾ ਨਹੀਂ। ਕਦੀ ਗੁਰਦੁਆਰੇ ਵੀ ਜਾਂਦਾ ਹੈ, ਕਦੀ ਕਿਸੇ ਕਬਰ 'ਤੇ ਵੀ ਮੱਥਾ ਟੇਕ ਲੈਂਦਾ ਹੈ। ਬਾਣੀ ਵੀ ਪੜ੍ਹਦਾ ਹੈ, ਪਰ ਬੰਦਿਆਂ ਦੇ ਥਾਪੜਿਆਂ 'ਤੇ ਯਕੀਨ ਵੀ ਕਰਦਾ ਹੈ। ਇਉਂ ਗੱਲ ਨਹੀਂ ਬਣਨੀ। ਅਸੀਂ ਗੁਰੂ ਦੇ ਸਿੱਖ ਹਾਂ। ਸਾਨੂੰ ਕਲਗੀਧਰ ਪਾਤਿਸ਼ਾਹ ਦਾ ਉਪਦੇਸ਼ ਹੈ ਕਿ ਸਿੱਖਾ ! ਇਕ ਤੋਂ ਬਿਨਾਂ ਕਿਸੇ ਨਾਲ ਜਾਣ ਪਛਾਣ ਹੀ ਨਾ ਰੱਖ। ਮੇਰੇ ਪਾਤਿਸ਼ਾਹ ਕਹਿੰਦੇ ਹਨ ਕਿ ਜਦੋਂ ਇਹ ਮਨੁੱਖ ਆਪਣੀ ਹੋਂਦ ਨੂੰ ਖ਼ਤਮ ਕਰਕੇ ਗੁਰੂ ਵਿਚ ਅਭੇਦ ਕਰੇਗਾ, ਫਿਰ ਇਸ ਦੀ ਕੋਈ ਦੁਬਿਧਾ ਨਹੀਂ ਰਹੇਗੀ। ਗੁਰਮੁਖੋ ! ਸਵਾਗਤ ਕਰਨ ਵਾਲੇ ਮਨੁੱਖ ਆਉਂਦੇ ਹਨ, ਇਹਨਾਂ ਵਿਚ ਉਹ ਮਨੁੱਖ ਹਨ, ਜਿਨ੍ਹਾਂ ਦੇ ਅੰਦਰ ਕੇਵਲ ਦਿਮਾਗ਼ੀ ਫਤੂਰ ਹੈ। ਸਵਾਲ ਦਾ ਜਵਾਬ ਖ਼ੁਦ ਮਿਲੇ, ਕੋਈ ਲੈਣਾ ਦੇਣਾ ਨਹੀਂ, ਕੇਵਲ ਸਵਾਲ ਕਰਨ ਤੱਕ ਸੀਮਤ ਹਨ। ਇਕ ਉਹ ਮਨੁੱਖ ਹਨ। ਦੂਜੇ ਉਹ ਮਨੁੱਖ ਹਨ, ਜਿਨ੍ਹਾਂ ਨੇ ਵਿੱਦਿਆ ਕੋਲੋਂ ਗਿਆਨ ਦਾ ਅਧਾਰ ਲੈ ਕੇ ਬਲਵਾਨ ਹੋਣ ਦਾ ਦਾਅਵਾ ਕੀਤਾ। ਹੈ ਇਹ ਕੌੜਾ ਸੱਚ। ਤੀਸਰੇ ਮਨੁੱਖ ਉਹ ਹਨ, ਜਿਹੜੇ ਗੁਰੂ ਦੇ ਦਰ 'ਤੇ ਖ਼ਾਲੀ ਹੋ ਕੇ ਆਏ ਤੇ ਗੁਰੂ ਨੇ ਉਹਨਾਂ ਦੀ ਝੋਲੀ ਭਰ ਦਿੱਤੀ। ਗੁਰੂ ਸਾਡੇ 'ਤੇ ਰਹਿਮਤ ਕਰੇ, ਸਾਨੂੰ ਕਿਤੇ ਗੁਰੂ ਕੋਲ ਖ਼ਾਲੀ ਹੋ ਕੇ ਆਉਣ ਦੀ ਜਾਚ ਆ ਜਾਏ, ਆਪਾਂ ਤਾਂ ਭਰੇ ਆਉਂਦੇ ਹਾਂ। ਵਿਚਾਰਾਂ ਨਾਲ ਭਰੇ ਹਾਂ, "ਮੈਂ" ਨਾਲ ਭਰੇ ਹਾਂ। ਮੈਂ ਗੁਰਦੁਆਰੇ ਦੀ ਇੰਨੀ ਮਦਦ ਕੀਤੀ। ਕਮਲਿਆ ! ਇਸ ਤਰ੍ਹਾਂ ਨਾ ਕਿਹਾ ਕਰ। ਤੂੰ ਇਹ ਕਿਹਾ ਕਰ ਕਿ ਗੁਰੂ ਨੇ ਮੈਨੂੰ ਇੰਨੀ ਮੱਤ ਦਿੱਤੀ। ਗੁਰੂ ਕੋਲੋਂ ਲੈਣ ਦੀ ਭਾਵਨਾ ਨਾਲ ਆ।

ਗੁਰ ਪਰਸਾਦੀ ਪਾਇਆ ਜਾਇ॥

ਜੇ ਕੋਈ ਮੈਨੂੰ ਪੁੱਛੇ ਕਿ ਤੁਸੀਂ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਲਈ ਹੈ ਤੇ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦਾ ਸਿਧਾਂਤ ਕੀ ਹੈ ? ਗੁਰਮੁਖੋ ! ਜੋ ਮੈਨੂੰ ਗੁਰੂ ਨੇ ਜਣਾਇਆ ਹੈ, ਉਸ ਦੇ ਮੁਤਾਬਿਕ ਮੈਂ ਬੇਨਤੀ ਕਰਾਂਗਾ, ਉਹ ਹੈ ਗੁਰੂ ਦੀ ਕ੍ਰਿਪਾ। ਗੁਰ ਪ੍ਰਸਾਦਿ ਸ਼ਬਦ ਧੰਨ ਗੁਰੂ ਗ੍ਰੰਥ ਸਾਹਿਬ ਵਿਚ ਸੈਂਕੜੇ ਵਾਰੀ ਆਇਆ ਹੈ। ਪ੍ਰਮਾਤਮਾ ਦੀ ਕ੍ਰਿਪਾ, ਗੁਰੂ ਦੀ ਕ੍ਰਿਪਾ। ਗੁਰਮੁਖਾ ! ਮਿਹਨਤ ਕਰਕੇ ਨਹੀਂ, ਗੁਰੂ ਦੀ ਕ੍ਰਿਪਾ ਕਰਕੇ ਗੱਲ ਬਣੇਗੀ। ਜਦੋਂ ਬੰਦੇ ਦੇ ਅੰਦਰੋਂ ਮੈਂ ਤੇ ਮੇਰੀ ਚੱਲੀ ਗਈ, ਫਿਰ ਪ੍ਰਤੀਤ ਕਰ ਲੈਣਾ ਕਿ ਗੁਰੂ ਦੀ ਕ੍ਰਿਪਾ ਹੋ ਗਈ ਹੈ।

ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ॥ ੧॥ ਰਹਾਉ॥

ਕਹਿੰਦੇ ਹਨ, ਉਹ ਪਵਿੱਤਰ ਰੂਹਾਂ ਦਾ ਮਨ ਪ੍ਰਮਾਤਮਾ ਨਾਲ ਲੱਗਾ ਹੈ। ਕਾਲ ਦੇ ਦੋ ਅਰਥ ਹਨ। ਇਕ ਕਾਲ ਨਾਮ ਹੈ ਮੌਤ ਦਾ, ਇਕ ਕਾਲ ਦਾ ਅਰਥ ਹੈ ਸਮਾਂ। ਉਹਨਾਂ ਗੁਰਮੁਖਾਂ 'ਤੇ ਮੌਤ ਦਾ ਪ੍ਰਭਾਵ ਨਹੀਂ। ਕਿਵੇਂ ? ਸਾਡੀ ਇਕ ਆਮ ਕਹਾਵਤ ਹੈ ਕਿ ਫਲਾਣੇ

ਦੀ ਸ਼ਾਹ ਰੱਗ ਕੱਟੀ ਗਈ ਤੇ ਮੌਤ ਹੋ ਗਈ। ਇਥੇ ਗੁਰੂ ਦੇ ਬੋਲ ਹਨ ਕਿ ਜਦੋਂ ਪ੍ਰਮਾਤਮਾ ਦੀ ਕ੍ਰਿਪਾ ਹੋ ਜਾਏ, ਫਿਰ ਮਨੁੱਖ 'ਤੇ ਕਾਲ ਦਾ ਪ੍ਰਭਾਵ, ਸਮੇਂ ਦਾ ਚੱਕਰ ਨਹੀਂ।

ਸਚਿ ਸਿਮਰਿਐ ਹੋਵੈ ਪਰਗਾਸੁ॥

ਇਸ ਪੰਗਤੀ ਵਿਚ ਗੁਰਦੇਵ ਸਾਨੂੰ ਨਿਰਦੇਸ਼ ਦੇ ਰਹੇ ਹਨ। ਸਾਡਾ ਸੁਭਾਅ ਹੈ ਕਿ ਅਸੀਂ ਅੱਠੇ ਪਹਿਰ ਕੋਈ ਨਾ ਕੋਈ ਸਿਮਰਨ ਕਰਦੇ ਹਾਂ। ਮਨ ਵਿਹਲਾ ਨਹੀਂ ਬੈਠਦਾ। ਵਿਹਲਾ ਮਨ ਸ਼ੈਤਾਨ ਦਾ ਘਰ। ਇਸ ਸ਼ੈਤਾਨ ਮਨ ਨੂੰ ਸੱਚ ਨਾਲ ਜੋੜ ਲੈ। ਸੱਚ ਨਾਮ ਹੈ ਪ੍ਰਮਾਤਮਾ ਦਾ। ਅਸੀਂ ਪੜ੍ਹਦੇ ਹਾਂ –

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

(ਜਪੁ ਜੀ ਸਾਹਿਬ)

ਇਸ ਦਾ ਸਿਮਰਨ ਕਰਕੇ ਗੁਰਮੁਖਾ, ਤੇਰੇ ਅੰਦਰ ਚਾਨਣ ਹੋ ਜਾਵੇਗਾ। ਪਰਗਾਸੁ ਨਾਮ ਹੈ ਚਾਨਣ ਦਾ। ਇਹ ਚਾਨਣ ਬਿਜਲੀ ਦੇ ਬਲਬਾਂ ਕਰਕੇ ਨਹੀਂ, ਮਿੱਟੀ ਦੇ ਦੀਵਿਆਂ ਨਾਲ ਨਹੀਂ, ਚਾਨਣ ਦਾ ਤਰੀਕਾ ਹੈ –

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥

(ਅੰਗ ੬੭)

ਗੁਰੂ ਦੇ ਸਿੱਖਾ ! ਗੁਰੂ ਦੀ ਬਾਣੀ ਮੂਲ ਹੈ, ਚਾਨਣ ਹੈ, ਪਰ ਤੂੰ ਕਰਮ ਸ੍ਰੇਸ਼ਟ ਕਰ ਤਾਂ ਕਿ ਗੁਰੂ ਦੀ ਬਾਣੀ ਦਾ ਚਾਨਣ ਸਦੀਵੀ ਤੌਰ 'ਤੇ ਤੇਰੇ ਅੰਦਰ ਜਗਦਾ ਰਹੇ।

ਤਾ ਤੇ ਬਿਖਿਆ ਮਹਿ ਰਹੈ ਉਦਾਸੁ॥

ਕਹਿੰਦੇ ਹਨ, ਜਿਹੜੇ ਗੁਰਸਿੱਖ ਹਨ, ਉਹ ਸੰਸਾਰ ਵਿਚ ਰਹਿੰਦਿਆਂ ਹੋਇਆਂ ਇਸ ਤੋਂ ਉਪਰਾਮ ਰਹਿੰਦੇ ਹਨ।

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥

(ਅੰਗ ੯੩੮)

ਮੁਰਗਾਬੀ ਪਾਣੀ ਵਿਚ ਤਰਦੀ ਹੈ, ਪਰ ਪਾਣੀ ਦਾ ਪ੍ਰਭਾਵ ਉਸ ਦੇ ਖੰਭਾਂ ਨੂੰ ਮੁਤਾਸਰ ਨਹੀਂ ਕਰਦਾ। ਇਸ ਤਰ੍ਹਾਂ ਜਿਹੜੇ ਗੁਰਮੁਖ ਹਨ, ਰਹਿੰਦੇ ਸੰਸਾਰ ਵਿਚ ਹਨ, ਪਰ ਉਹਨਾਂ ਨੇ ਆਪਣੇ ਆਪ ਨੂੰ ਪ੍ਰਾਹੁਣਿਆਂ ਦੀ ਤਰ੍ਹਾਂ ਸਮਝਿਆ ਹੈ। ਉਹ ਅੱਠੇ ਪਹਿਰ ਮੌਤ ਨੂੰ ਚੇਤੇ ਰੱਖਦੇ ਹਨ। ਅਸੀਂ ਜਦੋਂ ਕਿਤੇ ਜਾਣਾ ਹੋਵੇ ਤਾਂ ਦੋ ਮਹੀਨੇ ਪਹਿਲਾਂ ਹੀ ਪ੍ਰਬੰਧ ਸ਼ੁਰੂ ਕਰ ਦਿੰਦੇ ਹਾਂ। ਇਹ ਕੱਪੜੇ ਮੇਰੇ ਪ੍ਰੈੱਸ ਕਰਕੇ ਪਾ ਦਿਉ, ਇੰਨੇ ਜੋੜੇ ਜਰਾਬਾਂ ਦੇ, ਇੰਨੇ ਰੁਮਾਲ ਪਾ ਦਿਉ ਤੇ ਜਾਣਾ ਕੇਵਲ 15 ਦਿਨਾਂ ਲਈ। ਜਿਹੜੀ ਯਾਤਰਾ 'ਤੇ ਆਪਾਂ ਗਏ, ਕਦੀ ਮੁੜਨਾ ਨਹੀਂ, ਉਸ ਦਾ ਪ੍ਰਬੰਧ ਹੀ ਨਹੀਂ। ਉਹ ਗੁਰਮੁਖ ਜਨ ਜਿਨ੍ਹਾਂ ਨੇ ਇਹ ਪ੍ਰਬੰਧ ਕੀਤਾ, ਉਹਨਾਂ ਨੂੰ

ਸੰਸਾਰ ਦੇ ਪਦਾਰਥ ਪ੍ਰਭਾਵਤ ਨਹੀਂ ਕਰਦੇ। ਉਹ ਸੰਸਾਰ ਵਿਚ ਰਹਿੰਦਿਆਂ ਹੋਇਆਂ ਇਸ ਤੋਂ ਉੱਪਰ ਉੱਠੇ ਹਨ।

ਸਤਿਗੁਰ ਕੀ ਐਸੀ ਵਡਿਆਈ॥

ਮੇਰੇ ਪਾਤਿਸ਼ਾਹ ਬਾਰ-ਬਾਰ ਦਲੀਲ ਦਿੰਦੇ ਹਨ, ਗੁਰਮੁਖਾ ! ਇਹ ਗੁਰੂ ਦੀਆਂ ਵਡਿਆਈਆਂ ਹਨ, ਤੇਰੀ ਮਿਹਨਤ ਕਰਕੇ ਨਹੀਂ। ਆਮ ਸਾਧਾਰਨ ਮਨੁੱਖ ਜਿਨ੍ਹਾਂ ਦੇ ਅੰਦਰ ਨਾਨਕਿਆਂ ਦੇ ਪ੍ਰਭਾਵ ਕਰਕੇ ਚੋਰੀ ਦੀ ਮਾਰ ਪੈ ਗਈ। ਗੁਰੂ ਦੇ ਸੰਪਰਕ ਵਿਚ ਆਏ ਉਹ ਬਿਧੀ ਚੰਦ ਜੀ ਤੇ ਮੇਰੇ ਗੁਰੂ ਨੇ ਨਵਾਜ਼ਸ਼ ਕੀਤੀ ਤੇ ਆਖਿਆ-

ਬਿਧੀ ਚੰਦ ਛੀਨਾ, ਗੁਰੂ ਕਾ ਸੀਨਾ।

ਜੋ ਵਰ ਮੰਗਿਆ ਸੋਈ ਦੇਨਾ, ਕਮੀ ਕਿਸੇ ਬਾਤ ਕੀ ਨਾ।

ਸਿੱਖੀ ਦੀ ਕ੍ਰਿਪਾ ਹੈ, ਗੁਰੂ ਦੀ ਕ੍ਰਿਪਾ ਹੈ। ਇਕ ਡੂਮ ਨੇ ਦੁਨੀਆਂ ਦੇ ਵਿਚਾਰਾਂ ਨੂੰ ਪਾਸੇ ਕਰਕੇ, ਦੁਨੀਆਂ ਦੇ ਵਿਹਾਰਾਂ ਨੂੰ ਪਾਸੇ ਕਰਕੇ ਗੁਰੂ ਦੀ ਖ਼ੁਸ਼ੀ ਲਈ ਗੁਰੂ ਦੀ ਹਜ਼ੂਰੀ ਵਿਚ ਕੀਰਤਨ ਕੀਤਾ ਗੁਰੂ ਦਾ ਬਣ ਕੇ, ਉਹ ਭਾਈ ਮਰਦਾਨਾ ਪੂਜਿਆ ਗਿਆ। ਜਦੋਂ ਅਸੀਂ ਗੁਰੂ ਬਾਬੇ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਓਨਾ ਚਿਰ ਗੁਰੂ ਬਾਬੇ ਦੀ ਗੱਲ ਅਧੂਰੀ ਪ੍ਰਤੀਤ ਹੁੰਦੀ ਹੈ, ਜਿੰਨਾ ਚਿਰ ਭਾਈ ਮਰਦਾਨੇ ਦਾ ਜ਼ਿਕਰ ਨਾ ਕਰ ਲਈਏ। ਮੇਰੇ ਪਾਤਿਸ਼ਾਹ ਕਹਿੰਦੇ ਹਨ, ਗੁਰਮੁਖਾ ! ਇਹ ਸਾਰੀਆਂ ਵਡਿਆਈਆਂ ਗੁਰੂ ਦੀ ਬਦੌਲਤ ਹਨ।

ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥੨॥

ਮੇਰੇ ਪਾਤਿਸ਼ਾਹ ਕਹਿੰਦੇ ਹਨ, ਸਿੱਖੋ ! ਪਰਿਵਾਰ ਨੂੰ ਛੱਡਣ ਦੀ ਲੋੜ ਨਹੀਂ। ਕਦੀ ਸਿੱਧਾਂ ਨੇ ਉਲਾਹਮਾ ਦਿੱਤਾ ਸੀ, ਜਦੋਂ ਮੇਰੇ ਪਾਤਿਸ਼ਾਹ ਚਾਰੇ ਉਦਾਸੀਆਂ ਕਰਕੇ ਕਰਤਾਰਪੁਰ ਸਾਹਿਬ ਆਏ ਸਨ ਤੇ ਉਹਨਾਂ ਸਿੱਧਾਂ ਨੇ ਗਿਲਾ ਕੀਤਾ ਕਿ ਬਾਬਾ, ਤੁਸੀਂ ਗ਼ਲਤ ਕੀਤਾ ਹੈ। ਪਹਿਲਾਂ ਉਦਾਸੀਆਂ ਵਾਲਾ ਭੇਖ ਪਾਇਆ, ਫਿਰ ਗ੍ਰਹਿਸਤੀਆਂ ਵਾਲੇ ਕੱਪੜੇ ਪਾ ਲਏ। ਮੇਰੇ ਬਾਬਾ ਜੀ ਨੇ ਕਿਹਾ ਜੇ ਗ੍ਰਹਿਸਤ ਮਾੜਾ ਹੈ, ਤੁਸੀਂ ਔਰਤ ਤੋਂ ਪ੍ਰਹੇਜ਼ ਕਰਦੇ ਹੋ ਤੇ ਆਖ਼ਿਰਕਾਰ ਜਿਥੋਂ ਤੁਹਾਡਾ ਜਨਮ ਹੋਇਆ, ਉਹ ਵੀ ਇਕ ਔਰਤ ਸੀ। ਮੇਰੇ ਪਾਤਿਸ਼ਾਹ ਕਹਿੰਦੇ ਹਨ, ਗੁਰਮੁਖਾ ! ਪੁੱਤਰਾਂ ਦੇ ਹੁੰਦਿਆਂ ਹੋਇਆਂ, ਆਪਣੇ ਪਰਿਵਾਰ ਵਿਚ ਰਹਿੰਦਿਆਂ ਉਸ ਪ੍ਰਮਾਤਮਾ ਨਾਲ ਜੁੜਨ ਕਰਕੇ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ। ਪਰ ਹੋਵੇਗੀ ਕਦੋਂ ? ਗਤਿ ਮਰਿਯਾਦਾ ਵਿਚ ਆਉਣ ਕਰਕੇ।

ਐਸੀ ਸੇਵਕੁ ਸੇਵਾ ਕਰੈ॥

ਕਹਿੰਦੇ ਹਨ, ਇਸ ਢੰਗ ਨਾਲ ਸੇਵਾ ਕਰ। ਗੁਰਮੁਖਾ ! ਸੇਵਾ ਥਾਏਂ ਤਾਂ ਪਏਗੀ ਜੇ ਗੁਰੂ ਦੇ ਬਚਨਾਂ ਨੂੰ ਕਮਾ ਲਵੇਂ, ਉਸ 'ਤੇ ਚੱਲੇਂ।

ਜਿਸ ਕਾ ਜੀਉ ਤਿਸੁ ਆਗੈ ਧਰੈ॥

ਕਹਿੰਦੇ ਹਨ, ਜਿਸ ਨੇ ਜੀਵਨ ਦਿੱਤਾ ਹੈ, ਉਸ ਅੱਗੇ ਰੱਖ ਦੇ। ਅਸੀਂ ਪੜ੍ਹਦੇ ਹਾਂ-

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

(ਅੰਗ ੧੪੧੨)

ਆਪਣੀ ਸੋਝੀ ਗੁਰੂ ਨੂੰ ਭੇਟ ਕਰ। ਪਰ ਬੰਦਾ ਬੜਾ ਚਲਾਕ ਹੈ, ਇਸਨੇ ਨਾਰੀਅਲ ਲਿਆ ਤੇ ਗੁਰਦੁਆਰੇ ਚੜ੍ਹਾ ਦਿੱਤਾ। ਕਹਿਣ ਲੱਗਾ ਗਿਆਨੀ ਜੀ ! ਗੁਰੂ ਨੂੰ ਸਿਰ ਚੜ੍ਹਾ ਆਏ ਹਾਂ। ਸਿਰ ਦਾ ਕੰਮ ਇਸ ਨੇ ਨਾਰੀਅਲ ਤੋਂ ਸਾਰ ਲਿਆ। ਸਿਰ ਦੇਣ ਤੋਂ ਭਾਵ ਹੈ ਆਪਣੀ ਸੋਚ ਗੁਰੂ ਨੂੰ ਸਮਰਪਣ ਕਰਨਾ।

ਸਾਹਿਬ ਭਾਵੈ ਸੋ ਪਰਵਾਣੁ॥

ਜਿਹੜੇ ਗੁਰੂ ਨੂੰ ਭਾਅ ਗਏ, ਪਰਮਾਣੀਕ ਹਨ। ਮੇਰੇ ਪਾਤਿਸ਼ਾਹ ਕਹਿੰਦੇ ਹਨ, ਜਿਹੜਾ ਗੁਰੂ ਨੂੰ, ਪ੍ਰਮਾਤਮਾ ਨੂੰ ਭਾਅ ਗਿਆ, ਉਹ ਲੇਖੇ ਵਿਚ ਹਨ।

ਸੋ ਸੇਵਕੁ ਦਰਗਹ ਪਾਵੈ ਮਾਣੁ॥ ੩॥

ਉਸ ਸੇਵਕ ਨੂੰ ਪ੍ਰਮਾਤਮਾ ਦੇ ਦਰਗਾਹ ਵਿਚ ਮਾਣ ਮਿਲਿਆ।

ਸਤਿਗੁਰ ਕੀ ਮੂਰਤਿ ਹਿਰਦੈ ਵਸਾਏ॥

ਗੁਰੂ ਦੇ ਉਪਦੇਸ਼ ਨੂੰ ਹਿਰਦੇ ਵਿਚ ਵਸਾਉ। ਤਰਕਵਾਦੀ ਸ਼ੰਕਾ ਕਰਨਗੇ, ਗਿਆਨੀ ਜੀ ! ਇਥੇ ਮੂਰਤਿ ਲਿਖਿਆ ਹੈ, ਤੁਸੀਂ ਅਰਥ ਗ਼ਲਤ ਕਰਦੇ ਪਏ ਹੋ। ਵੀਰਾ, ਜਿਹੜੀ ਫੋਟੋ ਹੈ, ਉਸਨੂੰ ਹਿਰਦੇ ਵਿਚ ਟੰਗੇਂਗਾ ਕਿੱਥੇ ? ਹਿਰਦੇ ਵਿਚ ਕੇਵਲ ਤੇ ਕੇਵਲ ਗੁਰੂ ਦਾ ਉਪਦੇਸ਼ ਹੀ ਟਿੱਕ ਸਕਦਾ ਹੈ। ਜੋ ਗੁਰੂ ਦਾ ਉਪਦੇਸ਼ ਹੈ, ਉਸ ਨੂੰ ਆਪਣੇ ਹਿਰਦੇ ਵਿਚ ਵਸਾਉਣ ਦਾ ਯਤਨ ਕਰੀਏ।

ਜੋ ਇਛੈ ਸੋਈ ਫਲੁ ਪਾਏ॥

ਕਹਿੰਦੇ ਹਨ ਕਿ ਗੁਰਮੁਖਾਂ ਦਾ ਜਦੋਂ ਫੁਰਨਾ ਪੂਰਾ ਹੋ ਜਾਂਦਾ ਹੈ ਤਾਂ ਕੇਵਲ ਗੁਰੂ ਦੇ ਸ਼ਬਦ ਨੂੰ ਆਪਣੇ ਹਿਰਦੇ ਵਿਚ ਗ੍ਰਹਿਣ ਕਰਨ ਨਾਲ ਹੁੰਦਾ ਹੈ।

ਸਾਚਾ ਸਾਹਿਬ ਕਿਰਪਾ ਕਰੈ॥

ਉਹ ਪਰੀਪੂਰਨ ਪ੍ਰਮਾਤਮਾ ਜਿਸ ਉੱਪਰ ਕ੍ਰਿਪਾ ਕਰੇ।

ਸੋ ਸੇਵਕੁ ਜਮ ਤੇ ਕੈਸਾ ਡਰੈ॥ ੪॥

ਜਿਹੜੇ ਗੁਰੂ ਦੇ ਨਾਮ 'ਤੇ ਜੀਊਂਦੇ ਹਨ, ਉਹਨਾਂ ਨੂੰ ਮੌਤ ਦਾ ਡਰ ਨਹੀਂ।

ਭਨਤਿ ਨਾਨਕੁ ਕਰੇ ਵੀਚਾਰੁ॥

ਗੁਰਦੇਵ ਕਹਿੰਦੇ ਹਨ, ਗੁਰਮੁਖਾ ! ਆਪਣੇ ਅੰਦਰ ਵਿਚਾਰ ਕਰ। ਕਾਮ ਤੇਰੇ ਅੰਦਰ ਹੈ, ਕ੍ਰੋਧ ਤੇਰੇ ਅੰਦਰ ਹੈ, ਦੂਜਿਆਂ ਨੂੰ ਮਾਰਨ ਲਈ ਡਾਂਗਾਂ ਚੁੱਕੀ ਫਿਰਦਾ ਹੈਂ। ਮਿੱਤਰਾ ! ਜਿਹੜੇ ਤੇਰੇ ਅੰਦਰ ਵੈਰੀ ਹਨ, ਉਹਨਾਂ ਨੂੰ ਮਾਰਨ ਦਾ ਯਤਨ ਕਰ।

ਸਾਚੀ ਬਾਣੀ ਸਿਉ ਧਰੇ ਪਿਆਰੁ॥

ਇਹ ਮਰਨਗੇ ਕਿਵੇਂ ? ਗੁਰੂ ਦੀ ਬਾਣੀ ਨਾਲ ਪਿਆਰ ਕਰਿਆ ਕਰ।

ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ॥

ਜਿਨਿ ਪੀਤੀ ਤਿਸੁ ਮੋਖ ਦੁਆਰ॥

(ਅੰਗ ੧੨੭੫)

ਤਾ ਕੌ ਪਾਵੈ ਮੋਖ ਦੁਆਰੁ॥

ਕਹਿੰਦੇ ਹਨ, ਜਿਹੜੇ ਗੁਰੂ ਦੀ ਬਾਣੀ ਨਾਲ ਪਿਆਰ ਕਰਦੇ ਹਨ, ਉਹ ਮੁਕਤੀ ਦੇ ਦਰਵਾਜ਼ੇ 'ਤੇ ਪਹੁੰਚ ਗਏ। ਗੁਰੂ ਦੇ ਦਰਵਾਜ਼ੇ ਰਾਹੀਂ ਪ੍ਰਮਾਤਮਾ ਤੱਕ ਪਹੁੰਚਣ ਦਾ ਯਤਨ ਕਰੋ।

ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ॥ ੫॥ ੨॥ ੪॥

ਜਪੁ ਦਾ ਭਾਵ ਕਿਸੇ ਦੇ ਸ਼ਬਦ ਦਾ ਜਾਪ ਕਰਨਾ, ਤਪੁ ਦਾ ਅਰਥ ਹੈ ਸਰੀਰ 'ਤੇ ਕਠਿਨ ਤਕਲੀਫ਼ਾਂ ਝੱਲਣੀਆਂ। ਮੇਰੇ ਪਾਤਿਸ਼ਾਹ ਕਹਿੰਦੇ ਹਨ, ਗੁਰਮੁਖਾ ! ਕਿਸੇ ਨੇ ਜਪ ਕੀਤਾ, ਕਿਸੇ ਨੇ ਤਪ ਕੀਤਾ, ਸਾਰੀਆਂ ਗੱਲਾਂ ਦਾ ਨਿਚੋੜ ਕੇਵਲ ਇੰਨਾ ਹੈ ਕਿ ਤੂੰ ਸ਼ਬਦ ਦੀ ਕਮਾਈ ਕਰ। ਗੁਰੂ ਦੇ ਮੰਤਰ ਨਾਲ ਜੁੜ। ਗੁਰੂ ਦੇ ਮੂਲ ਮੰਤਰ ਨਾਲ ਜੁੜ। ਗੁਰੂ ਬਾਬਾ ਤੇਰੇ 'ਤੇ ਰਹਿਮਤਾਂ ਕਰੇਗਾ। ਸਤਿਗੁਰ ਪਾਤਿਸ਼ਾਹ ਸਾਡੇ 'ਤੇ ਨਿਗਾਹ ਕਰੇ ਤਾਂਕਿ ਅਸੀਂ ਉਸ ਦੀ ਨਿਗਾਹ ਦੇ ਪਾਤਰ ਬਣ ਕੇ ਇਸ ਮਨੁੱਖਾ ਜਾਮੇ ਨੂੰ ਸਫਲ ਕਰਕੇ ਗੁਰੂ ਦੇ ਦਰ ਪ੍ਰਵਾਨ ਹੋ ਸਕੀਏ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨਾ। ਭੁੱਲਾਂ ਚੁੱਕਾਂ ਲਈ ਖਿਮਾ !

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਬਿਨੁ ਗੁਰ ਬੂਝ ਨ ਪਾਉ

ਸ੍ਰੀਰਾਗੁ ਮਹਲਾ ੧॥

ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ॥
ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ॥
ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ॥੭॥
ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ॥
ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ॥੮॥੬॥

(ਅੰਗ ੫੭)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਗੁਰੂ ਗ੍ਰੰਥ ਸਾਹਿਬ ਸਤਿਗੁਰੂ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਗੁਰੂ ਨਾਨਕ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ ਅੱਜ ਦੇ ਇਸ ਅੰਮ੍ਰਿਤ ਬਚਨ ਦੇ ਅੰਦਰ ਉਹ ਲੋਕ ਜਿਹੜੇ ਪ੍ਰਭੂ ਦੀ ਭਾਲ ਵਿਚ ਪ੍ਰਮਾਤਮਾ ਜੀ ਦੀ ਢੂੰਡ ਵਿਚ ਚੱਲੇ ਤਾਂ ਹਨ, ਪਰ ਜਿਸ ਮਾਰਗ 'ਤੇ ਉਹ ਚੱਲਦੇ ਪਏ ਹਨ ਸ਼ਾਇਦ ਉਹ ਮਾਰਗ ਪ੍ਰਮਾਤਮਾ ਦੇ ਘਰ ਨੂੰ ਨਾ ਜਾਂਦਾ ਹੋਵੇ। ਉਦਾਹਰਨ ਦੇ ਤੌਰ 'ਤੇ ਇਹਨਾਂ ਮਹਾਂਪੁਰਸ਼ਾਂ ਨੂੰ ਜਾਂ ਜਿਹੜੇ ਢੂੰਡਾਊ ਤੁਰੇ ਹਨ, ਉਹਨਾਂ ਦੀ ਨਿੰਦਿਆ ਨਹੀਂ। ਜਿਹੜੇ ਇਕ ਥੱਲ ਵਾਲੇ ਪਾਸੇ ਤੁਰੇ ਹਨ ਪ੍ਰਮਾਤਮਾ ਨੂੰ ਪਾਉਣ ਲਈ ਤੇ ਇਸ ਗੱਲ ਨੂੰ ਭੁੱਲਿਉ ਨਾ ਕਿ ਜਿਹੜਾ ਘਰੋਂ ਇਕ ਵਾਰੀ ਚੱਲ ਪਿਆ ਹੈ, ਉਸ ਦੇ ਅੰਦਰ ਕਿਤੇ ਨਾ ਕਿਤੇ ਇਹ ਕਸਕ ਪਈ ਹੈ ਕਿ ਮੈਂ ਪਿਆਰੇ ਵਾਹਿਗੁਰੂ ਜੀ ਨੂੰ ਖ਼ੁਸ਼ ਕਰਨਾ ਹੈ। ਰਸਤਾ ਵੀ ਇਕ ਦਿਨ ਮਿਲੇਗਾ। ਜੰਗਲ ਨੂੰ ਤੁਰਿਆ ਜਾਂਦਾ ਹੈ। ਇਕ ਗੱਲ ਤਾਂ ਜ਼ਰੂਰ ਹੈ, ਉਸ ਦੇ ਮਨ ਵਿਚ ਕਿਤੇ ਨਾ ਕਿਤੇ ਇਹ ਬੀਜ ਪਿਆ ਹੈ ਕਿ ਮੇਰੀ ਜ਼ਿੰਦਗੀ ਦਾ ਕੋਈ ਮਕਸਦ ਹੈ। ਘਰ ਵਿਚ ਬੈਠਾ ਮੈਂ ਖਾਂਦਾ ਹਾਂ, ਮੈਂ ਪੀਂਦਾ ਹਾਂ, ਮੈਂ ਹੰਢਾਉਂਦਾ ਹਾਂ, ਆਖ਼ਿਰ ਮੈਂ ਕਿਸ ਲਈ ਧਰਤੀ 'ਤੇ ਆਇਆ ਹਾਂ ? ਜਿਸ ਦਿਨ ਮਨੁੱਖ ਦੇ ਮਨ ਵਿਚ ਇਹ ਸੋਚ ਤੁਰ ਪਵੇ ਕਿ ਮੇਰਾ ਧਰਤੀ 'ਤੇ ਆਉਣ ਦਾ ਮਕਸਦ ਕੁਝ ਹੋਰ ਹੈ, ਉਸ ਦਿਨ ਸਮਝ ਲਿਉ ਪ੍ਰਮਾਤਮਾ ਦੀ ਦਇਆ ਦਾ ਇਕ ਕਦਮ ਪੁਟਿਆ ਗਿਆ।

ਸਤਿਗੁਰੂ ਨੇ ਬਾਣੀ ਵਿਚ ਕੁਝ ਬਚਨ ਕਹੇ ਹਨ। ਇਕ ਹਜ਼ੂਰ ਦਾ ਬਚਨ ਆਉਂਦਾ ਹੈ ਕਿ ਜਿਹੜਾ ਬੰਦਾ ਦਿਨ ਚੜ੍ਹੇ ਤੋਂ ਲੈ ਕੇ ਰਾਤ ਤੱਕ ਸਿਰਫ਼ ਖਾਣ, ਪੀਣ ਅਤੇ ਇੰਦਰਿਆਂ ਦੇ ਰੱਸ ਵਿਚ ਮਗਨ ਹੈ, ਉਸ ਬੰਦੇ ਦਾ ਸਵੇਰੇ ਜਾਗਣਾ ਮਾਨੋ ਉਸ ਨੂੰ ਸੈਂਕੜੇ ਫੱਟਕਾਰਾਂ ਪੈਣਗੀਆਂ ਤੇ ਜਿਹੜਾ ਸਾਰਾ ਦਿਨ ਬੰਦੇ ਦਾ ਕੇਵਲ ਪਦਾਰਥ ਤੇ ਵਿਸ਼ਿਆਂ ਵਿਚ ਲੰਘਿਆ ਹੈ, ਰਾਤ ਨੂੰ ਕੀ ਆਸ ਕਰਾਂਗੇ ਕਿ ਸੁੱਤੇ ਹੋਏ ਬੰਦੇ ਨੂੰ ਪ੍ਰਮਾਤਮਾ ਦੀ ਯਾਦ ਆਵੇਗੀ। ਜੋ ਕੁਝ ਸਾਰਾ ਦਿਨ ਉਸ ਨੇ ਵੇਖਿਆ, ਜੋ ਕੁਝ ਸਾਰਾ ਦਿਨ ਸੁਣਿਆ, ਕੁਦਰਤੀ ਤੌਰ 'ਤੇ ਰਾਤ ਨੂੰ ਸੁਪਨਿਆਂ ਵਿਚ ਵੀ ਉਹੀ ਕੁਝ ਉਹ ਵੇਖੇਗਾ। ਬਾਬਾ ਜੀ ਨੇ ਕਿਹਾ ਕਿ ਜਿਹੜੇ ਜਾਗਦੇ ਹੋਏ ਰੱਬ ਨੂੰ ਚੇਤੇ ਨਹੀਂ ਕਰਦੇ, ਉਹਨਾਂ ਨੂੰ ਸੈਂਕੜੇ ਉਲਾਹਮੇ ਮਿਲਣਗੇ। ਜਿਨ੍ਹਾਂ ਨੂੰ ਰਾਤ ਨੂੰ ਸੁੱਤਿਆਂ ਪ੍ਰਮਾਤਮਾ ਦੀ ਕਦੀ ਯਾਦ ਨਹੀਂ ਆਈ, ਕਦੀ ਸੁੱਤਿਆਂ ਵੀ ਫੁਰਨੇ ਨਹੀਂ ਬਣੇ, ਉਹਨਾਂ ਨੂੰ ਹਜ਼ਾਰਾਂ ਉਲਾਹਮੇ ਮਿਲਣਗੇ ਤੇ ਨਾਲ ਬਚਨ ਕੀਤਾ ਕਿ ਜਿਨ੍ਹਾਂ ਨੇ ਕੇਵਲ ਖਾ ਕੇ ਆਪਣੇ ਤਨ ਦਾ ਵਜ਼ਨ ਹੀ ਵਧਾਇਆ ਹੈ ਤੇ ਪ੍ਰਮਾਤਮਾ ਨੂੰ ਯਾਦ ਨਹੀਂ ਕੀਤਾ, ਧੰਨ ਗੁਰੂ ਗ੍ਰੰਥ ਸਾਹਿਬ ਕ੍ਰਿਪਾ ਕਰਦੇ ਹਨ ਕਿ ਉਹਨਾਂ ਲੋਕਾਂ ਦੇ ਜੀਵਨ ਨੂੰ ਪ੍ਰਭੂ ਦੇ ਘਰ ਵਿਚ ਧਿਰਕਾਰ ਕਿਹਾ ਜਾਏਗਾ। ਖਾਣਾ ਪੀਣਾ ਤੇ ਕੇਵਲ ਸੰਤਾਨ ਦੀ ਪੈਦਾਇਸ਼ ਦਾ ਨਾਮ ਮਨੁੱਖੀ ਜ਼ਿੰਦਗੀ ਨਹੀਂ। ਸਮਾਜਿਕ ਤੌਰ 'ਤੇ ਕਹਿ ਦੇਵਾਂਗੇ, ਪਰ ਪ੍ਰਮਾਰਥ ਦੀ ਨਜ਼ਰ ਵਿਚ ਸਾਹਿਬ ਨੇ ਕਿਹਾ ਹੈ -

ਸਉ ਉਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ॥
ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥

(ਅੰਗ ੭੯੦)

ਹੁਣ ਹੰਸ ਦਾ ਅਰਥ ਆਪ ਸਮਝਦੇ ਹੋ, ਹੰਸ ਆਪਾਂ ਉਸ ਪੰਛੀ ਨੂੰ ਕਹਿੰਦੇ ਹਾਂ, ਜਿਸ ਦੇ ਬਾਰੇ ਇਹ ਰਵਾਇਤ ਹੈ ਕਿ ਉਹ ਮਾਨ ਸਰੋਵਰ ਦੇ ਕਿਨਾਰੇ ਨੂੰ ਨਹੀਂ ਤਿਆਗਦਾ। ਜਿਸ ਦੇ ਬਾਰੇ ਪ੍ਰਚਲਿਤ ਹੈ ਕਿ ਮੋਤੀ ਚੁਗਦਾ ਹੈ। ਜਿਸ ਦੇ ਬਾਰੇ ਇਹ ਪ੍ਰਚਲਿਤ ਹੈ ਕਿ ਉਹ ਦੁੱਧ ਅਤੇ ਪਾਣੀ ਨੂੰ ਵੱਖ ਕਰਦਾ ਹੈ। ਜੇ ਉਹ ਮਰੇ ਹੋਏ ਪਸ਼ੂਆਂ ਦੀਆਂ ਹੱਡੀਆਂ ਮੂੰਹ ਵਿਚ ਪਾ ਕੇ ਚੂੰਡੀ ਜਾਏ ਤਾਂ ਲੋਕ ਕਹਿਣਗੇ ਕਿ ਨਾਮ ਦਾ ਹੀ ਹੰਸ ਹੈ, ਅਸਲ ਵਿਚ ਹੰਸਾਂ ਵਾਲੇ ਇਸ ਕੋਲ ਕੋਈ ਗੁਣ ਨਹੀਂ। ਐ ਮਨੁੱਖ ! ਤੂੰ ਵੀ ਤਾਂ ਇਕ ਹੰਸ ਹੈਂ। ਤੇਰਾ ਵਸੇਬਾ ਸਤਿਸੰਗਤ ਮਾਨ ਸਰੋਵਰ ਦੇ ਕਿਨਾਰੇ ਚਾਹੀਦਾ ਹੈ। ਤੇਰੀ ਖ਼ੁਰਾਕ ਸ਼ਬਦ ਦੇ ਮੋਤੀ ਚਾਹੀਦੀ ਹੈ। ਵਾਹਿਗੁਰੂ ਮੇਹਰ ਕਰੇ, ਤੂੰ ਗੁਰਮਤਿ ਅਤੇ ਦੁਰਮਤਿ ਨੂੰ ਨਿਖੇੜ ਸਕੇਂ ਤੇ ਜੇ ਮਨੁੱਖਾ ਦੇਹੀ ਲੈ ਕੇ ਇਸ ਚਮੜੀ ਦੇ ਰੱਸ ਵਿਚ ਪੈ ਗਿਆ ਤਾਂ ਫਿਰ ਤੇਰੀ ਅਵਸਥਾ ਉਹ ਹੋਵੇਗੀ ਕਿ ਹੰਸ ਬਣ ਕੇ ਵੀ ਤੂੰ ਮਰੇ ਹੋਏ ਪਸ਼ੂਆਂ ਦੇ ਜਿਵੇਂ ਪਿੰਜਰ ਢੂੰਡਦਾ ਹੈਂ। ਪਿਆਰਿਆ ! ਰੱਬ ਨੂੰ ਮਿਲਣ ਵਾਲੀ ਤਾਂਘ ਲੈ ਕੇ ਇਸ ਸੰਸਾਰ 'ਤੇ ਆਇਆ ਹੈਂ ਤੇ ਜੇ ਉਹ ਅੰਦਰ ਨਹੀਂ ਉਪਜੀ ਤਾਂ ਫਿਰ ਤੇਰੀ ਬਿਰਤੀ ਵੀ ਕੇਵਲ ਚਮੜੀ ਤੱਕ ਸੀਮਤ ਹੈ। ਬਾਬਾ ਜੀ ਕਹਿੰਦੇ ਹਨ -

ਸਉ ਉਲਾਮ੍ਹੇ ਦਿਨੈ ਕੇ ਰਾਤੀ ਮਿਲਨਿ੍ ਸਹੰਸ॥
ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥
ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ॥

(ਅੰਗ ੭੯੦)

ਨਾਮ ਤੋਂ ਬਿਨਾਂ ਹਰ ਚੀਜ਼ ਤੈਨੂੰ ਡੋਬਣ ਵਾਲੀ ਹੈ। ਹਜ਼ੂਰ ਦਾ ਇਕ ਬਚਨ ਆਉਂਦਾ ਹੈ -

ਆਹਰ ਸਭਿ ਕਰਦਾ ਫਿਰੈ

(ਅੰਗ ੯੬੫)

ਆਹਰ ਦਾ ਅੱਖਰੀ ਅਰਥ ਹੈ ਉੱਦਮ। ਬੰਦਾ ਸਾਰੇ ਉੱਦਮ ਕਰਦਾ ਹੈ। ਕੀ ਆਪਾਂ ਸਵੇਰ ਤੋਂ ਸ਼ਾਮ ਤੱਕ ਉੱਦਮ ਨਹੀਂ ਕਰਦੇ ? ਸਾਡੇ ਉੱਦਮ ਵਿਚ, ਸਾਡੇ ਕਰਮਾਂ ਵਿਚ ਬਹੁਤ ਸਾਰੇ ਉੱਦਮ ਅਜਿਹੇ ਹਨ, ਜਿਹੜੇ ਵਿਅਕਤੀ ਤੌਰ 'ਤੇ ਸਾਨੂੰ ਜ਼ਰੂਰਤ ਨਹੀਂ, ਪਰ ਆਉਣ ਵਾਲੇ ਸਮੇਂ ਵਿਚ ਉਸ ਦੀ ਲੋੜ ਹੈ। ਅਜੇ ਸਮਾਂ ਨਹੀਂ ਆਇਆ, ਪਰ ਅਸੀਂ ਸੰਚਿਤ ਪਹਿਲਾਂ ਪਏ ਕਰਦੇ ਹਾਂ। ਪ੍ਰਮਾਤਮਾ ਨੇ ਸਾਡੀ ਰਸੋਈ ਵਿਚ ਆਟਾ ਪਾਇਆ ਹੈ। ਉਸ ਦੀ ਦਾਤ ਅਸੀਂ ਖਾਂਦੇ ਪਏ ਹਾਂ। ਅਜੇ ਸਾਡੀ ਵਿਅਕਤੀਗਤ ਤੌਰ 'ਤੇ ਭੋਜਨ ਖਾਣ ਦੀ ਖ਼ੁਰਾਕ ਮੌਜੂਦ ਹੈ, ਪਰ ਆਪਾਂ ਬਾਹਰ ਬੈਠੇ ਜਿਹੜੀ ਕਿਰਤ ਕਰਦੇ ਹਾਂ, ਜੇ ਕੋਈ ਪੁੱਛੇ ਕਿ ਕਿਸ ਲਈ ਕਰਦਾ ਹੈਂ, ਤਾਂ ਅਸੀਂ ਇਕੋ ਗੱਲ ਕਰਦੇ ਹਾਂ ਕਿ ਦਾਲ ਫੁਲਕਾ ਖਾਣਾ ਹੈ। ਜੇ ਕੋਈ ਪੁੱਛ ਲਵੇ ਕਿ ਦਾਲ ਫੁਲਕੇ ਜੋਗਾ ਰਾਸ਼ਨ ਤਾਂ ਤੇਰੇ ਘਰ ਵਿਚ ਹੈ ? ਤਾਂ ਕਹੇਗਾ ਕਿ ਨਹੀਂ, ਆਉਣ ਵਾਲੇ ਸਮੇਂ ਬਾਰੇ ਵੀ ਸੋਚਦੇ ਪਏ ਹਾਂ। ਲੋੜ ਦੀ ਚੀਜ਼ ਸਾਡੇ ਕੋਲ ਹੈ, ਪਰ ਪੁਰਸ਼ਾਰਥ ਸਾਡਾ ਆਉਣ ਵਾਲੇ ਸਮੇਂ ਲਈ ਹੈ ਕਿ ਜਿਹੜੇ ਆਉਣ ਵਾਲੇ ਦਿਨ ਹਨ, ਉਹ ਕਿਵੇਂ ਬਤੀਤ ਹੋਣਗੇ। ਵਿਅਕਤੀਗਤ ਤੌਰ 'ਤੇ ਸਾਡੇ ਕੋਲ ਅਨੇਕਾਂ ਸਹੂਲਤਾਂ ਹਨ, ਪਰ ਆਉਣ ਵਾਲੀਆਂ ਪੀੜ੍ਹੀਆਂ ਹਾਲਾਂਕਿ ਜਿਸ ਬੱਚੇ ਦਾ ਵਿਆਹ ਕਰਕੇ ਅਜੇ ਦੋ ਚਾਰ ਦਿਨ ਹੋਏ ਹਨ, ਉਸ ਦੇ ਘਰ ਸੰਤਾਨ ਦਾ ਨਾਮੋ-ਨਿਸ਼ਾਨ ਨਹੀਂ, ਪਰ ਉਸ ਦੀ ਸੰਤਾਨ ਲਈ ਵੀ ਅਸੀਂ ਸੋਚਦੇ ਪਏ ਹਾਂ ਕਿ ਕੱਲ ਨੂੰ ਉਹ ਕਿੱਥੋਂ ਖਾਣਗੇ। ਜਿਹੜਾ ਅਜੇ ਜੰਮਿਆ ਵੀ ਨਹੀਂ, ਉਸ ਦੀ ਸੋਚ ਤਾਂ ਸਾਨੂੰ ਫੁਰ ਗਈ, ਪਰ ਇਹ ਪਤਾ ਨਹੀਂ ਲੱਗਾ ਕਿ ਮਰ ਕੇ ਵੀ ਕਿਤੇ ਜਾਣਾ ਹੈ ਤੇ ਇਸ ਦੀ ਵੀ ਕੋਈ ਲੋੜ ਹੈ। ਪਿਆਰਿਓ ! ਕਦੀ ਇਹ ਵੀ ਸੋਚੀਏ ਕਿ ਇਸ ਅੰਦਰ ਵਾਲੇ ਦੀ ਜਿਹੜੀ ਲੋੜ ਹੈ, ਇਹ ਵੀ ਉੱਦਮ ਕਰ ਲੈ ਕਿ ਇਸ ਵਾਹਿਗੁਰੂ ਜੀ ਵਾਲੇ ਪਾਸੇ ਚਾਰ ਕਦਮ ਪੁੱਟ ਲੈ।

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ॥
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ॥

(ਅੰਗ ੯੬੫)

ਬਾਬਾ ਫ਼ਰੀਦ ਜੀ ਦਾ ਅਸੀਂ ਇਕ ਬਚਨ ਪੜ੍ਹਦੇ ਹਾਂ। ਸੂਹੀ ਰਾਗ ਦਾ ਇਕ ਬਚਨ ਹੈ। ਉਹਨਾਂ ਨੇ ਅੰਦਰ ਦੀ ਹੂਕ ਰਾਹੀਂ ਆਪਣੀ ਰਸਨਾ ਤੋਂ ਇਹ ਬਚਨ ਕਹੇ ਹਨ ਤੇ ਜਿਨ੍ਹਾਂ ਗੁਰਮੁਖਾਂ ਨੇ ਬਾਬਾ ਫ਼ਰੀਦ ਦੇ ਬਚਨ, ਇਕ-ਇਕ ਬਚਨ ਨੂੰ ਪੜ੍ਹਿਆ, ਉਹ ਖ਼ੁਦ ਮਹਿਸੂਸ ਕਰਨਗੇ ਕਿ ਉਸ ਮਹਾਂਪੁਰਸ਼ ਦੀ ਜ਼ਬਾਨ ਇੰਨੀ ਮਿੱਠੀ ਹੈ ਕਿ ਭਾਵੇਂ ਉਹ ਮੌਤ ਦੀ ਗੱਲ ਵੀ ਕਰਦੇ ਹਨ, ਪਰ ਉਸ ਦੇ ਵਿਚੋਂ ਝਿੜਕ ਪ੍ਰਤੀਤ ਨਹੀਂ ਹੁੰਦੀ। ਮੌਤ ਦੀ ਗੱਲ ਵਿਚੋਂ ਵੀ ਇੰਝ ਲੱਗਦਾ ਹੈ, ਜਿਵੇਂ ਮਿੱਠੀ ਸ਼ਬਦਾਵਲੀ ਵਿਚੋਂ ਸਾਨੂੰ ਮੌਤ ਚੇਤੇ ਪਏ ਕਰਾਉਂਦੇ ਹਨ। ਅਸੀਂ ਉਹਨਾਂ ਦੇ ਬੇਅੰਤ ਬਚਨ ਪੜ੍ਹਦੇ ਹਾਂ। ਉਹਨਾਂ ਦਾ ਪਹਿਲਾ ਬਚਨ ਹੀ ਇਹ ਹੈ ਕਿ -

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥

(ਅੰਗ ੧੩੭੭)

ਕਿਛੁ ਨ ਬੁਝੈ ਕਿਛੁ ਨ ਸੁਝੈ ਦੁਨੀਆ ਗੁਝੀ ਭਾਹਿ॥
ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ॥

(ਅੰਗ ੧੩੭੮)

ਪਿਆਰ ਪਿਆਰ ਨਾਲ ਹੀ ਉਹ ਸਮਝਾਈ ਜਾਂਦੇ ਹਨ ਕਿ-

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥

(ਅੰਗ ੧੩੭੯)

ਭਾਗਾਂ ਵਾਲੇ ਹਨ ਉਹ ਜਿਨ੍ਹਾਂ ਦੇ ਮਨ ਵਿਚ ਤਾਂ ਸੋਚ ਫੁਰੀ ਕਿ ਆਖ਼ਿਰ ਪ੍ਰਮਾਤਮਾ ਦੇ ਘਰ ਨੂੰ ਤੁਰਨਾ ਪੈਣਾ ਹੈ। ਇਹ ਗੱਲ ਵੱਖਰੀ ਹੈ ਕਿ ਵਿਅਕਤੀਗਤ ਤੌਰ 'ਤੇ ਕੋਈ ਜੰਗਲ ਨੂੰ ਚਲਾ ਗਿਆ, ਕੋਈ ਰੇਤਲੇ ਇਲਾਕੇ ਨੂੰ ਚਲਾ ਗਿਆ, ਕੋਈ ਗੁਫ਼ਾਵਾਂ ਨੂੰ ਚਲਾ ਗਿਆ, ਪਰ ਅੰਦਰ ਕਿਤੇ ਨਾ ਕਿਤੇ ਸੋਚ ਹੈ ਤੇ ਜੇ ਇਸ ਸੋਚ ਨੂੰ ਲੈ ਕੇ ਤੁਰਾਂਗੇ ਕਿ ਪ੍ਰਮਾਤਮਾ ਨੂੰ ਪਾਉਣਾ ਹੈ ਤਾਂ ਮੇਰਾ ਦਾਤਾ ਬੰਦੇ ਦਾ ਵਸੀਲਾ ਜ਼ਰੂਰ ਬਣਾਏਗਾ, ਜਿਥੇ ਉਸ ਨੂੰ ਜਾ ਕੇ ਸਹੀ ਮਾਰਗ ਦੀ ਪ੍ਰਾਪਤੀ ਹੋਵੇਗੀ।

ਬਾਬਾ ਲਹਿਣਾ ਜੀ ਤੁਰੇ ਹਨ ਆਤਮਕ ਸ਼ਾਂਤੀ ਲਈ। ਕਿੰਨੇ ਸਾਲ ਪਿਤਾ ਜੀ ਤੋਂ ਬਾਅਦ ਪੈਰਾਂ ਵਿਚ ਘੁੰਗਰੂ ਬੰਨ੍ਹ ਕੇ ਨੱਚਦੇ ਰਹੇ, ਜਾਗਰਨ ਕਰਦੇ ਰਹੇ, ਪਰ ਅੰਦਰ ਕਹਿ ਰਿਹਾ ਸੀ ਕਿ ਨਹੀਂ, ਤੇਰੀ ਮੰਜ਼ਿਲ ਇਹ ਨਹੀਂ। ਜਿਹੜਾ ਜਾਗਰਨ ਸੀ, ਉਹ ਕਿਸੇ ਸੁੱਖ ਦੀ ਖ਼ਾਤਰ ਸੀ। ਇਸ ਸਾਰੇ ਉੱਦਮ ਤੋਂ ਬਾਅਦ ਇਕ ਦਿਨ ਕੰਨਾਂ ਵਿਚ ਆਵਾਜ਼ ਪਈ ਸੀ-

ਜਿਤੁ ਸੇਵਿਐ ਸੁਖੁ ਪਾਈਐ ਸਾਹਿਬੁ ਸਦਾ ਸਮ੍ਾਲੀਐ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥

ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥
ਕਿਛੁ ਲਾਹੇ ਉਪਰਿ ਘਾਲੀਐ॥

(ਆਸਾ ਦੀ ਵਾਰ)

ਇਕ ਪਉੜੀ ਦੀ ਆਵਾਜ਼ ਕੰਨਾਂ ਵਿਚ ਪਈ ਬਾਬੇ ਨਾਨਕ ਦੀ ਤੇ ਨੱਚਣ ਵਾਲੇ ਨੇ ਆਪਣੇ ਮਨ ਨੂੰ ਗੁਰੂ ਦੇ ਚਰਨਾਂ ਵਿਚ ਸਮਰਪਿਤ ਕਰ ਦਿੱਤਾ। ਜੇ ਪਿਆਸ ਨਹੀਂ ਹੋਵੇਗੀ ਤਾਂ ਪਾਣੀ ਦੀ ਕੋਈ ਕਦਰ ਨਹੀਂ। ਜੇ ਰੱਬ ਨੂੰ ਮਿਲਣ ਦੀ ਪਿਆਸ ਨਹੀਂ ਹੋਵੇਗੀ ਤਾਂ ਅੰਮ੍ਰਿਤ ਬਾਣੀ ਤੇ ਰੱਬੀ ਪਿਆਰਿਆਂ ਦੀ ਸੰਗਤ ਦੀ ਕੋਈ ਕਦਰ ਨਹੀਂ। ਕਈ ਸਾਲ ਤੁਰੇ, ਪਰ ਅਠਾਈ ਸਾਲ ਦੀ ਉਮਰ ਵਿਚ ਬਾਬੇ ਨਾਨਕ ਦੇ ਘਰ ਵਿਚ ਪ੍ਰਵੇਸ਼ ਕੀਤਾ। ਬਾਬੇ ਅਮਰਦਾਸ ਜੀ ਨੇ ਆਪਣੀ ਜ਼ਿੰਦਗੀ ਦੇ ਛੇ ਦਹਾਕਿਆਂ ਦੇ ਕਰੀਬ ਸੱਠ ਸਾਲ ਤੋਂ ਵੱਧ ਸਮਾਂ ਉਹਨਾਂ ਨੇ ਲਾਇਆ। ਇਕ ਅੰਦਰ ਦੀ ਤੜਪ ਸੀ ਕਿ ਸ਼ਾਂਤੀ ਕਿਵੇਂ ਮਿਲੇ, ਉਸ ਦੀ ਪ੍ਰਾਪਤੀ ਕਿਵੇਂ ਹੋਵੇ। ਇਹ ਗੱਲ ਵੱਖਰੀ ਹੈ ਕਿ ਤੀਰਥ ਇਸ਼ਨਾਨ ਕਰਦੇ ਰਹੇ, ਗੰਗਾ ਜਾ ਕੇ ਦਾਨ ਪੁੰਨ ਕਰਦੇ ਰਹੇ, ਉਥੇ ਜਾ ਕੇ ਆਤਮਕ ਸੁੱਖ ਲਈ ਯਤਨ ਕਰਦੇ ਰਹੇ, ਪਰ ਸੱਠਵਿਆਂ ਤੋਂ ਉੱਪਰ ਟੱਪੇ ਬਾਬੇ ਦੇ ਪਵਿੱਤਰ ਕੰਨਾਂ ਵਿਚ ਜਿਸ ਦਿਨ ਇਹ ਆਵਾਜ਼ ਪਈ ਕਿ-

ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥

(ਅੰਗ ੯੯੦)

ਇਕ ਸ਼ਬਦ ਸੁਣਿਆ। ਉਸ ਸ਼ਬਦ ਨੇ ਕਿਹਾ ਕਿ ਇਸ ਦੇ ਵਿਚ ਬੜਾ ਸੁੱਖ ਹੈ। ਪ੍ਰਭੂ ਦੀ ਬਾਣੀ ਕੰਨਾਂ ਵਿਚ ਪਈ ਤੇ ਬਾਣੀ ਕੰਨਾਂ ਵਿਚ ਪੈਣ ਦੀ ਦੇਰ ਸੀ ਕਿ ਆ ਪਹੁੰਚੇ ਤੇ ਰੱਬ ਦੇ ਢੂੰਡਾਊ ਨੇ ਇਕ ਸਾਲ, ਦੋ ਸਾਲ ਨਹੀਂ, ਬਾਰ੍ਹਾਂ ਸਾਲ ਬਿਰਧ ਅਵਸਥਾ ਵਿਚ ਗਾਗਰ ਢੋਈ। ਗਾਗਰ ਦੇ ਨਾਲ ਲੋਕਾਂ ਦੇ ਕੁਬੋਲ ਸਹੇ। 12 ਸਾਲ ਦੀ ਮਿਹਨਤ, ਪ੍ਰਭੂ ਦੀ ਦਇਆ, 72 ਸਾਲ ਦੀ ਉਮਰ ਵਿਚ ਉਹ ਮਹਾਂਪੁਰਸ਼ ਗੁਰੂ ਬਣੇ ਤੇ ਪਿਆਰਿਉ ! ਆਤਮਕ ਸੁੱਖ ਲਈ ਉਹਨਾਂ ਨੇ ਆਵਾਜ਼ ਦੇ ਕੇ ਕਿਹਾ ਕਿ ਜੇ ਅੰਦਰ ਦਾ ਸੁੱਖ ਭਾਲਣਾ ਹੈ ਤਾਂ ਗੁਰੂ ਦੇ ਚਰਨਾਂ ਨਾਲ ਜੁੜ ਜਾ। ਗੁਰੂ ਤੋਂ ਬਿਨਾਂ ਆਤਮਕ ਮੰਜ਼ਿਲ ਦੀ ਪ੍ਰਾਪਤੀ ਨਹੀਂ।

ਬਾਬੇ ਫ਼ਰੀਦ ਜੀ ਨੇ ਸਾਨੂੰ ਜ਼ਿੰਦਗੀ ਦਾ ਮਕਸਦ ਸਮਝਾਉਣ ਲਈ ਆਪਣੀ ਮੁਬਾਰਕ ਰਸਨਾ ਤੋਂ ਅਨੇਕਾਂ ਬਚਨ ਕਹੇ। ਸੂਹੀ ਰਾਗ ਦਾ ਇਕ ਬਚਨ ਹੈ-

ਹੇ ਸਹੇਲੀਉ ! ਕਦੀ ਤੁਹਾਡੇ ਕੰਨਾਂ ਵਿਚ ਇਹ ਆਵਾਜ਼ ਸੁਣਾਈ ਨਹੀਂ ਦਿੱਤੀ ਕਿ ਪਿਆਰਾ ਸਹੁ ਉੱਚੀ-ਉੱਚੀ ਪੁਕਾਰਦਾ ਹੈ। ਸ਼ਬਦ ਹੈ -

ਕਹੈ ਫਰੀਦੁ ਸਹੇਲੀਹੋ ਸਹੁ ਅਲਾਏਗੀ॥
ਹੰਸੁ ਚਲਸੀ ਡੁੰਮਣਾ

ਡੁੰਮਣਾ ਦਾ ਅਰਥ ਹੈ ਦੁਬਿਧਾ ਵਿਚ। ਜਿਹੜਾ ਬੰਦਾ ਦੁਬਿਧਾ ਵਿਚ ਇਸ ਸੰਸਾਰ ਤੋਂ ਉੱਠ ਜਾਵੇ, ਨਾ ਭਗਵਾਨ ਮਿਲਿਆ ਤੇ ਨਾ ਉਸ ਨੂੰ ਮਾਇਆ ਮਿਲੀ। ਸਿਆਣੇ ਲੋਕ ਕਹਿੰਦੇ ਹਨ ਕਿ 'ਦੁਬਿਧਾ ਮਹਿ ਦੋਨੋਂ ਗਏ ਮਾਇਆ ਮਿਲੀ ਨਾ ਰਾਮ।' ਜਿਸ ਮਾਇਆ ਦੀ ਖ਼ਾਤਰ ਕੀਮਤੀ ਦਿਨ ਵਿਅਰਥ ਕੀਤੇ, ਅੰਤਲੇ ਸਮੇਂ ਇਕ ਟਕਾ ਵੀ ਨਾਲ ਨਾ ਨਿੱਭਿਆ। ਉਸ ਨੂੰ ਬਣਾਉਂਦਿਆਂ ਕਈ ਸਾਲ ਲੱਗ ਗਏ, ਪਰ ਚੇਤੇ ਰੱਖਿਉ, ਬੰਦੇ ਨੂੰ ਬਾਹਰ ਕੱਢਦਿਆਂ ਕਈ ਸਾਲ ਨਹੀਂ ਲੱਗਦੇ। ਇਕ ਸਾਹ ਬੰਦੇ ਦਾ ਬਾਹਰ ਕੀ ਨਿਕਲਿਆ, ਬੰਦਾ ਸਦਾ ਲਈ ਘਰੋਂ ਬਾਹਰ ਨਿਕਲ ਗਿਆ। ਬਾਬਾ ਜੀ ਕਹਿੰਦੇ ਹਨ ਕਿ ਜਿਹੜੇ ਦੁਬਿਧਾ ਵਿਚ ਇਥੋਂ ਕੂਚ ਕਰਦੇ ਹਨ, ਉਹਨਾਂ ਦੇ ਪੱਲੇ ਨਾ ਰੱਬ ਪਿਆ, ਨਾ ਸੰਸਾਰ ਪਿਆ।

ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥

(ਅੰਗ ੭੯੪)

ਹੰਸ ਦੁਬਿਧਾ ਵਿਚ ਜਾਏਗਾ ਤਾਂ ਇਹ ਜਿਹੜਾ ਤਨ ਲੈ ਕੇ ਬੈਠਾ ਹੈ, ਇਹ ਨਿੱਕੀ ਜਿਹੀ ਮਿੱਟੀ ਦੀ ਢੇਰੀ ਬਣ ਕੇ ਰਹਿ ਜਾਏਗੀ। ਉਹਨਾਂ ਆਰੰਭ ਵਿਚ ਸਾਨੂੰ ਝਿੰਜੋੜਦਿਆਂ ਬਚਨ ਕਹੇ ਕਿ –

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥

ਜਿਹੜਾ ਜ਼ਿੰਦਗੀ ਦਾ ਬੇੜਾ ਬੰਨ੍ਹਣ ਦਾ ਵੇਲਾ ਸੀ, ਉਹ ਬੰਨ੍ਹਿਆ ਨਹੀਂ।

ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥

(ਅੰਗ ੭੯੪)

ਸਰੋਵਰ ਭਰਿਆ ਗਿਆ ਤੇ ਛੱਲਕਣ ਲੱਗ ਪਿਆ। ਹੁਣ ਤਰ ਨਹੀਂ ਸਕੇਗਾ। ਦੇਖੋ ਕਬੀਰ ਜੀ ਦਾ ਇਕ ਬਚਨ ਬਹੁਤ ਪਿਆਰਾ ਹੈ। ਅਸੀਂ ਘਰ ਨੂੰ ਲੁੱਟਣ ਤੋਂ ਬਾਅਦ ਪਹਿਰੇਦਾਰ ਲੱਭਣ ਤੁਰ ਪੈਂਦੇ ਹਾਂ। ਘਰ ਦੇ ਸੜਨ ਤੋਂ ਬਾਅਦ ਖੂਹ ਪੁੱਟਣ ਤੁਰ ਪੈਂਦੇ ਹਾਂ। ਉਹ ਕਿਵੇਂ ?

ਕਬੀਰ ਸਾਹਿਬ ਨੇ ਦੋ ਪ੍ਰਮਾਣ ਦਿੱਤੇ। ਕਹਿੰਦੇ ਹਨ ਕਿ ਦੇਖੋ ਮੀਂਹ ਪਿਆ, ਰੁੱਤ ਆ ਗਈ ਬਰਸਾਤ ਦੀ। ਤੇਰੇ ਖੇਤ ਟੋਬੇ-ਛੱਪੜ-ਪਾਣੀ ਨਾਲ ਭਰੇ ਪਏ ਹਨ ਤੇ ਕਿੰਨੇ ਚੰਗੇ ਉਹ ਲੋਕ ਹਨ, ਜਿਨ੍ਹਾਂ ਨੂੰ ਆਪਣੇ ਖੇਤਾਂ ਦੀਆਂ ਵੱਟਾਂ ਉੱਚੀਆਂ ਕਰਨ ਦੀ ਜਾਚ ਹੈ। ਜਿਹੜੇ ਲੋਕ ਬੰਨ੍ਹ ਨਹੀਂ ਮਾਰਦੇ, ਜਿਹੜੇ ਲੋਕ ਪਾਣੀ ਨੂੰ ਇਕੱਠਿਆਂ ਨਹੀਂ ਕਰਦੇ, ਉਹਨਾਂ ਦੇ ਖੇਤਾਂ ਵਿਚ ਆਇਆ ਹੋਇਆ ਪਾਣੀ ਵੀ ਚਲਾ ਜਾਂਦਾ ਹੈ। ਪਰਤ ਕੇ ਖੇਤ ਖ਼ੁਸ਼ਕ ਤੇ ਸੁੱਕ ਜਾਂਦੇ ਹਨ। ਕਿਉਂ ਜੀ ? ਕਹਿਣ ਲੱਗੇ, ਇਹ ਮਹੀਨਾ ਪਾਣੀ ਬੰਨ੍ਹਣ ਦਾ ਸੀ, ਪਰ ਨਹੀਂ ਬੰਨ੍ਹਿਆ ਤੇ ਜਿਸ ਦਿਨ ਪਾਣੀ ਨਿਕਲ ਗਿਆ, ਤਲਾਬ ਖ਼ੁਸ਼ਕ ਹੋ ਗਿਆ ਤਾਂ ਉਸ ਵੇਲੇ ਆਪਣੇ ਹੱਥ

ਵਿਚ ਲੈ ਕੇ ਕਹੀ ਤੇ ਦਿਹਾੜੀਦਾਰ ਮਜ਼ਦੂਰ ਲਿਆ ਕੇ ਕਹਿਣ ਲੱਗਾ, ਲਿਆਉ ਤਲਾਬ ਦੇ ਚਾਰ ਚੁਫੇਰੇ ਬੰਨ੍ਹ ਮਾਰ ਦੇਈਏ। ਕਿਉਂ ? ਕਿਉਂਕਿ ਪਾਣੀ ਸਾਰਾ ਨਿਕਲ ਗਿਆ ਹੈ। ਕਹਿਣ ਲੱਗੇ, ਨਿਕਲਣ ਤੋਂ ਬਾਅਦ ਬੰਨ੍ਹ ਮਾਰਨ ਵਾਲਿਆ ! ਇਸ ਬੰਨ੍ਹ ਮਾਰਨ ਨਾਲ ਪਾਣੀ ਪੈਦਾ ਨਹੀਂ ਹੋਣਾ। ਜੇ ਬੰਨ੍ਹ ਮਾਰਨਾ ਸੀ ਤਾਂ ਉਦੋਂ ਮਾਰਦਾ, ਜਦੋਂ ਤਲਾਬ ਵਿਚ ਪਾਣੀ ਖਲੋਤਾ ਸੀ। ਗੁਰੂ ਗ੍ਰੰਥ ਸਾਹਿਬ ਦੇ ਬਚਨ ਹਨ –

ਸੂਕੇ ਸਰਵਰਿ ਪਾਲਿ ਬੰਧਾਵੈ

ਹੁਣ ਗੁਰਦੁਆਰਿਆਂ ਵਿਚ ਆਪ ਜੀ ਦੇਖਦੇ ਹੋ ਕਿੰਨੇ ਕੁ ਨੌਜਵਾਨ ਬੈਠੇ ਕਥਾ ਕੀਰਤਨ ਸੁਣਦੇ ਹਨ। ਕਿੰਨੇ ਕੁ ਨੌਜਵਾਨ ਬਾਣੀ ਪੜ੍ਹਦੇ ਹਨ। ਹਰ ਗੁਰੂ ਸਥਾਨ 'ਤੇ ਤੁਹਾਨੂੰ ਬਜ਼ੁਰਗ ਮਿਲਣਗੇ। ਕਿਉਂ ? ਕਿਉਂਕਿ ਅਸਲ ਵਿਚ ਜਿਸ ਵੇਲੇ ਸਰੋਵਰ ਸਾਂਭਣਾ ਹੈ, ਉਸ ਵੇਲੇ ਸਾਡੇ ਲੋਕ ਸਾਂਭ ਨਹੀਂ ਰਹੇ। ਜਦੋਂ ਜ਼ਿੰਦਗੀ ਦੀ ਤਾਕਤ ਦਾ ਸਰੋਵਰ ਸੁੱਕ ਜਾਂਦਾ ਹੈ ਤਾਂ ਉਦੋਂ ਕਈ ਵਾਰੀ ਅਸੀਂ ਪਾਲਾਂ ਬੰਨ੍ਹਣ ਤੁਰ ਪੈਂਦੇ ਹਾਂ। ਸਾਹਿਬ ਕਹਿਣ ਲੱਗੇ –

ਸੂਕੇ ਸਰਵਰਿ ਪਾਲਿ ਬੰਧਾਵੈ ਲੂਣੈ ਖੇਤਿ ਹਥ ਵਾਰਿ ਕਰੈ॥

(ਅੰਗ ੪੭੯)

ਪਿਆਰਿਉ ! ਖੇਤ ਉੱਜੜ ਗਿਆ ਤੇ ਉੱਜੜ ਕੇ ਲੋਕੀਂ ਵਾੜ ਕਰਨ ਆ ਗਏ। ਵਾੜਾਂ ਉਦੋਂ ਕਰੀਦੀਆਂ ਹਨ, ਜਦੋਂ ਫ਼ਸਲਾਂ ਹੋਣ। ਬੰਨ੍ਹ ਉਦੋਂ ਮਾਰੀਦੇ ਹਨ, ਜਦੋਂ ਪਾਣੀ ਹੋਵੇ । ਜਿਸ ਦਿਨ ਤੇਰਾ ਜਨਮ ਹੋਇਆ, ਉਸ ਦਿਨ ਤੇਰੇ ਕੋਲ ਫ਼ਸਲ ਵੀ ਸੀ ਤੇ ਕੋਲ ਪਾਣੀ ਵੀ ਸੀ, ਕਿੰਨਾ ਚੰਗਾ ਹੁੰਦਾ ਜੇ ਉਸ ਦਿਨ ਵਾੜ ਮਾਰਨ ਦੀ ਤੇ ਬੰਨ੍ਹ ਕਰਨ ਦੀ ਜਾਚ ਆ ਜਾਂਦੀ। ਬਾਬਾ ਜੀ ਨੇ ਕਿਹਾ –

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥ ੧॥
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥ ੧॥ ਰਹਾਉ॥
ਇਕ ਆਪੀਨ੍ਹੈ ਪਤਲੀ

ਇਕ ਤਾਂ ਭੋਲੀਏ ਜਿੰਦੇ ! ਤੂੰ ਕਮਜ਼ੋਰ ਹੈਂ–

ਸਹ ਕੇਰੇ ਬੋਲਾ॥
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ॥ ੨॥

(ਅੰਗ ੭੯੪)

ਜਿਹੜਾ ਦੁੱਧ ਇਕ ਵਾਰੀ ਚੋਇਆ ਗਿਆ, ਉਹ ਪਰਤ ਕੇ ਥਣ ਵਿਚੋਂ ਨਹੀਂ ਆ ਸਕਦਾ। ਜਿਹੜਾ ਜ਼ਿੰਦਗੀ ਦਾ ਸੁਆਸ ਇਕ ਵਾਰੀ ਬਾਹਰ ਨਿਕਲ ਗਿਆ, ਉਹ ਪਰਤ ਕੇ

ਨਹੀਂ ਆਉਣਾ। ਅੱਜ ਹਜ਼ੂਰ ਨੇ ਕਿਹਾ ਕਿ ਭਾਗਾਂ ਵਾਲੇ ਹਨ ਉਹ, ਜਿਨ੍ਹਾਂ ਨੇ ਇਹ ਮਾਰਗ ਤਾਂ ਚੁਣ ਲਿਆ ਕਿ ਅਸੀਂ ਪ੍ਰਮਾਤਮਾ ਦੇ ਘਰ ਨੂੰ ਜਾਣਾ ਹੈ ਤੇ ਕੋਈ ਜੰਗਲਾਂ ਨੂੰ ਤੁਰ ਪਿਆ, ਕੋਈ ਮਾਰੂਥਲ ਨੂੰ ਚਲਾ ਗਿਆ, ਕੋਈ ਪਹਾੜਾਂ ਦੀਆਂ ਕੰਧਰਾਂ ਵਿਚ ਬੈਠ ਗਿਆ। ਕੋਈ ਤੀਰਥ ਦੇ ਕਿਨਾਰੇ ਬੈਠ ਗਿਆ ਤੇ ਅੱਜ ਮੇਰੇ ਗੁਰੂ ਜੀ ਨੇ ਕਿਹਾ, ਦੇਖ, ਮਾਰੂਥਲ ਵਿਚ ਬੈਠੇ ਹੋਏ ਤੇਰੇ ਚਾਰ-ਚੁਫੇਰੇ ਰੇਤ ਘੁੰਮਦੀ ਹੋਵੇਗੀ। ਜੰਗਲ ਵਿਚ ਬੈਠਾ ਕੰਧ-ਮੂਲ ਖਾਏਂਗਾ, ਪਰ ਅੰਦਰ ਨੂੰ ਸੁੱਖ ਨਹੀਂ। ਜੇ ਤੂੰ ਸੁੱਖ ਚਾਹੁੰਦਾ ਹੈਂ ਤਾਂ ਉਹਨਾਂ ਰੱਬੀ ਪਿਆਰਿਆਂ ਨੂੰ ਪੁੱਛ, ਜਿਨ੍ਹਾਂ ਨੇ ਪਿਆਰੇ ਪ੍ਰੀਤਮ ਨੂੰ ਰੀਝਾ ਲਿਆ ਹੈ। ਪੁੱਛ ਉਹਨਾਂ ਕੋਲੋਂ ਜਾ ਕੇ ਪਿਆਰਾ ਕਿਵੇਂ ਮਿਲਦਾ ਹੈ। ਜਿਹੜੇ ਢੂੰਡਾਊ ਹਨ, ਉਹ ਆਵਾਜ਼ ਦੇ ਕੇ ਕਹਿੰਦੇ ਹਨ ਕਿ-

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥

(ਅੰਗ ੧੩੭੮)

ਆਤਮਕ ਪੰਧਾਊ ! ਬਾਹਰ ਕਿਥੇ ਤੁਰਿਆ ਫਿਰਦਾ ਹੈਂ ? ਜੰਗਲ ਵਿਚ ਕੰਡੇ ਹਨ, ਮੋੜੇ ਹਨ। ਰੱਬ ਤਾਂ ਤੇਰੇ ਹਿਰਦੇ ਵਿਚ ਵੱਸਦਾ ਹੈ। ਕਬੀਰ ਸਾਹਿਬ ਗਏ, ਉਹਨਾਂ ਨੇ ਕਿਹਾ ਕਿ ਪ੍ਰਮਾਤਮਾ ਮਿਲਿਆ ਤੇ ਨਾਲ ਹੀ ਉਹਨਾਂ ਦਾ ਬਚਨ ਅਸੀਂ ਪੜ੍ਹਦੇ ਹਾਂ-

ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥
ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ ॥

(ਅੰਗ ੧੩੭੫)

ਤੈਨੂੰ ਕਿਸ ਨੇ ਇਹ ਸੋਝੀ ਦੇ ਦਿੱਤੀ ਕਿ ਮੈਂ ਬਾਹਰ ਬੈਠਾ ਹਾਂ। ਕਹਿਣ ਲੱਗੇ, ਮਹਾਰਾਜ ! ਫਿਰ ਦੱਸੋ। ਅਗਲਾ ਬਚਨ ਹੈ-

ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ ॥
ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ ॥

(ਅੰਗ ੧੩੭੪)

ਰੱਬ ਦੀ ਬੰਦਗੀ ਕਰ, ਪ੍ਰਮਾਤਮਾ ਤੇਰੇ ਅੰਦਰ ਹੈ। ਗੁਰੂ ਰਾਮਦਾਸ ਜੀ ਦਾ ਇਕ ਬਚਨ ਆਉਂਦਾ ਹੈ। ਅਸੀਂ ਸਾਰੇ ਰੱਸ ਦੀ ਗੱਲ ਕਰਦੇ ਹਾਂ ਕਿ ਨਾਮ ਦਾ ਰੱਸ, ਸ਼ਬਦ ਦਾ ਰੱਸ। ਗੁਰੂ ਸਾਹਿਬ ਨੇ ਕਿਹਾ-

ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ

ਨਾਮ ਦਾ ਰੱਸ, ਅੰਮ੍ਰਿਤ ਦਾ ਰੱਸ ਜਿਹੜਾ ਅੱਤ ਦਾ ਭਲਾ ਹੈ, ਕਿਵੇਂ ਉਹ ਖਾਧਾ ਜਾ ਸਕਦਾ ਹੈ ?

ਕਿਤੁ ਬਿਧਿ ਮਿਲੈ ਰਸੁ ਖਾਇ॥

ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ॥

(ਅੰਗ ੪੧)

ਚੇਤੇ ਰੱਖੋ, ਗੁਰਮੁਖ ਦੀ ਸੰਗਤ ਤੋਂ ਬਿਨਾਂ, ਆਤਮਕ ਜੀਵਨ ਦੇ ਮਾਰਗ 'ਤੇ ਚੱਲਣ ਵਾਲੇ ਪਾਂਧੀ ਤੋਂ ਬਿਨਾਂ ਆਤਮਕ ਤਰੱਕੀ ਨਹੀਂ ਹੋ ਸਕਦੀ। ਇਹ ਗੱਲ ਵੱਖਰੀ ਹੈ ਕਿ ਅਟੁੱਟ ਵਿਸ਼ਵਾਸ ਪੂਰਬਲੀ ਕਮਾਈ ਦਾ ਢੇਰ ਲੈ ਕੇ ਆਏ ਤਾਂ ਗੱਲ ਵੱਖਰੀ ਹੈ। ਨਹੀਂ ਤਾਂ ਪਿਆਰਿਉ ! ਪੂਰੇ 'ਤੇ ਭਰੋਸਾ ਕਰਨ ਵਾਲਾ ਕੋਈ ਹੋਵੇ, ਉਸ ਦੀ ਸੰਗਤ ਦੀ ਤਾਂ ਸਾਨੂੰ ਜੁਗਤ ਸਮਝ ਆਵੇਗੀ।

ਇਤਿਹਾਸ ਦਾ ਅਸੀਂ ਇਕ ਨੁਕਤਾ ਪੜ੍ਹਦੇ ਹਾਂ। ਮਾਈ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਆ ਕੇ ਇਹੀ ਕਿਹਾ ਸੀ ਕਿ ਮੇਰੇ ਘਰ ਸੰਤਾਨ ਨਹੀਂ ਤੇ ਇਤਿਹਾਸਕਾਰਾਂ ਨੇ ਸ਼ਬਦ ਵੀ ਲਿਖੇ ਕਿ–

ਸੋਹਣੀਏ ਦਾੜੀਏ ਚਿਟੀਏ ਪਗੇ ਅਰਜ਼ ਕਰੇਨੀ ਆਂ ਗੁਰੂ ਹਰਿਗੋਬਿੰਦ ਅੱਗੇ।

ਨਾਉ ਸੁਲਖਣੀ ਪਿੰਡ ਮੇਰਾ ਚੱਬੇ ਅਫਲ ਜਾਂਦੀ ਨੂੰ ਕੋਈ ਤਾਂ ਫਲ ਲੱਗੇ।

ਜਿਸ ਦਿਨ ਅਰਦਾਸ ਕੀਤੀ ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਕਹਿ ਦਿੱਤਾ, ਮਾਈ ! ਤੇਰੇ ਭਾਗਾਂ ਵਿਚ ਸੰਤਾਨ ਨਹੀਂ। ਉਸ ਨੇ ਦੂਜੀ ਗੱਲ ਨਹੀਂ ਕਹੀ, ਚੁੱਪ ਕਰਕੇ ਆ ਗਈ। ਬਾਹਰ ਆ ਕੇ ਰੋਣ ਲੱਗ ਪਈ। ਭਾਈ ਗੁਰਦਾਸ ਜੀ ਨੇ ਪੁੱਛਿਆ ਮਾਈ, ਰੋਂਦੀ ਕਿਸ ਲਈ ਹੈਂ ? ਇਥੇ ਤਾਂ ਰੋਂਦੇ ਹੋਏ ਆਉਂਦੇ ਹਨ ਤੇ ਖ਼ੁਸ਼ੀਆਂ ਲੈ ਕੇ ਜਾਂਦੇ ਹਨ। ਪਹਿਲਾਂ ਮੈਂ ਤੈਨੂੰ ਆਈ ਨੂੰ ਵੇਖਿਆ, ਉਦੋਂ ਵੀ ਤੂੰ ਸੁਬਕਦੀ ਸੈਂ ਤੇ ਹੁਣ ਜਾਂਦੀ ਹੋਈ ਰੋਈ ਜਾਂਦੀ ਹੈ ? ਕਹਿਣ ਲੱਗੀ ਕਿ ਸੰਤਾਨ ਦੀ ਦੱਸ ਪਈ ਸੀ, ਇਸ ਦਰ ਤੋਂ ਮਿਲਦੀ ਹੈ। ਕਹਿਣ ਲੱਗੇ, ਤੂੰ ਅਰਦਾਸ ਕਰਦੀ। ਕਹਿਣ ਲੱਗੀ, ਅਰਦਾਸ ਕੀਤੀ, ਪਰ ਉਹਨਾਂ ਕਹਿ ਦਿੱਤਾ ਕਿ ਤੇਰੇ ਭਾਗਾਂ ਵਿਚ ਨਹੀਂ। ਵਿਸ਼ਵਾਸ ਵਾਲੇ ਨੇ ਕਿਹਾ, ਦੇਖ, ਤੈਨੂੰ ਅਰਦਾਸ ਕਰਨ ਦੀ ਜਾਚ ਹੀ ਨਹੀਂ ਆਈ।

ਸਤਿਗੁਰੁ ਮੇਰਾ ਪੁਰਖੁ ਬਿਧਾਤਾ॥

(ਅੰਗ ੧੧੪੨)

ਮੇਰਾ ਗੁਰੂ ਟੁੱਟੀ ਗਾਢਨਹਾਰ ਹੈ। ਮੇਰਾ ਗੁਰੂ ਦੁਈ ਸਰਾਈ ਦਾ ਆਪ ਮਾਲਕ ਹੈ।

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥

(ਅੰਗ ੨੮੬)

ਜਿਹੜਾ ਪਲਤ ਸਵਾਰਦਾ ਹੈ, ਕੀ ਉਹ ਹਲਤ ਦੇ ਸੁੱਖ ਨਹੀਂ ਦੇਵੇਗਾ ? ਤੈਨੂੰ ਵਿਸ਼ਵਾਸ ਕੋਈ ਨਹੀਂ। ਕਹਿਣ ਲੱਗੇ, ਹੁਣ ਜਾਈਂ ਤੇ ਜੇ ਕਹਿਣਗੇ ਕਿ ਨਹੀਂ ਭਾਗਾਂ ਵਿਚ ਤਾਂ ਆ ਕਲਮ ਭਿਉਂ ਕੇ ਸਿਆਹੀ ਨਾਲ ਸਾਹਮਣੇ ਕਰਕੇ ਕਹਿ ਦੇਵੀਂ ਕਿ ਜੇ ਉਥੇ ਨਹੀਂ

ਲਿਖਿਆ ਤਾਂ ਹੁਣ ਇਥੇ ਲਿਖ ਦਿਉ। ਉਸ ਮਾਈ ਦੇ ਘਰ ਸੱਤ ਪੁੱਤਰ ਹੋਏ। ਪ੍ਰਮਾਤਮਾ ਨੇ ਮੇਹਰ ਕੀਤੀ। ਪਿਆਰਿਉ ! ਵਿਸ਼ਵਾਸ ਤਾਂ ਹੈ ਨਾ। ਜੇ ਇਕ ਵਿਸ਼ਵਾਸ ਵਾਲਾ ਨਾ ਮਿਲਦਾ ਤਾਂ ਸ਼ਾਇਦ ਮਾਈ ਕਲਪ ਕੇ ਵਾਪਿਸ ਚਲੀ ਜਾਂਦੀ, ਕੋਈ ਗੱਲ ਨਹੀਂ ਬਣਦੀ। ਨਹੀਂ, ਵਿਸ਼ਵਾਸ ਪੈਦਾ ਕਰਨ ਲਈ ਵਿਸ਼ਵਾਸ ਕਰਨ ਵਾਲਿਆਂ ਦੀ ਸੰਗਤ ਚਾਹੀਦੀ ਹੈ। ਰੱਸ ਮਾਣਨ ਲਈ ਰੱਸ ਮਾਣਨ ਵਾਲਿਆਂ ਦੀ ਸੰਗਤ ਵਿਚੋਂ ਜੁਗਤ ਚਾਹੀਦੀ ਹੈ। ਪੁੱਛਿਆ ਗਿਆ-

ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ॥
ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ॥
ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ॥ ੧॥
ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ॥
ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ॥ ੧॥ ਰਹਾਉ॥
ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ॥

(ਅੰਗ ੪੧)

ਇਕੋ ਜੁਗਤ ਹੈ ਕਿ ਗੁਰੂ ਦਾ ਬਚਨ ਮੰਨ ਲੈ। ਮੰਨੇਂਗੀ ਤਾਂ ਹਰਿ ਰੱਸ ਦੀ ਪ੍ਰਾਪਤੀ ਹੋਵੇਗੀ। ਬਾਬਾ ਜੀ ਨੇ ਦੂਜਾ ਬਚਨ ਕਿਹਾ-

ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥
ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ॥

(ਅੰਗ ੧੭)

ਜੇ ਸ਼ਬਦ ਮੰਨੇਂ, ਸ਼ਬਦ ਨੂੰ ਸੁਣੇਂ ਤਾਂ ਤੈਨੂੰ ਪਿਆਰਾ ਮਿਲੇਗਾ। ਮੇਰੇ ਬਾਬੇ ਨਾਨਕ ਨੇ ਇਸ ਅਸਟਪਦੀ ਦੀ ਮੁਕੰਮਲਤਾ 'ਤੇ ਇਹ ਅੰਮ੍ਰਿਤ ਬਚਨ ਕਹੇ-

ਭੂਲੀ ਭੂਲੀ ਥਲਿ ਚੜਾ

ਆਤਮਕ ਜੀਵਨ ਤੋਂ ਖੁੰਝੀ ਹੋਈ, ਅੰਦਰ ਦੇ ਮਾਰਗ ਤੋਂ ਭੁੱਲੀ ਹੋਈ ਰੇਤਲੇ ਟਿੱਬਿਆਂ 'ਤੇ ਜਾ ਕੇ ਬੈਠ ਜਾਵਾਂ, ਪਰ ਉਥੇ ਵੀ ਟਿਕਾਅ ਨਹੀਂ। ਮੀਲਾਂ ਤੱਕ ਰੇਤ ਹੀ ਰੇਤ ਹੈ, ਥੱਲ ਹੀ ਥੱਲ ਹੈ, ਪਰ ਉਸ ਸੁੰਨਸਾਨ ਵਿਚ ਵੀ ਮੇਰੇ ਅੰਦਰ ਅਵਾਜ਼ਾਂ ਪਈਆਂ ਆਉਂਦੀਆਂ ਹਨ। ਬਾਹਰੋਂ ਕੋਈ ਆਦਮੀ ਨਹੀਂ ਬੋਲਦਾ, ਕੋਈ ਪੰਛੀ ਨਹੀਂ ਬੋਲਦਾ, ਕੋਈ ਪਸ਼ੂ ਨਹੀਂ ਬੋਲਦਾ, ਪਰ ਜਦੋਂ ਥੱਲ ਵਿਚ ਬੈਠਾ ਹਾਂ ਤਾਂ ਅੰਦਰ ਦੇ ਫ਼ੁਰਨਿਆਂ ਦੀਆਂ ਅਵਾਜ਼ਾਂ ਮੈਨੂੰ ਉਥੇ ਵੀ ਟਿੱਕਣ ਨਹੀਂ ਦਿੰਦੀਆਂ।

ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ॥

ਥੱਲ ਵਾਲੇ ਇਲਾਕੇ ਤੋਂ ਉਤਰ ਕੇ ਪਹਾੜੀਆਂ ਵਿਚ ਗਿਆ ਤਾਂ ਉਥੇ ਵੀ ਨਹੀਂ ਮਿਲਿਆ। ਕਹਿਣ ਲੱਗੇ, ਫਿਰ ਇਸ ਤੋਂ ਬਾਅਦ ਕੀ ਕੀਤਾ ?

ਬਨ ਮਹਿ ਭੂਲੀ ਜੇ ਫਿਰਾ

ਪਹਾੜਾਂ ਦੀਆਂ ਗੁਫਾਵਾਂ ਵਿਚ ਵੀ ਸ਼ਾਂਤੀ ਨਹੀਂ, ਫਿਰ ਜੰਗਲਾਂ ਨੂੰ ਤੁਰ ਪਈ। ਜੰਗਲ ਵਿਚ ਅਨੇਕਾਂ ਤਰ੍ਹਾਂ ਦੇ ਰੁੱਖ, ਅਨੇਕਾਂ ਤਰ੍ਹਾਂ ਦੇ ਜੀਵ-ਜੰਤੂ, ਪੰਛੀ, ਪਸ਼ੂ ਹਨ ਅਤੇ ਉਸ ਬਨ ਵਿਚ ਜਾ ਕੇ ਕਿਹੜਾ ਸੁੱਖ ਮਿਲ ਗਿਆ।

ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ॥

ਪਰ ਮੈਨੂੰ ਸਮਝ ਪੈ ਗਈ ਕਿ ਰੇਤ 'ਤੇ ਚਲੀ ਜਾਵਾਂ, ਟਿੱਬਿਆਂ 'ਤੇ ਚਲੀ ਜਾਵਾਂ, ਜੰਗਲ ਵਿਚ ਚਲੀ ਜਾਵਾਂ, ਕੰਧਰਾਂ ਵਿਚ ਚਲੀ ਜਾਵਾਂ, ਪਰ ਝੱਲੀਏ ਗੁਰੂ ਤੋਂ ਬਿਨਾਂ ਅੰਦਰ ਦੀ ਸਮਝ ਨਹੀਂ ਪੈਣੀ।

ਨਾਵਹੁ ਭੂਲੀ ਜੇ ਫਿਰਾ

ਹੇ ਪ੍ਰਭੂ ! ਜੇ ਤੁਹਾਡੇ ਨਾਮ ਤੋਂ, ਤੁਹਾਡੇ ਸਿਮਰਨ ਤੋਂ ਮੈਂ ਭੁੱਲ ਜਾਵਾਂ,

ਫਿਰਿ ਫਿਰਿ ਆਵਉ ਜਾਉ॥ ੭॥

ਜੇ ਨਾਮ ਤੋਂ ਵਿਛੁੰਨੀ ਰਹਿ ਗਈ, ਫਿਰ-ਫਿਰ ਆਵਾਂ ਤੇ ਜਾਵਾਂਗੀ, ਮੇਰੇ ਅੰਦਰ ਨੂੰ ਸ਼ਾਂਤੀ ਨਹੀਂ।

ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ॥

ਜਿਹੜੇ ਪ੍ਰਮਾਤਮਾ ਦੇ ਦਾਸ ਬਣ ਕੇ ਤੁਰ ਪਏ ਹਨ, ਉਹਨਾਂ ਨੂੰ ਜਾ ਕੇ ਪੁੱਛੋ। ਉਹਨਾਂ ਸੇਵਕਾਂ ਨੇ ਕੀ ਸਮਝਿਆ ?

ਰਾਜਨੁ ਜਾਣਹਿ ਆਪਣਾ

ਪ੍ਰਮਾਰਥ 'ਤੇ ਚੱਲਣ ਵਾਲੇ ਕਿਸੇ ਦੂਜੇ ਰਾਜੇ ਨੂੰ ਆਪਣਾ ਨਹੀਂ ਜਾਣਦੇ। ਉਹਨਾਂ ਨੇ ਪ੍ਰਮਾਤਮਾ ਰਾਜੇ ਨੂੰ ਆਪਣਾ ਜਾਣ ਲਿਆ।

ਦਰਿ ਘਰਿ ਠਾਕ ਨ ਹੋਇ॥

ਪ੍ਰਭੂ ਦੇ ਦਰ 'ਤੇ, ਪ੍ਰਭੂ ਦੇ ਘਰ ਵਿਚ ਉਹਨਾਂ ਦਾ ਰਾਹ ਰੋਕਣ ਵਾਲਾ ਕੋਈ ਨਹੀਂ। ਕਹਿੰਦੇ ਹਨ, ਜਦੋਂ ਪ੍ਰਮਾਤਮਾ ਦੇ ਪਿਆਰਿਆਂ ਨੂੰ ਪੁੱਛਿਆ ਤਾਂ ਉਹਨਾਂ ਕਿਹਾ ਕਿ ਫਿਰ ਸ਼ਬਦ ਦੀ ਕਮਾਈ ਕਰੋ, ਨਾਮ ਜਪੋ।

ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ॥ ੮॥

ਧੰਨ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਪ੍ਰਮਾਤਮਾ ਹਰ ਥਾਂ ਮੌਜੂਦ ਹੈ ਅਤੇ ਉਸ ਵਰਗਾ ਹੋਰ ਕੋਈ ਵੀ ਨਹੀਂ।

ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥

(ਅੰਗ ੬੬੭)

ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਿਉ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸੰਪਾਦਕ



ਭਾਈ ਪਰਮਜੀਤ ਸਿੰਘ ਖ਼ਾਲਸਾ
ਪ੍ਰਧਾਨ, ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ)

ਭਾਈ ਪਿੰਦਰਪਾਲ ਸਿੰਘ 'ਕਥਾ ਵਾਚਕ' ਦੀਆਂ ਛੱਪੀਆਂ ਹੋਰ ਪੁਸਤਕਾਂ



ISBN 81-7601-978-1
9 788176 019781